# ਹੁਕਮਨਾਮੇ

## ਗੁਰੂ ਸਾਹਿਬਾਨ, ਮਾਤਾ ਸਾਹਿਬਾਨ
## ਬੰਦਾ ਸਿੰਘ ਅਤੇ ਖ਼ਾਲਸਾ ਜੀ ਦੇ

ਸੰਪਾਦਕ

**ਗੰਡਾ ਸਿੰਘ**



ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਹੁਕਮਨਾਮੇ

ਗੁਰੂ ਸਾਹਿਬਾਨ, ਮਾਤਾ ਸਾਹਿਬਾਨ

ਬੰਦਾ ਸਿੰਘ ਅਤੇ ਖ਼ਾਲਸਾ ਜੀ ਦੇ


Guroo Naanak Sikh Sabhaa
6 Okeson Street
Plainsboro NJ 08536
Guroonaanaksikhsabhaa@gmail.


ਜਸਵੰਤ ਸਿੰਘ

ਸੰਪਾਦਕ

ਗੰਡਾ ਸਿੰਘ


ੴ
ਗੁਰੂ ਨਾਨਕ ਸਿਖ ਸਭਾ, ਇੰਕ.
E-mail : guroonaanaksikhsabhaa@gmail.com


ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਜਾਬ)

©
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

HUKAMNAME
Guru Sahibaan, Mata Sahibaan,
Banda Singh Ate Khalsa Ji De *(Punjabi)*
*by*
Ganda Singh

ISBN : 81-7380-589-X

ਰੀਪ੍ਰਿੰਟ : 2013
ਕਾਪੀਆਂ : 550
ਕੀਮਤ : 350-00

ਲੇਜ਼ਰ ਟਾਈਪਸੈਟਿੰਗ : ਜਗਦੀਸ਼ ਗ੍ਰਾਫਿਕਸ, ਪਟਿਆਲਾ

ਡਾ. ਏ. ਐਸ. ਚਾਵਲਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਅਤੇ
ਮੈਸਰਜ਼ ਪਰਲ ਬੁੱਕਸ ਪ੍ਰਾ. ਲਿਮ., ਪਟਿਆਲਾ ਦੁਆਰਾ ਮੁਦ੍ਰਿਤ ।

# ਮੁਖਬੰਦ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਪ੍ਰਕਾਸ਼ ਉਤਸਵ ਤੇ ਕਈ ਅਨਮੋਲ ਪੁਸਤਕਾਂ ਲਿਖਵਾਈਆਂ ਗਈਆਂ ਹਨ। ਪਬਲੀਕੇਸ਼ਨ ਕਮੇਟੀ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਨੇ ੫੨ ਕਿਤਾਬਾਂ ਤਿਆਰ ਕਰਵਾਉਣ ਦੀ ਇਕ ਲੰਬੀ ਚੌੜੀ ਸਕੀਮ ਤਿਆਰ ਕੀਤੀ ਸੀ। ਇਸ ਵਿਚੋਂ ਬਹੁਤ ਸਾਰੀਆਂ ਪੁਸਤਕਾਂ ਅੱਗੇ ਛਪ ਚੁੱਕੀਆਂ ਹਨ। ਇਹ ਪੁਸਤਕ, 'ਹੁਕਮਨਾਮੇ ਸ੍ਰੀ ਗੁਰੂ ਸਾਹਿਬਾਨ, ਮਾਤਾ-ਸਾਹਿਬਾਨ, ਬੰਦਾ ਸਿੰਘ ਅਤੇ ਖ਼ਾਲਸਾ ਜੀ' ਵੀ ਉਸੇ ਲੜੀ ਦਾ ਹੀ ਇਕ ਮਣਕਾ ਹੈ।

ਇਹ ਪੁਸਤਕ ਤਿਆਰ ਕਰਵਾਉਣ ਦੀ ਜ਼ਿੰਮੇਦਾਰੀ, ਪੰਜਾਬੀ ਯੂਨੀਵਰਸਿਟੀ ਦੇ 'ਪੰਜਾਬ ਇਤਿਹਾਸ ਅਧਿਐਨ ਵਿਭਾਗ' ਨੂੰ ਦਿਤੀ ਗਈ ਸੀ ਤੇ ਡਾਕਟਰ ਗੰਡਾ ਸਿੰਘ ਜੀ ਨੂੰ ਉਚੇਚੀ ਬੇਨਤੀ ਕੀਤੀ ਗਈ ਸੀ ਕਿ ਉਹ ਸਾਰਾ ਮਸਾਲਾ ਜਿਹੜਾ ਉਨ੍ਹਾਂ ਨੇ ਬੜੀ ਮਿਹਨਤ ਨਾਲ ਇਕੱਠਾ ਕੀਤਾ ਹੈ ਅਤੇ ਹੋਰ ਜੋ ਉਨ੍ਹਾਂ ਨੂੰ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਹੋਰ ਇਤਿਹਾਸਕ ਖੋਜੀਆਂ ਕੋਲੋਂ ਮਿਲ ਸਕੇ, ਨੂੰ ਕਿਤਾਬੀ ਰੂਪ ਵਿਚ ਇਸ ਮਹਾਨ ਸਮਾਰੋਹ ਦੇ ਸਮੇਂ ਛਾਪਣ ਦਾ ਪ੍ਰਬੰਧ ਕਰਨ। ਉਨ੍ਹਾਂ ਨੂੰ ਇਹ ਵੀ ਕਿਹਾ ਗਿਆ ਸੀ ਕਿ ਛਾਪਣ ਵੇਲੇ ਉਹ ਹਰ ਹੁਕਮਨਾਮੇ ਦਾ ਉਤਾਰਾ ਉਸ ਦੇ ਸਾਹਮਣੇ ਦੇਣ ਤਾਂ ਜੋ ਸ਼ਰਧਾਲੂ ਗੁਰ ਸਿੱਖ ਤੇ ਇਤਿਹਾਸਕ ਖੋਜੀ ਵੀ ਇਸ ਪੁਸਤਕ ਤੋਂ ਪੂਰਾ ਪੂਰਾ ਲਾਭ ਉਠਾ ਸਕਣ।

ਮੈਨੂੰ ਬੜੀ ਪ੍ਰਸੰਨਤਾ ਹੋਈ ਹੈ ਕਿ ਜਿਸ ਕੰਮ ਦੀ ਬਾਬਤ ਸਰਦਾਰ ਕਰਮ ਸਿੰਘ ਹਿਸਟੋਰੀਅਨ, ਸਰਦਾਰ ਹੀਰਾ ਸਿੰਘ ਦਰਦ ਅਤੇ ਹੋਰ ਪ੍ਰਸਿੱਧ ਸਿੱਖ-ਇਤਿਹਾਸ ਦੇ ਪ੍ਰੇਮੀ ਕਈ ਚਿਰਾਂ ਤੋਂ ਸੁਪਨਾ ਵੇਖ ਰਹੇ ਸਨ, ਉਹ ਹੁਣ ਪੂਰਾ ਹੋ ਰਹਿਆ ਹੈ। ਇਸ 'ਇਤਿਹਾਸਕ' ਰਚਨਾ ਰਾਹੀਂ ਸਿੱਖ ਕੌਮ ਦੀ 'ਬਹੁਮੁੱਲੀ ਦੌਲਤ' ਪਾਠਕਾਂ ਸਾਹਮਣੇ ਪੇਸ਼ ਕੀਤੀ ਜਾ ਰਹੀ ਹੈ।

ਇਸ ਪੁਸਤਕ ਵਿਚ ਕੁਲ ੮੯ ਨਿਸ਼ਾਨ ਤੇ ਹੁਕਮਨਾਮੇ ਇਕੱਠੇ ਕੀਤੇ ਗਏ ਹਨ। ਇਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਤੇ ਨਿਸ਼ਾਨ ਹਨ। ਜਿਨ੍ਹਾਂ ਦੀ ਗਿਣਤੀ ੩੪ ਹੈ। ਇਸ ਤੋਂ ਘੱਟ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮੇ ਹਨ, ਜਿਨ੍ਹਾਂ ਦੀ ਗਿਣਤੀ ੨੨ ਹੈ। ਇਨ੍ਹਾਂ ਹੁਕਮਨਾਮਿਆਂ ਦੀ ਸ਼ੈਲੀ ਦੀਆਂ ਕੁਝ ਵਿਸ਼ੇਸ਼ਤਾਵਾਂ ਹਨ। ਇਨ੍ਹਾਂ ਦਾ ਆਰੰਭ ੧ਓ ਗੁਰੂ ਸਤਿ, ੧ਓ ਸਤਿਗੁਰੂ ਜਾਂ ੧ਓ ਸਤਿਗੁਰੂ ਜੀਓ ਨਾਲ ਕੀਤਾ ਜਾਂਦਾ ਸੀ, ਫਿਰ ਸੰਗਤ ਦੇ ਮੁਖੀਆਂ ਦੇ ਨਾਂ ਅਤੇ ਗੁਰੂ ਸਾਹਿਬ ਦੀ ਅਸੀਸ "ਗੁਰੂ ਗੁਰੂ ਜਪਨਾ, ਜਨਮ ਸੰਵਰੇਗਾ" ਤੇ ਕੁਝ ਹੋਰ ਹਦਾਇਤਾਂ

ਦਿੱਤੀਆਂ ਜਾਂਦੀਆਂ ਸਨ। ਉਸ ਤੋਂ ਅੱਗੇ ਉਸ ਵਿਸ਼ੇ ਦਾ ਵਰਣਨ ਹੁੰਦਾ ਜਿਸ ਦੀ ਖ਼ਾਤਰ ਹੁਕਮਨਾਮਾ ਲਿਖਿਆ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਅਖ਼ੀਰਲੇ ਹੁਕਮਨਾਮਿਆਂ ਦਾ ਵਿਸ਼ੇਸ਼ ਲੱਛਣ ਇਹ ਹੈ ਕਿ ਉਨ੍ਹਾਂ ਵਿੱਚ ਉਨ੍ਹਾਂ ਦੀ ਸਪੱਸ਼ਟ ਹਦਾਇਤ ਮਿਲਦੀ ਹੈ ਕਿ ਸੰਗਤ ਜੋ ਚੀਜ਼ ਵੀ ਉਨ੍ਹਾਂ ਨੂੰ ਭੇਜੇ, ਉਹ ਮਸੰਦਾਂ ਰਾਹੀਂ ਨਹੀਂ ਸਗੋਂ ਆਪ ਸਿੱਧੀ ਲਿਆਵੇ ਜਾਂ ਫਿਰ ਹੁੰਡੀ ਕਰਵਾ ਕੇ ਭੇਜੇ।

ਡਾਕਟਰ ਗੰਡਾ ਸਿੰਘ ਨੇ ਇਨ੍ਹਾਂ ਹੁਕਮਨਾਮਿਆਂ ਦੀ ਭੂਮਿਕਾ ਵਿਚ ਆਪਣੇ ਸੰਪਾਦਕੀ ਵਿਚਾਰ ਪ੍ਰਗਟ ਕਰਦਿਆਂ ਇਕ ਦੋ ਇਤਿਹਾਸਕ ਸਵਾਲ 'ਖ਼ਾਲਸਾ' ਸ਼ਬਦ ਦੇ ਉਤੇ ਉਠਾਏ ਹਨ। ਨਿਰਸੰਦੇਹ ਇਹ ਬੜੇ ਜ਼ਰੂਰੀ ਸਵਾਲ ਹਨ, ਪਰ ਇਨ੍ਹਾਂ ਉਤੇ ਹੋਰ ਖੋਜ ਤੇ ਹੋਰ ਅਧਿਐਨ ਦੀ ਬੜੀ ਲੋੜ ਹੈ। ਮੇਰਾ ਖ਼ਿਆਲ ਹੈ ਕਿ ਜਿੰਨਾ ਚਿਰ ਹੋਰ ਸੋਮਿਆਂ ਨੂੰ ਚੰਗੀ ਤਰ੍ਹਾਂ ਘੋਖਿਆ ਜਾਂ ਪੜਤਾਲਿਆ ਨਹੀਂ ਜਾਂਦਾ, ਉਨਾ ਚਿਰ ਤਕ ਇਹ ਠੀਕ ਨਹੀਂ ਹੋਵੇਗਾ ਕਿ ਅਸੀਂ ਮੰਨੀਆਂ ਪ੍ਰਮੰਨੀਆਂ ਲੀਹਾਂ ਨੂੰ ਠੀਕ ਨਾ ਸਮਝੀਏ।

ਮਈ ੧, ੧੯੬੭,
ਪਟਿਆਲਾ।

ਕਿਰਪਾਲ ਸਿੰਘ ਨਾਰੰਗ
ਵਾਈਸ-ਚਾਂਸਲਰ
ਪੰਜਾਬੀ ਯੂਨੀਵਰਸਿਟੀ।

# ਸੰਪਾਦਕ ਵਲੋਂ

ਗੁਰੂ ਸਾਹਿਬਾਂ ਦੇ ਹੁਕਮਨਾਮਿਆਂ ਦੀ ਧਾਰਮਕ ਮਾਨਤਾ ਤਾਂ ਸ਼ੁਰੂ ਤੋਂ ਹੀ ਬਹੁਤ ਸੀ ਅਤੇ ਜਦ ਵੀ ਮੇਵੜਾ ਕਿਸੇ ਗੁਰੂ ਸਾਹਿਬ ਦਾ ਹੁਕਮਨਾਮਾ ਲੈ ਕੇ ਕਿਸੇ ਸੰਗਤ ਦੇ ਟਿਕਾਣੇ ਪੁਜਦਾ ਸੀ ਤਾਂ ਓਥੇ ਦੀ ਸਾਰੀ ਸੰਗਤ ਇਕੱਠੀ ਹੋ ਕੇ ਉਸ ਦਾ ਸੁਆਗਤ ਕਰਦੀ ਸੀ ਅਤੇ ਸੰਗਤ ਦਾ ਮੁਖੀਆ ਖੜਾ ਹੋ ਕੇ ਬੜੇ ਸਤਿਕਾਰ ਨਾਲ ਨਿੰਵ ਕੇ ਹੁਕਮਨਾਮਾ ਲੈਂਦਾ ਸੀ ਅਤੇ ਆਪਣੇ ਸਿਰ ਪਰ ਰਖ ਕੇ ਸੰਗਤ ਵਿਚ ਹਾਜ਼ਰ ਹੁੰਦਾ ਅਤੇ ਸਭ ਨੂੰ ਵਾਚ ਕੇ ਸੁਣਾਉਂਦਾ ਸੀ। ਆਮ ਤੌਰ ਤੇ ਸੰਗਤ ਦਾ ਮੁਖੀਆ ਇਨ੍ਹਾਂ ਨੂੰ ਬੜੇ ਸਤਿਕਾਰ ਨਾਲ ਆਪਣੇ ਪਾਸ ਰਖਦਾ ਸੀ ਜਾਂ ਉਥੇ ਦੀ ਧਰਮਸਾਲਾ (ਗੁਰਦੁਆਰੇ) ਵਿਚ ਖ਼ਾਸ ਸੁਰੱਖਿਅਤ ਥਾਂ ਤੇ ਰਖਦਾ ਸੀ ਅਤੇ ਖ਼ਾਸ ਮੌਕਿਆਂ ਪੁਰ ਸੰਗਤਾਂ ਨੂੰ ਦਰਸ਼ਨ ਕਰਵਾਉਂਦਾ ਸੀ। ਇਸ ਵਿਚ ਲਿਖੇ ਗੁਰੂ ਸਾਹਿਬ ਦੇ ਹੁਕਮ ਨੂੰ ਹਰ ਸਿੱਖ ਸਿਰ ਮੱਥੇ ਮੰਨਦਾ ਸੀ ਅਤੇ ਫ਼ਰਮਾਇਸ਼ ਦੀ ਪਾਲਨਾ ਵਿਚ ਹਿੱਸਾ ਪਾਉਣਾ ਆਪਣਾ ਧਾਰਮਕ ਫ਼ਰਜ਼ ਸਮਝਦਾ ਸੀ। ਇਨ੍ਹਾਂ ਹੁਕਮਨਾਮਿਆਂ ਰਾਹੀਂ ਜਿਥੇ ਗੁਰੂ ਸਾਹਿਬਾਂ ਅਤੇ ਬਾਹਰਲੀਆਂ ਸਿੱਖ ਸੰਗਤਾਂ ਵਿਚ ਸੰਬੰਧ ਬਣੇ ਰਹਿੰਦੇ ਸਨ, ਓਥੇ ਗੁਰੂ ਕੇ ਘਰ, ਲੰਗਰ ਆਦਿ ਵਿਚ ਕਦੀ ਥੁੜ ਨਹੀਂ ਸੀ ਆਉਂਦੀ ਅਤੇ ਵੇਲੇ ਕੁਵੇਲੇ ਦੀਆਂ ਹੋਰ ਸਭ ਲੋੜਾਂ ਪੂਰੀਆਂ ਹੁੰਦੀਆਂ ਰਹਿੰਦੀਆਂ ਹਨ। ਗੁਰੂ ਕੇ ਲੰਗਰ ਲਈ ਰਸਦਾਂ, ਧਰਮ ਅਸਥਾਨਾਂ ਦੀ ਉਸਾਰੀ ਲਈ ਮਾਇਆ, ਥਾਉਂ ਥਾਈਂ ਦੀਆਂ ਸੰਗਤਾਂ ਦੀਆਂ ਲੋੜਾਂ ਲਈ ਸਹਾਇਤਾ, ਜੁੱਧਾਂ ਜੰਗਾਂ ਲਈ ਜੰਗੀ ਹਾਥੀ, ਹਥਿਆਰ ਅਤੇ ਅਸਵਾਰਾਂ ਆਦਿ ਲਈ ਜਦ ਵੀ ਫ਼ਰਮਾਇਸ਼ ਹੁੰਦੀ ਸੀ ਤਾਂ ਦੂਰੋਂ ਨੇੜਿਉਂ ਹਰ ਥਾਂ ਤੋਂ ਸਭ ਕੁਝ ਪੁੱਜ ਜਾਂਦਾ ਸੀ ਅਤੇ ਗੁਰੂ ਕੇ ਖ਼ਜ਼ਾਨੇ ਸਦਾ ਭਰਪੂਰ ਰਹਿੰਦੇ ਸਨ। ਪਰ ਇਹ ਗੱਲ ਤਾਂ ਉਸ ਸਮੇਂ ਦੀ ਹੀ ਸੀ। ਸਮਾਂ ਬੀਤ ਜਾਣ ਨਾਲ ਇਹ ਹੁਕਮਨਾਮੇ ਧਾਰਮਕ ਮਾਨਤਾ ਦੇ ਨਾਲੋ ਨਾਲ ਇਤਿਹਾਸਕ ਵਿਸ਼ੇਸ਼ਤਾ ਵਾਲੀਆਂ ਲਿਖਤਾਂ ਵੀ ਬਣ ਗਏ ਅਤੇ ਆਪਣੇ ਸਮੇਂ ਦੇ ਇਤਿਹਾਸ ਲਈ ਵੱਡ-ਮੁੱਲੇ ਮੂਲ-ਸੋਮੇ ਹੋ ਗਏ। ਕਾਸ਼, ਕਿ ਇਹ ਸਾਰਿਆਂ ਦੇ ਸਾਰੇ ਜਾਂ ਬਹੁਤ ਸਾਰੇ ਹੁਕਮਨਾਮੇ ਹੁਣ ਤਕ ਕਾਇਮ ਰਹਿ ਗਏ ਹੁੰਦੇ ਅਤੇ ਪੰਜਾਬ ਦਾ ਇਤਿਹਾਸ ਲਿਖੇ ਜਾਣ ਵਿਚ ਸਹਾਈ ਹੁੰਦੇ। ਪਰ ਹਰ ਚੀਜ਼ ਮਨੁੱਖ ਦੀ ਆਪਣੀ ਮਰਜ਼ੀ ਅਨੁਸਾਰ ਨਹੀਂ ਹੁੰਦੀ।

ਬਹੁਤ ਸਾਰੇ ਹੁਕਮਨਾਮਿਆਂ ਦੇ ਅਲੋਪ ਹੋ ਜਾਣ ਦੇ ਦੋ ਖ਼ਾਸ ਵੱਡੇ ਕਾਰਣ ਹਨ। ਪਹਿਲਾਂ ਤਾਂ ਇਹ ਕਿ ਸਤਾਰ੍ਹਵੀਂ ਸਦੀ ਦੇ ਅੰਤ ਅਤੇ ਅਠਾਰ੍ਹਵੀਂ ਦੇ ਸ਼ੁਰੂ ਵਿਚ ਜਦ ਕਈ ਇਕ ਮਸੰਦਾਂ ਦੇ ਕੁਰਾਹੇ ਪੈ ਜਾਣ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਨ੍ਹਾਂ ਦੀ ਪ੍ਰਥਾ ਅਤੇ

ਵਿਚੋਲਗੀਰੀ ਬੰਦ ਕਰਨੀ ਪੈ ਗਈ ਤਾਂ ਇਨ੍ਹਾਂ ਦੀ, ਜੋ ਕਈ ਥਾਈਂ ਸੰਗਤਾਂ ਦੇ ਮੁਖੀ ਵੀ ਸਨ, ਪਿਛਲੇ ਹੁਕਮਨਾਮੇ ਸੰਭਾਲ ਕੇ ਰੱਖਣ ਲਈ ਦਿਲਚਸਪੀ ਘਟ ਗਈ ਅਤੇ ਹੌਲੀ-ਹੌਲੀ ਬਾਅਦ ਦੀਆਂ ਨਸਲਾਂ ਵਿਚ ਲਗਭਗ ਖ਼ਤਮ ਹੀ ਹੋ ਗਈ, ਜਿਸ ਦਾ ਨਤੀਜਾ ਇਹ ਹੋਇਆ ਕਿ ਇਨ੍ਹਾਂ ਦੇ ਖ਼ਾਨਦਾਨਾਂ ਪਾਸ ਦੇ ਹੁਕਮਨਾਮੇ ਉੱਕੇ ਹੀ ਅਲੋਪ ਹੋ ਗਏ।

ਦੂਸਰਾ ਕਾਰਣ ਹੁਕਮਨਾਮਿਆਂ ਦੇ ਅਲੋਪ ਹੋਣ ਦਾ ਸੀ ਅਠਾਰ੍ਹਵੀਂ ਸਦੀ ਦੇ ਪਹਿਲੇ ਛੇ ਦਹਾਕਿਆਂ ਵਿਚ ਦੇਸ਼ ਦੀ ਬਿਖੜੀ ਰਾਜਸੀ ਹਾਲਤ, ਜੋ ਸੰਨ ੧੭੧੦ ਤੋਂ ਲੈ ਕੇ ੧੭੬੪ ਤਕ ਜ਼ਿਆਦਾ ਚਿੰਤਾ-ਜਨਕ ਰਹੀ। ੧੦ ਦਸੰਬਰ ਸੰਨ ੧੭੧੦ ਈ. (੨੯ ਸ਼ੱਵਾਲ ਸੰਨ ੪ ਬਹਾਦੁਰ ਸ਼ਾਹੀ, ੧੧੨੨ ਹਿਜਰੀ) ਨੂੰ ਬੰਦਾ ਸਿੰਘ ਬਹਾਦਰ ਦੇ ਵਿਰੁਧ ਮੁਹਿੰਮ ਪਰ ਚੜ੍ਹੇ ਹੋਏ ਬਹਾਦੁਰ ਸ਼ਾਹ ਬਾਦਸ਼ਾਹ ਨੇ ਸਿੱਖਾਂ ਦੇ ਵਿਰੁੱਧ ਕਤਲਿਆਮ ਦੇ ਹੁਕਮ ਕਰ ਦਿਤੇ ਸਨ ਕਿ ਜਿਥੇ ਕਿਧਰੇ ਵੀ ਸਿੱਖ ਮਿਲ ਜਾਣ ਕਤਲ ਕਰ ਦਿਤੇ ਜਾਣ (ਅਖ਼ਬਾਰਿ-ਦਰਬਾਰਿ-ਮੁਅੱਲਾ), ਰਾਜਸਥਾਨ ਸਟੇਟ ਆਰਕਾਈਵਜ਼, ਬੀਕਾਨੇਰ)। ਇਸੇ ਹੁਕਮ ਨੂੰ ਬਾਦਸ਼ਾਹ ਫ਼ਰਖੁਸੀਅਰ ਨੇ ਸੰਨ ੧੭੧੬ ਵਿਚ ਬੰਦਾ ਸਿੰਘ ਅਤੇ ਉਸ ਦੇ ਅੱਠ ਸੌ ਦੇ ਲਗਭਗ ਸਾਥੀ ਸਿੱਖਾਂ ਦੇ ਦਿੱਲੀ ਵਿਚ ਕਤਲ ਤੋਂ ਬਾਦ ਮੁੜ ਦੋਹਰਾਇਆ ਕਿ ਜਿਥੇ ਵੀ ਇਸ ਧਰਮ ਦੇ ਲੋਕ ਮਿਲਣ ਬਿਨਾਂ ਪੁੱਛ-ਗਿੱਛ ਦੇ ਕਤਲ ਕਰ ਦਿਤੇ ਜਾਣ - ਹਰ ਜਾ ਕਿ ਈਂ ਫ਼ਿਰਕਾ ਰਾ ਯਾਬੰਦ ਬੇ-ਤਅੱਮਲ ਬ-ਕੁਸ਼ੰਦ (ਮਿਫ਼ਤਾਹ-ਉ-ਤਵਾਰੀਖ, ੩੯੮)। ਬਾਦਸ਼ਾਹ ਮੁਹੰਮਦ ਸ਼ਾਹ ਵੇਲੇ ਲਾਹੌਰ ਦੇ ਹਾਕਮਾਂ ਅਬਦੁ-ਸਮੱਦ ਖ਼ਾਨ, ਜ਼ਕਰੀਆ ਖ਼ਾਨ ਅਤੇ ਯਾਹੀਆ ਖ਼ਾਨ ਦੇ ਵੇਲੇ ਤਾਂ ਸਿੱਖਾਂ ਦੇ ਭਾ ਦੀ ਬਣੀ ਹੋਈ ਸੀ। ਬਾਦਸ਼ਾਹੀ ਫ਼ੌਜਾਂ ਉਨ੍ਹਾਂ ਨੂੰ ਟੋਲ ਟੋਲ ਕੇ ਫੜਦੀਆਂ ਅਤੇ ਤਸੀਹੇ ਦੇ ਦੇ ਕੇ ਮਾਰਦੀਆਂ ਸਨ। ਅਹਿਮਦ ਸ਼ਾਹ ਦੇ ਵੇਲੇ ਲਾਹੌਰ ਦੇ ਹਾਕਮ ਮੀਰ ਮੰਨੂ (ਮੁਹੱਈਨੁਲ-ਮੁਲਕ) ਨੇ ਤਾਂ ਅੱਤ ਹੀ ਚੁਕ ਲਈ ਸੀ ਅਤੇ ਸਿੱਖਾਂ ਦਾ ਬਾਕਾਇਦਾ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਕਤਲਾਮਾਂ ਵਿਚ ਹਜ਼ਾਰਾਂ ਹੀ ਸਿੱਖ, ਬੱਚੇ, ਬੁੱਢੇ ਅਤੇ ਜਵਾਨ ਮਾਰੇ ਗਏ। ਅਜਿਹੇ ਹਾਲਾਤ ਵਿਚ ਜਦ ਕਿ ਅਨੇਕਾਂ ਉਘੇ ਉਘੇ ਖ਼ਾਨਦਾਨ ਮਲੀਆ ਮੇਟ ਹੋ ਗਏ ਅਤੇ ਕਈ ਧਰਮ ਅਸਥਾਨ ਬਰਬਾਦ ਹੋ ਗਏ, ਇਨ੍ਹਾਂ ਪਾਸ ਹੁਕਮਨਾਮੇ ਕੀ ਬਚਣੇ ਸਨ? (ਮੈਲਕਮ, ਸਕੈੱਚ ਔਫ਼ ਦੀ ਸਿਖਸ, ੮੫; ਹਿਸਟਰੀ ਔਫ਼ ਦੀ ਪੰਜਾਬ, ੧੯੩; ਰਿਸਾਲਾ-ਇ-ਸਾਹਿਬ ਨੁਮਾ, ੧੯੮-੨੦੦; ਹਿਸਟਰੀ ਔਫ਼ ਗੁਰਦੁਆਰਾ ਸ਼ਹੀਦ ਗੰਜ, ਲਾਹੌਰ, ੧-੧੪)। ਪੰਜਾਬ ਤੋਂ ਬਾਹਰ ਸਿੱਖਾਂ ਪਰ ਚੂੰਕਿ ਇਸ ਪਰਕਾਰ ਦੇ ਕੋਈ ਝੱਖੜ ਨਹੀਂ ਸਨ ਝੁੱਲੇ, ਇਸ ਲਈ ਪੂਰਬ ਵਿਚ ਜ਼ਰੂਰ ਕੁਝ ਹੁਕਮਨਾਮੇ ਬਚ ਰਹੇ। ਪਰ ਉਥੋਂ ਵੀ ਸਾਰੇ ਨਹੀਂ ਮਿਲੇ। ਕੁਝ ਤਾਂ ਸਮੇਂ ਦੇ ਗੇੜ ਨਾਲ ਉਥੇ ਵੀ ਜ਼ਾਇਆ ਹੋ ਗਏ ਜਾਪਦੇ ਹਨ ਅਤੇ ਕਈਆਂ ਦਾ ਪਤਾ ਵੀ ਨਹੀਂ ਲੱਗਾ ਹੋਣਾ, ਇਸ ਲਈ ਉਨ੍ਹਾਂ ਦੀਆਂ ਫੋਟੋਗ੍ਰਾਫ ਜਾਂ ਨਕਲਾਂ ਨਹੀਂ ਲਈਆਂ ਜਾ ਸਕੀਆਂ।

ਪੰਜਾਬ ਦੇ ਇਤਿਹਾਸ ਸੰਬੰਧੀ ਮਸਾਲਾ, ਫ਼ਾਰਸੀ ਅਤੇ ਪੰਜਾਬੀ ਲਿਖਤੀ ਅਤੇ ਛਪੀਆਂ ਪੁਸਤਕਾਂ, ਪਟੇ, ਤਸਵੀਰਾਂ, ਵਹੀਆਂ ਦੇ ਲੇਖ, ਸਰਕਾਰੀ ਅਤੇ ਗ਼ੈਰ-ਸਰਕਾਰੀ

ਮੁਨਸ਼ੀ-ਖ਼ਾਨਿਆਂ ਅਤੇ ਲਾਇਬ੍ਰੇਰੀਆਂ ਵਿਚ ਪਈਆਂ ਲਿਖਤਾਂ ਆਦਿ ਦੀਆਂ ਨਕਲਾਂ ਅਤੇ ਹੋਰ ਯਾਦਗਾਰੀ ਵਸਤਾਂ ਇਕੱਠੀਆਂ ਕਰਨ ਦਾ ਖ਼ਿਆਲ ਤਾਂ ਭਾਵੇਂ ਪੰਜਾਹ ਸਾਲ ਤੋਂ ਉਪਰ ਦਾ ਚਲਿਆ ਜਾ ਰਿਹਾ ਹੈ, ਪਰ ਹੁਕਮਨਾਮਿਆਂ ਵਲ ਵਿਸ਼ੇਸ਼ ਧਿਆਨ ਸੰਨ ੧੯੨੯ ਤੋਂ ਹੋਇਆ ਜਦ ਕਿ ਲਾਹੌਰੋਂ ਨਿਕਲਦੇ ਪੰਜਾਬੀ ਰਿਸਾਲਿਆਂ 'ਰਣਜੀਤ-ਨਗਾਰਾ' ਅਤੇ 'ਫੁਲਵਾੜੀ' ਵਿਚ ਕੁਝ ਹੁਕਮਨਾਮੇ ਅਤੇ ਉਨ੍ਹਾਂ ਸੰਬੰਧੀ ਨੋਟ ਪ੍ਰਕਾਸ਼ਤ ਹੋਏ। ਸੰਨ ੧੯੩੩ ਵਿਚ ਮੈਨੂੰ ਖ਼ਾਲਸਾ ਕਾਲਜ ਅੰਮ੍ਰਿਤਸਰੋਂ ਪੰਜ ਮਹੀਨੇ ਲਈ ਬੰਗਾਲ, ਬਿਹਾਰ ਅਤੇ ਯੂ.ਪੀ. ਵਿਚ ਇਤਿਹਾਸਕ ਖੋਜ ਸੰਬੰਧੀ ਜਾਣ ਦਾ ਮੌਕਾ ਮਿਲਿਆ। ਇਸ ਸਮੇਂ ਵਿਚ ਮੈਨੂੰ ਚਾਲ੍ਹੀ ਦੇ ਲਗਭਗ ਹੁਕਮਨਾਮਿਆਂ ਦੇ ਫ਼ੋਟੋਗ੍ਰਾਫ ਮਿਲ ਗਏ। ਇਨ੍ਹਾਂ ਵਿਚੋਂ ੩੪ ਦੇ ਅਸਲ ਸ੍ਰੀ ਹਰਮੰਦਰ ਸਾਹਿਬ ਪਟਨੇ ਵਿਚ ਹਨ। ਇਸੇ ਤਰ੍ਹਾਂ ਜਿਉਂ ਜਿਉਂ ਮੌਕਾ ਬਣਦਾ ਰਿਹਾ, ਬਾਦ ਵਿਚ ਭੀ ਹੁਕਮਨਾਮੇ ਕਈ ਥਾਵਾਂ ਤੋਂ ਇਕੱਠੇ ਹੁੰਦੇ ਗਏ। ਸੰਨ ੧੯੪੫ ਵਿਚ ਜਦ ਸਿੱਖ ਹਿਸਟਰੀ ਸੋਸਾਇਟੀ ਕਾਇਮ ਹੋਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਈ ਰਣਧੀਰ ਸਿੰਘ ਦੀ ਸੇਵਾ ਸੋਸਾਇਟੀ ਨਾਲ ਲਾਈ ਗਈ ਤਾਂ ਸੋਸਾਇਟੀ ਲਈ ਹੋਰ ਇਤਿਹਾਸਕ ਮਸਾਲਾ ਇਕੱਠਾ ਕਰਨ ਦੇ ਨਾਲੋ ਨਾਲ ਹੁਕਮਨਾਮਿਆਂ ਦੀ ਖੋਜ ਪੜਤਾਲ ਵੀ ਜਾਰੀ ਰਹੀ। ਅਗਸਤ-ਸਤੰਬਰ ੧੯੪੭ ਵਿਚ ਲਹਿੰਦੇ ਪੰਜਾਬ ਤੋਂ ਆਏ ਲਿਖਤੀ ਗ੍ਰੰਥਾਂ ਦੇ ਨਾਲ ਕੁਝ ਹੁਕਮਨਾਮੇ ਵੀ ਸੋਸਾਇਟੀ ਦੇ ਸੰਚੇ ਵਿਚ ਆ ਗਏ। ਤਿੰਨ ਵਾਰੀ ਭਾਈ ਰਣਧੀਰ ਸਿੰਘ ਨੂੰ ਉਚੇਚੇ ਇਸ ਕੰਮ ਲਈ ਯੂ.ਪੀ. ਅਤੇ ਬਿਹਾਰ ਵਲ ਭੇਜਿਆ ਗਿਆ, ਜਿਥੋਂ ਗੁਰਦੁਆਰਾ ਸਾਹਿਬਾਨ ਅਤੇ ਪੁਰਾਣੇ ਸਿੱਖ ਘਰਾਣਿਆਂ ਤੋਂ ਇਹ ਕਈ ਹੁਕਮਨਾਮਿਆਂ ਦੇ ਫ਼ੋਟੋਗ੍ਰਾਫ਼ ਲਿਆਏ। ਇਨ੍ਹਾਂ ਦੀ ਇਸ ਸੇਵਾ ਵਿਚ ਮਿਹਨਤ ਅਤੇ ਹੋਰ ਸਹਿਯੋਗ ਲਈ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ। ਨੌਸ਼ਹਿਰਾ ਪੰਨੂਆਂ ਦੇ ਹੁਕਮਨਾਮੇ ਸੁਰਗਵਾਸੀ ਬਾਬੂ ਗੁਰਬਚਨ ਸਿੰਘ ਖ਼ਾਲਸਾ ਕਾਲਜ ਅੰਮ੍ਰਿਤਸਰ ਵਾਲਿਆਂ ਦੇ ਰਾਹੀਂ ਪ੍ਰਾਪਤ ਹੋਏ ਸਨ। ਪਿੰਡ ਫਫੜੇ-ਭਾਈਕੇ ਅਤੇ ਪਿੰਡ ਭਾਈ ਰੂਪੇਕੇ ਦੇ ਹੁਕਮਨਾਮੇ ਸੰਨ ੧੯੪੯ ਵਿਚ ਪਟਿਆਲੇ ਹੋਈ ਸਿੱਖ ਐਜੂਕੇਸ਼ਨ ਕਾਨਫ਼ਰੰਸ ਦੀ ਨੁਮਾਇਸ਼ ਵਿਚ ਰੱਖੇ ਗਏ ਸਨ ਅਤੇ ਇਨ੍ਹਾਂ ਦੇ ਫ਼ੋਟੋਗ੍ਰਾਫ਼ ਉਦੋਂ ਭਾਈ ਚੇਤ ਸਿੰਘ ਦੀ ਫਫੜੇ-ਭਾਈਕੇ ਅਤੇ ਭਾਈ ਸਾਹਿਬ ਭਾਈ ਅਰਿਦਮਨ ਸਿੰਘ ਜੀ ਬਾਗੜੀਆਂ ਵਾਲਿਆਂ ਦੀ ਕਿਰਪਾ ਨਾਲ ਲਏ ਗਏ ਸਨ।

ਇਸ ਸੰਚੀ ਵਿਚ ਇਕੱਠੇ ਕੀਤੇ ਗਏ ਨੀਸਾਣ ਅਤੇ ਹੁਕਮਨਾਮੇ ਜਿਨ੍ਹਾਂ ਜਿਨ੍ਹਾਂ ਵੀ ਸੋਮਿਆਂ ਤੋਂ ਪਰਾਪਤ ਹੋਏ ਹਨ ਜਾਂ ਜਿਥੇ ਉਹ ਹੁਣ ਹਨ ਉਨ੍ਹਾਂ ਦਾ ਪਤਾ ਥਾਉਂ ਥਾਈਂ ਦੇ ਦਿੱਤਾ ਗਿਆ ਹੈ ਅਤੇ ਉਨ੍ਹਾਂ ਸਭ ਸੰਸਥਾਵਾਂ ਅਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਅਤੇ ਹੋਰ ਸਜਨਾਂ ਮਿੱਤਰਾਂ ਦਾ, ਜਿਨ੍ਹਾਂ ਵਲੋਂ ਇਸ ਸੇਵਾ ਵਿਚ ਕਿਸੇ ਵੀ ਪ੍ਰਕਾਰ ਦਾ ਸਹਿਯੋਗ ਮਿਲਿਆ ਹੈ, ਮੈਂ ਦਿਲੋਂ ਧੰਨਵਾਦੀ ਹਾਂ।

ਸਰਦਾਰ ਕ੍ਰਿਪਾਲ ਸਿੰਘ ਜੀ ਨਾਰੰਗ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਖ਼ਾਸ ਤੌਰ ਤੇ ਧੰਨਵਾਦ ਦੇ ਪਾਤਰ ਹਨ, ਜਿਨ੍ਹਾਂ ਵਲੋਂ ਪ੍ਰਗਟ ਹੋਏ ਉਤਸ਼ਾਹ

ਮੁਨਸ਼ੀ-ਖ਼ਾਨਿਆਂ ਅਤੇ ਲਾਇਬਰੇਰੀਆਂ ਵਿਚ ਪਈਆਂ ਲਿਖਤਾਂ ਆਦਿ ਦੀਆਂ ਨਕਲਾਂ ਅਤੇ ਹੋਰ ਯਾਦਗਾਰੀ ਵਸਤਾਂ ਇਕੱਠੀਆਂ ਕਰਨ ਦਾ ਖ਼ਿਆਲ ਤਾਂ ਭਾਵੇਂ ਪੰਜਾਹ ਸਾਲ ਤੋਂ ਉਪਰ ਦਾ ਚਲਿਆ ਜਾ ਰਿਹਾ ਹੈ, ਪਰ ਹੁਕਮਨਾਮਿਆਂ ਵਲ ਵਿਸ਼ੇਸ਼ ਧਿਆਨ ਸੰਨ ੧੯੨੯ ਤੋਂ ਹੋਇਆ ਜਦ ਕਿ ਲਾਹੌਰੋਂ ਨਿਕਲਦੇ ਪੰਜਾਬੀ ਰਿਸਾਲਿਆਂ 'ਰਣਜੀਤ-ਨਗਾਰਾ' ਅਤੇ 'ਫੁਲਵਾੜੀ' ਵਿਚ ਕੁਝ ਹੁਕਮਨਾਮੇ ਅਤੇ ਉਨ੍ਹਾਂ ਸੰਬੰਧੀ ਨੋਟ ਪ੍ਰਕਾਸ਼ਤ ਹੋਏ। ਸੰਨ ੧੯੩੩ ਵਿਚ ਮੈਨੂੰ ਖ਼ਾਲਸਾ ਕਾਲਜ ਅੰਮ੍ਰਿਤਸਰੋਂ ਪੰਜ ਮਹੀਨੇ ਲਈ ਬੰਗਾਲ, ਬਿਹਾਰ ਅਤੇ ਯੂ.ਪੀ. ਵਿਚ ਇਤਿਹਾਸਕ ਖੋਜ ਸੰਬੰਧੀ ਜਾਣ ਦਾ ਮੌਕਾ ਮਿਲਿਆ। ਇਸ ਸਮੇਂ ਵਿਚ ਮੈਨੂੰ ਚਾਲ੍ਹੀ ਦੇ ਲਗਭਗ ਹੁਕਮਨਾਮਿਆਂ ਦੇ ਫ਼ੋਟੋਗ੍ਰਾਫ ਮਿਲ ਗਏ। ਇਨ੍ਹਾਂ ਵਿਚੋਂ ੩੪ ਦੇ ਅਸਲ ਸ੍ਰੀ ਹਰਮੰਦਰ ਸਾਹਿਬ ਪਟਨੇ ਵਿਚ ਹਨ। ਇਸੇ ਤਰ੍ਹਾਂ ਜਿਉਂ ਜਿਉਂ ਮੌਕਾ ਬਣਦਾ ਰਿਹਾ, ਬਾਦ ਵਿਚ ਭੀ ਹੁਕਮਨਾਮੇ ਕਈ ਥਾਵਾਂ ਤੋਂ ਇਕੱਠੇ ਹੁੰਦੇ ਗਏ। ਸੰਨ ੧੯੪੫ ਵਿਚ ਜਦ ਸਿੱਖ ਹਿਸਟਰੀ ਸੋਸਾਇਟੀ ਕਾਇਮ ਹੋਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਈ ਰਣਧੀਰ ਸਿੰਘ ਦੀ ਸੇਵਾ ਸੋਸਾਇਟੀ ਨਾਲ ਲਾਈ ਗਈ ਤਾਂ ਸੋਸਾਇਟੀ ਲਈ ਹੋਰ ਇਤਿਹਾਸਕ ਮਸਾਲਾ ਇਕੱਠਾ ਕਰਨ ਦੇ ਨਾਲੋ ਨਾਲ ਹੁਕਮਨਾਮਿਆਂ ਦੀ ਖੋਜ ਪੜਤਾਲ ਵੀ ਜਾਰੀ ਰਹੀ। ਅਗਸਤ-ਸਤੰਬਰ ੧੯੪੭ ਵਿਚ ਲਹਿੰਦੇ ਪੰਜਾਬ ਤੋਂ ਆਏ ਲਿਖਤੀ ਗ੍ਰੰਥਾਂ ਦੇ ਨਾਲ ਕੁਝ ਹੁਕਮਨਾਮੇ ਵੀ ਸੋਸਾਇਟੀ ਦੇ ਸੰਚੇ ਵਿਚ ਆ ਗਏ। ਤਿੰਨ ਵਾਰੀ ਭਾਈ ਰਣਧੀਰ ਸਿੰਘ ਨੂੰ ਉਚੇਚੇ ਇਸ ਕੰਮ ਲਈ ਯੂ.ਪੀ. ਅਤੇ ਬਿਹਾਰ ਵਲ ਭੇਜਿਆ ਗਿਆ, ਜਿਥੋਂ ਗੁਰਦੁਆਰਾ ਸਾਹਿਬਾਨ ਅਤੇ ਪੁਰਾਣੇ ਸਿੱਖ ਘਰਾਣਿਆਂ ਤੋਂ ਇਹ ਕਈ ਹੁਕਮਨਾਮਿਆਂ ਦੇ ਫ਼ੋਟੋਗ੍ਰਾਫ਼ ਲਿਆਏ। ਇਨ੍ਹਾਂ ਦੀ ਇਸ ਸੇਵਾ ਵਿਚ ਮਿਹਨਤ ਅਤੇ ਹੋਰ ਸਹਿਯੋਗ ਲਈ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ। ਨੌਸ਼ਹਿਰਾ ਪੰਨੂਆਂ ਦੇ ਹੁਕਮਨਾਮੇ ਸੁਰਗਵਾਸੀ ਬਾਬੂ ਗੁਰਬਚਨ ਸਿੰਘ ਖ਼ਾਲਸਾ ਕਾਲਜ ਅੰਮ੍ਰਿਤਸਰ ਵਾਲਿਆਂ ਦੇ ਰਾਹੀਂ ਪ੍ਰਾਪਤ ਹੋਏ ਸਨ। ਪਿੰਡ ਫਫੜੇ-ਭਾਈਕੇ ਅਤੇ ਪਿੰਡ ਭਾਈ ਰੂਪੇਕੇ ਦੇ ਹੁਕਮਨਾਮੇ ਸੰਨ ੧੯੪੯ ਵਿਚ ਪਟਿਆਲੇ ਹੋਈ ਸਿੱਖ ਐਜੂਕੇਸ਼ਨ ਕਾਨਫ਼ਰੰਸ ਦੀ ਨੁਮਾਇਸ਼ ਵਿਚ ਰੱਖੇ ਗਏ ਸਨ ਅਤੇ ਇਨ੍ਹਾਂ ਦੇ ਫ਼ੋਟੋਗ੍ਰਾਫ਼ ਉਦੋਂ ਭਾਈ ਚੇਤ ਸਿੰਘ ਦੀ ਫਫੜੇ-ਭਾਈਕੇ ਅਤੇ ਭਾਈ ਸਾਹਿਬ ਭਾਈ ਅਰਿਦਮਨ ਸਿੰਘ ਜੀ ਬਾਗੜੀਆਂ ਵਾਲਿਆਂ ਦੀ ਕਿਰਪਾ ਨਾਲ ਲਏ ਗਏ ਸਨ।

ਇਸ ਸੰਚੀ ਵਿਚ ਇਕੱਠੇ ਕੀਤੇ ਗਏ ਨੀਸਾਣ ਅਤੇ ਹੁਕਮਨਾਮੇ ਜਿਨ੍ਹਾਂ ਜਿਨ੍ਹਾਂ ਵੀ ਸੋਮਿਆਂ ਤੋਂ ਪਰਾਪਤ ਹੋਏ ਹਨ ਜਾਂ ਜਿਥੇ ਉਹ ਹੁਣ ਹਨ ਉਨ੍ਹਾਂ ਦਾ ਪਤਾ ਥਾਉਂ ਥਾਈਂ ਦੇ ਦਿੱਤਾ ਗਿਆ ਹੈ ਅਤੇ ਉਨ੍ਹਾਂ ਸਭ ਸੰਸਥਾਵਾਂ ਅਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਅਤੇ ਹੋਰ ਸਜਨਾਂ ਮਿੱਤਰਾਂ ਦਾ, ਜਿਨ੍ਹਾਂ ਵਲੋਂ ਇਸ ਸੇਵਾ ਵਿਚ ਕਿਸੇ ਵੀ ਪ੍ਰਕਾਰ ਦਾ ਸਹਿਯੋਗ ਮਿਲਿਆ ਹੈ, ਮੈਂ ਦਿਲੋਂ ਧੰਨਵਾਦੀ ਹਾਂ।

ਸਰਦਾਰ ਕ੍ਰਿਪਾਲ ਸਿੰਘ ਜੀ ਨਾਰੰਗ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਖ਼ਾਸ ਤੌਰ ਤੇ ਧੰਨਵਾਦ ਦੇ ਪਾਤਰ ਹਨ, ਜਿਨ੍ਹਾਂ ਵਲੋਂ ਪ੍ਰਗਟ ਹੋਏ ਉਤਸ਼ਾਹ

ਅਤੇ ਦਿੱਤੇ ਗਏ ਹੌਂਸਲੇ ਨਾਲ ਕਈ ਵਰ੍ਹਿਆਂ ਤੋਂ ਖੱਟੇ ਪਈ ਹੋਈ ਇਸ ਸੰਚੀ ਦੇ ਪ੍ਰਕਾਸ਼ਨ ਦੀ ਵਿਚਾਰ ਨੂੰ ਸਿਰੇ ਚੜ੍ਹਨ ਦਾ ਮੌਕਾ ਬਣਿਆ ਹੈ। ਮੈਂ ਸਰਦਾਰ ਹਰਬੰਸ ਸਿੰਘ ਜੀ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਦਾ ਵੀ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਪਿਛਲੇ ਪੰਝੀਆਂ ਵਰ੍ਹਿਆਂ ਵਿਚ ਪੰਜਾਬ ਦੇ ਇਤਿਹਾਸ ਦੇ ਕੰਮ ਵਿਚ ਮੇਰੀ ਅਨੇਕ ਤਰ੍ਹਾਂ ਸਹਾਇਤਾ ਕੀਤੀ ਹੈ।

ਲੋਇਰ ਮਾਲ, ਪਟਿਆਲਾ। ਗੰਡਾ ਸਿੰਘ

੧ ਜਨਵਰੀ, ੧੯੬੭

# ਵਿਸ਼ੇ ਸੂਚੀ


ਮੁਖ ਬੰਦ (v)

ਸੰਪਾਦਕ ਵਲੋਂ (vii)

ਹੁਕਮਨਾਮਿਆਂ ਸੰਬੰਧੀ 1

(ੳ)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਅਤੇ
ਹੁਕਮਨਾਮਿਆਂ ਪੁਰ ਦੇ ਨੀਸਾਣੁ 4

ਹੁਕਮਨਾਮਿਆਂ ਦਾ ਲਿਖਣ-ਢੰਗ 7

ਸੰਗਤਾਂ ਦੇ ਅਸਥਾਨ 10

ਹੁਕਮਨਾਮਿਆਂ ਦੇ ਮਜ਼ਮੂਨ , ਗੁਰੂ ਗੁਰੂ ਜਪਣਾ (੬) 11

ਇਤਿਹਾਸਕ ਵਾਕਿਆਤ ਦਾ ਜ਼ਿਕਰ 11

'ਤੇਰਾ ਘਰ ਮੇਰਾ ਅਸੈ' 13

'ਖ਼ਾਲਸਾ' 15

'ਜੋ ਸਿਖ ਮਿਲੈ ਮੇਲ ਲੈਵਣਾ' 16

ਦਖਣ ਨੂੰ ਪਹਿਲਾ ਕੂਚ 17

ਬਹਾਦੁਰ ਸ਼ਾਹ ਦੀ ਸਹਾਇਤਾ 19

ਬਹਾਦੁਰ ਸ਼ਾਹ ਬਾਦਸ਼ਾਹ ਨਾਲ ਮੁਲਾਕਾਤ 20

ਦੱਖਣ ਨੂੰ 21

ਬੰਦਾ ਸਿੰਘ ਬਹਾਦੁਰ 22

ਭਾਈਚਾਰਕ ਕੰਮਾਂ ਵਿਚ ਸਹਾਇਤਾ 23

ਆਰਥਕ ਵਾਕਫ਼ੀ 24

ਹੁਕਮਨਾਮਿਆਂ ਦੀ ਬੋਲੀ ਅਤੇ ਲਿਪੀ 25

(ਅ)

ਹੁਕਮਨਾਮਿਆਂ ਵਿਚ ਜ਼ਿਕਰ ਵਾਲੀਆਂ ਸਿਖ ਸੰਗਤਾਂ ਦੇ ਟਿਕਾਣੇ 28

(ੲ)
ਨੀਸਾਨਾਂ ਅਤੇ ਹੁਕਮਨਾਮਿਆਂ ਦਾ ਵੇਰਵਾ 31

**ਹੁਕਮਨਾਮੇ - ਅਸਲ ਅਤੇ ਨਕਲਾਂ ੧-੮੭** 46-222

ਹੁਕਮਨਾਮਿਆਂ ਵਿਚ ਆਏ ਉਘੇ ਸਿੱਖਾਂ ਦੇ ਨਾਉਂ 223

ਹੁਕਮਨਾਮਿਆਂ ਵਿਚ ਆਏ ਕੁਝ ਕੁ ਔਖੇ ਸ਼ਬਦ 229

# ਹੁਕਮਨਾਮਿਆਂ ਸੰਬੰਧੀ

## (ੳ)

ਇਨ੍ਹਾਂ ਨੀਸਾਣਾਂ ਅਤੇ ਹੁਕਮਨਾਮਿਆਂ ਦੀ ਵਿਸ਼ੇਸ਼ਤਾ ਦੱਸੀ ਜਾ ਸਕਣੀ ਬੜੀ ਔਖੀ ਹੈ। ਇਸ ਦਾ ਸੰਬੰਧ ਸਿੱਖਾਂ ਦੇ ਮਨ ਦੀ ਭਾਵਨਾ ਨਾਲ ਹੈ। ਗੁਰੂ ਸਾਹਿਬਾਨ ਦੇ ਹੱਥੀਂ ਲਿਖੇ ਨੀਸਾਣਾਂ ਅਤੇ ਪੱਤਰਾਂ ਦੇ ਦਰਸ਼ਨ ਹੀ ਇਤਨੇ ਅਮੋਲਕ ਹਨ ਕਿ ਅਨੇਕਾਂ ਭਾਰਤੀ ਅਤੇ ਬਾਹਰਲੇ ਵਿਦਵਾਨ ਇਨ੍ਹਾਂ ਦੀ ਭਾਲ ਵਿਚ ਸਨ। ਬਹੁਤ ਸਾਰੇ ਵਿਦਵਾਨਾਂ ਨੂੰ ਤਾਂ ਇਨ੍ਹਾਂ ਦੇ ਦਰਸ਼ਨ ਪਹਿਲੀ ਵਾਰੀ ਇਸ ਸੰਚੇ ਰਾਹੀਂ ਹੋ ਰਹੇ ਹਨ। ਇਨ੍ਹਾਂ ਦਾ ਇਕ ਇਸੇ ਮਨੋਰਥ ਲਈ ਪ੍ਰਕਾਸ਼ਤ ਹੋ ਜਾਣਾ ਇਕ ਬੜੀ ਭਾਰੀ ਗੱਲ ਹੈ। ਖੋਜੀ ਵਿਦਵਾਨਾਂ ਲਈ ਇਹ ਇਕ ਕਸੌਟੀ ਦਾ ਕੰਮ ਦੇਣਗੇ, ਜਿਨ੍ਹਾਂ ਨਾਲ ਕਿ ਅੱਗੇ ਨੂੰ ਸ਼ੱਕੀ ਹੁਕਮਨਾਮੇ ਪਰਖੇ ਅਤੇ ਨਖੇੜੇ ਜਾ ਸਕਿਆ ਕਰਨਗੇ ਅਤੇ ਕੋਈ ਜਾਹਲੀ ਲਿਖਤ ਗੁਰੂ ਸਾਹਿਬਾਂ ਦੇ ਨਾਮ ਪਰ ਚਲਾਈ ਨਹੀਂ ਜਾ ਸਕੇਗੀ। ਸਿੱਖ ਸੰਗਤਾਂ ਵਿਚ ਗੁਰੂ ਸਾਹਿਬਾਂ ਦੇ ਹੱਥੀਂ-ਲਿਖੇ ਹੁਕਮਨਾਮਿਆਂ ਲਈ ਸ਼ਰਧਾ ਅਤੇ ਮਾਨਤਾ ਅਤੇ ਦਰਸ਼ਨਾਂ ਲਈ ਉਤਸ਼ਾਹ ਅਤੇ ਇੱਛਾ ਦਾ ਨਾਜਾਇਜ਼ ਮਾਇਕ ਫ਼ਾਇਦਾ ਉਠਾਉਣ ਲਈ ਕਈ ਲੋਕਾਂ ਨੇ ਨਕਲੀ ਹੁਕਮਨਾਮੇ ਘੜ ਲਏ ਸਨ ਅਤੇ ਉਨ੍ਹਾਂ ਦੇ ਦਰਸ਼ਨ ਕਰਾ ਕੇ ਭੇਟਾ ਉਗਰਾਹੁਣ ਲਈ ਥਾਉਂ ਥਾਈਂ ਲਈਂ ਫਿਰਦੇ ਸਨ। ਚੁਨਾਂਚਿ ਗ਼ਨੀ ਖ਼ਾਨ ਨਬੀ ਖ਼ਾਨ ਅਤੇ ਪੀਰ ਬੁਧੂ ਸ਼ਾਹ ਸਢੌਰੀਏ ਨੂੰ ਬਖਸ਼ੇ ਹੋਏ ਗੁਰੂ ਗੋਬਿੰਦ ਜੀ ਦੇ ਅਸਲੀ ਹੁਕਮਨਾਮਿਆਂ ਤੋਂ ਇਲਾਵਾ ਕੁਝ ਹੋਰ ਵੀ ਨਕਲੀ ਹੁਕਮਨਾਮੇ ਸੰਨ ੧੯੪੭ ਵਿਚ ਹੋਈ ਦੇਸ਼ ਦੀ ਵੰਡ ਤੋਂ ਪਹਿਲਾਂ ਦੇਖਣ ਵਿਚ ਆਇਆ ਕਰਦੇ ਸਨ।

ਅਜੇਹਿਆਂ ਨਕਲੀ ਹੁਕਮਨਾਮਿਆਂ ਦਾ ਜ਼ਿਕਰ ਕਰਦੇ ਹੋਏ ਹੀ ਸੁਰਗਵਾਸੀ ਗਿਆਨੀ ਹੀਰਾ ਸਿੰਘ ਜੀ 'ਦਰਦ' ਨੇ ਪੋਹ-ਮਾਘ ੧੯੮੬ ਬਿਕਰਮੀ (ਦਸੰਬਰ ੧੯੨੯-ਜਨਵਰੀ ੧੯੩੦) ਦੇ ਰਿਸਾਲਾ 'ਫੁਲਵਾੜੀ' ਦੇ ਸਿੱਖ-ਇਤਿਹਾਸ ਨੰਬਰ (ਪੰਨਾ ੩੬੩) ਵਿਚ ਲਿਖਿਆ ਸੀ :

> ਇਹ ਪ੍ਰਸਿੱਧ ਗੱਲ ਹੈ ਕਿ ਗ਼ਨੀ ਖ਼ਾਂ ਨਬੀ ਖ਼ਾਂ ਨੂੰ ਦਸਮੇਸ ਪਿਤਾ ਜੀ ਨੇ ਹੁਕਮਨਾਮਾ ਦਿੱਤਾ ਸੀ। ਪਰ ਹੁਣ ਨਬੀ ਖਾਂ ਗ਼ਨੀ ਖ਼ਾਨ ਵਾਲੇ ਕਈ ਹੁਕਮਨਾਮੇ ਵੇਖਣ ਵਿਚ ਆਏ ਹਨ। ਇਸੇ ਤਰ੍ਹਾਂ ਹੋਰ ਵੀ ਕਈ ਹੁਕਮਨਾਮੇ ਹਨ। ਜੇ ਕੋਈ ਵਿਦਵਾਨ ਤੇ ਖੋਜੀ ਇਸ ਪਾਸੇ ਸਮਾਂ ਦੇਵੇ ਅਤੇ ਲਿਖਤਾਂ ਦੀ ਪਛਾਣ ਕਰਨ ਦਾ ਯਤਨ ਕਰੇ

> ਤਾਂ ਖੋਜ ਪੜਤਾਲ ਮਗਰੋਂ ਦਸਮੇਸ਼ ਪਿਤਾ ਜੀ ਦੇ ਦਸਖ਼ਤ ਤੇ ਉਨ੍ਹਾਂ ਦੇ ਖ਼ਾਸ ਨਿਸ਼ਾਨ ਪਛਾਣ ਲੈਣੇ ਮੁਸ਼ਕਲ ਨਹੀਂ ਹਨ। ਜੇ ਗੁਰੂ ਸਾਹਿਬਾਂ ਦੇ ਹੱਥੀਂ ਲਿਖੇ ਜਾਂ ਦਸਖ਼ਤੀ ਅਸਲੀ ਹੁਕਮਨਾਮੇ ਲਭ ਲਏ ਜਾਣ ਤਾਂ ਇਹ ਇਕ ਭਾਰੀ ਸਫ਼ਲਤਾ ਹੋਵੇਗੀ।

'ਹੁਕਮਨਾਮੇ ਅਤੇ ਅਹਿਦਨਾਮੇ' ਸਿਰਲੇਖ ਹੇਠ ਇਥੇ ਹੀ ਸਰਦਾਰ ਕਰਮ ਸਿੰਘ ਜੀ ਨੇ ਲਿਖਿਆ ਸੀ :

> ਇਹ ਚੀਜ਼ਾਂ ਅਮੋਲਕ ਹਨ। ਜਿਸ ਤਰ੍ਹਾਂ ਹੀਰੇ ਜਵ੍ਹਾਹਰਾਤ ਦਾ ਮੁੱਲ ਕੇਵਲ ਜੌਹਰੀ ਹੀ ਪਾ ਸਕਦੇ ਹਨ, ਇਸੇ ਤਰ੍ਹਾਂ ਇਨ੍ਹਾਂ ਇਤਿਹਾਸਕ ਰਤਨਾਂ ਦਾ ਮੁੱਲ ਕੇਵਲ ਇਤਿਹਾਸਕਾਰ ਹੀ ਪਾ ਸਕਦੇ ਹਨ। ਸਿੱਖ ਕੌਮ ਦੀ ਇਹ ਬਹੁ-ਮੁੱਲੀ ਦੌਲਤ ਘੱਟੇ ਕੌਡੀਆਂ ਵਿਚ ਰੁਲ ਰਹੀ ਹੈ।... (ਕਾਸ਼ ਕਿ) ਕਿਸੇ ਗੁਰੂ ਪਿਆਰੇ ਅਤੇ ਇਤਿਹਾਸ-ਪ੍ਰੇਮੀ ਨੂੰ ਆਪਣੇ ਇਤਿਹਾਸ ਲਈ ਦਰਦ ਪੈਦਾ ਹੋ ਜਾਵੇ ਅਤੇ ਉਹ ਇਸ ਬਹੁ-ਮੁੱਲੇ ਇਤਿਹਾਸਕ ਮਸਾਲੇ ਨੂੰ ਇਕੱਠਾ ਕਰਨ ਲਗ ਪਵੇ।

ਸ਼ੁਕਰ ਦੀ ਗੱਲ ਹੈ ਕਿ ੩੭ ਵਰ੍ਹਿਆਂ ਪਿਛੋਂ ਸਰਦਾਰ ਕਰਮ ਸਿੰਘ ਅਤੇ ਗਿਆਨੀ ਹੀਰਾ ਸਿੰਘ ਜੀ ਦੀ ਦਰਦ-ਭਰੀ ਇੱਛਾ ਪੂਰੀ ਹੋ ਰਹੀ ਹੈ। ਇਸ ਸੰਚੀ ਦੇ ਪ੍ਰਕਾਸ਼ਤ ਹੋਣ ਨਾਲ ਜਿਥੇ ਇਹ ਬਹੁਤ ਸਾਰੇ ਹੁਕਮਨਾਮੇ ਇਕ ਥਾਂ ਇਕੱਠੇ ਹੋ ਗਏ ਹਨ, ਉਥੇ ਇਨ੍ਹਾਂ ਦੀ ਸਹਾਇਤਾ ਨਾਲ ਹੋਰ ਹੁਕਮਨਾਮਿਆਂ ਦੀ ਪਰਖ ਪੜਤਾਲ ਵੀ ਕਾਫ਼ੀ ਸੌਖੀ ਹੋ ਜਾਵੇਗੀ।

ਜਿਵੇਂ ਨਿਜੀ ਚਿੱਠੀ-ਪੱਤਰ ਵਿਗਿਆਨਕ ਇਤਿਹਾਸ ਲਈ ਸਮੱਗਰੀ ਦੇ ਸਭ ਤੋਂ ਵਧੀਆ ਮੂਲ ਸੋਮੇ ਹੁੰਦੇ ਹਨ, ਤਿਵੇਂ ਹੀ ਇਹ ਹੁਕਮਨਾਮੇ ਗੁਰੂ ਸਾਹਿਬਾਂ ਦੇ ਸਮੇਂ ਦੇ ਧਾਰਮਕ, ਰਾਜਸੀ, ਭਾਈਚਾਰਕ, ਸਾਹਿੱਤਕ ਅਤੇ ਆਰਥਕ ਇਤਿਹਾਸ ਲਈ ਬਹੁ-ਮੁੱਲੇ ਮੂਲ-ਮਸਾਲੇ ਦਾ ਅਦੁੱਤੀ ਖ਼ਜ਼ਾਨਾ ਹਨ।

ਇਸ ਸੰਚੀ ਵਿਚ ਕੁੱਲ ੮੯ ਨੀਸਾਣੁ ਅਤੇ ਹੁਕਮਨਾਮੇ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

| | | | |
|---|---|---|---|
| ਪੰਜਵੇਂ ਗੁਰੂ ਅਰਜਨ | ਨੀਸਾਣ (ਆਰੰਭ ਵਿਚ) | | ੧ |
| ਛੇਵੇਂ ਗੁਰੂ ਹਰਿ ਗੋਬਿੰਦ | ਦੋ ਨੀਸਾਣ ਅਤੇ ਦੋ ਹੁਕਮਨਾਮੇ | (੧-੩) | ੪ |
| ਬਾਬਾ ਗੁਰਦਿੱਤਾ ਜੀ | ਹੁਕਮਨਾਮਾ | (੪) | ੧ |
| ਸਤਵੇਂ ਗੁਰੂ ਹਰਿ ਰਾਇ | ਨੀਸਾਣ | (੫) | ੧ |
| ਅਠਵੇਂ ਗੁਰੂ ਹਰਿ ਕ੍ਰਿਸ਼ਨ | ਹੁਕਮਨਾਮਾ | (੬) | ੧ |
| ਨੌਵੇਂ ਗੁਰੂ ਤੇਗ ਬਹਾਦੁਰ | ਇਕ ਨੀਸਾਣ, ੨੨ ਹੁਕਮਨਾਮੇ | (੭-੨੯) | ੨੩ |

| | | | |
|---|---|---|---|
| ਮਾਤਾ ਗੁਜਰੀ ਜੀ | ਹੁਕਮਨਾਮੇ | (੩੦-੩੧) | ੨ |
| ਦਸਵੇਂ ਗੁਰੂ ਗੋਬਿੰਦ ਸਿੰਘ | ਨੀਸਾਣ, ਹੁਕਮਨਾਮੇ | (੩੨-੬੫) | ੩੪ |
| ਬਾਬਾ ਬੰਦਾ ਸਿੰਘ ਬਹਾਦਰ | ਹੁਕਮਨਾਮੇ | (੬੬-੬੭) | ੨ |
| ਮਾਤਾ ਸੁੰਦਰੀ ਜੀ | ਹੁਕਮਨਾਮੇ | (੬੩-੭੩, ੭੬, ੭੯, ੮੦) | ੯ |
| ਮਾਤਾ ਸਾਹਿਬ ਦੇਵੀ ਜੀ | ਹੁਕਮਨਾਮੇ | (੭੪, ੭੫, ੭੭, ੭੮, ੮੧-੮੫) | ੯ |
| ਖ਼ਾਲਸਾ ਜੀ (ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ) | ਹੁਕਮਨਾਮਾ | (੮੬) | ੧ |
| ਤਖ਼ਤ ਹਰਿਮੰਦਰ ਸਾਹਿਬ ਪਟਨਾ | ਹੁਕਮਨਾਮਾ | (੮੭) | ੧ |

ਹੁਕਮਨਾਮਿਆਂ ਦੇ ਨਾਲ ਹੀ ਉਨ੍ਹਾਂ ਦੀਆਂ ਨਕਲਾਂ ਭੀ ਦੇ ਦਿੱਤੀਆਂ ਗਈਆਂ ਹਨ ਤਾਂ ਕਿ ਪਾਠਕਾਂ ਨੂੰ ਉਨ੍ਹਾਂ ਦੇ ਪੜ੍ਹਨ ਅਤੇ ਸਮਝਣ ਵਿਚ ਕੋਈ ਦਿੱਕਤ ਨਾ ਹੋਵੇ। ਗੁਰੂ ਸਾਹਿਬਾਂ ਦੇ ਨੀਸਾਨਾਂ ਦੇ ਅੱਖਰ ਤਾਂ ਦੇ ਦਿੱਤੇ ਗਏ ਹਨ, ਪਰ ਦਸਵੇਂ ਪਾਤਸ਼ਾਹ ਦੇ ਖ਼ਾਸ ਨੀਸਾਣ ਨਕਲ ਨਹੀਂ ਕੀਤੇ ਜਾ ਸਕੇ। ਉਹ ਫ਼ੋਟੋ-ਬਲਾਕਾਂ ਵਿਚ ਦੇਖੇ ਜਾ ਸਕਦੇ ਹਨ। ਪਹਿਲੇ ਚਾਰ ਗੁਰੂ ਸਾਹਿਬਾਂ ਦੀ ਕੋਈ ਹੱਥ-ਲਿਖਤ ਅਤੇ ਨੀਸਾਣ ਪ੍ਰਾਪਤ ਨਹੀਂ ਹੋਏ। ਪੰਜਵੇਂ ਗੁਰੂ ਅਰਜਨ ਸਾਹਿਬ ਦਾ ਨੀਸਾਣ ਕਰਤਾਰਪੁਰ (ਜ਼ਿਲ੍ਹਾ ਜਾਲੰਧਰ) ਵਿਚ ਸੁਰੱਖਿਅਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਲਿਖੀ ਬੀੜ ਵਿਚੋਂ ਹੂ-ਬਹੂ ਉਤਾਰਾ ਹੈ ਜੋ ੧੮ ਅਗਸਤ, ੧੯੪੬ ਈ. ਨੂੰ ਭਾਈ ਮਹਾਂ ਸਿੰਘ ਜੀ ਐਡੀਟਰ 'ਖ਼ਾਲਸਾ ਸਮਾਚਾਰ' ਨੇ ਕੀਤਾ ਸੀ ਜਦੋਂ ਕਿ ਉਹ ਡਾਕਟਰ ਭਾਈ ਜੋਧ ਸਿੰਘ ਜੀ ਨਾਲ ਇਸ ਬੀੜ ਸੰਬੰਧੀ ਖੋਜ ਪੜਤਾਲ ਕਰਨ ਓਥੇ ਗਏ ਸਨ।

ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਦੋ ਨੀਸਾਣ ਅਤੇ ਹੋ ਹੁਕਮਨਾਮੇ (੧-੩) ਹਨ ਜੋ ਪੂਰਬ (ਅੱਜ ਕਲ੍ਹ ਦੇ ਉੱਤਰ ਪ੍ਰਦੇਸ਼) ਦੀ ਸੰਗਤ ਦੇ ਨਾਉਂ ਹਨ। ਪਹਿਲੇ ਹੁਕਮਨਾਮੇ (੨) ਦੇ ਅੰਤ ਪੁਰ ਗੁਰੂ ਹਰਿਗੋਬਿੰਦ ਦਾ ਆਪਣਾ ਨਾਉਂ ਲਿਖਿਆ ਹੋਇਆ ਹੈ। ਬਾਬਾ ਗੁਰਦਿੱਤੇ ਦਾ ਹੁਕਮਨਾਮਾ (੪) ਵੀ ਪੂਰਬ ਦੀ ਸੰਗਤ ਦੇ ਨਾਉਂ ਹੀ ਹੈ। ਸਤਵੇਂ ਗੁਰੂ ਹਰਿ ਰਾਇ ਜੀ ਦਾ ਕੇਵਲ ਇਕੋ ਹੀ ਹੁਕਮਨਾਮਾ (੬) ਲੱਭਾ ਹੈ, ਜੋ ਸੰਗਤ ਪਟਣ ਦੇ ਨਾਉਂ ਲਿਖਿਆ ਹੋਇਆ ਹੈ। ਇਸ ਪਰ ਗੁਰੂ ਸਾਹਿਬ ਦਾ ਨੀਸਾਣ ਤਾਂ ਭਾਵੇਂ ਨਹੀਂ ਪਰ ਆਰੰਭ ਵਿਚ ਉਨ੍ਹਾਂ ਦਾ ਸ਼ੁਭ ਨਾਉਂ ਦਿੱਤਾ ਹੋਇਆ ਹੈ ਅਤੇ ਇਸ ਦੇ ਲਿਖਾਰੀ ਦੀ ਲਿਖਤ ਨੌਵੇਂ ਗੁਰੂ ਤੇਗ਼ ਬਹਾਦਰ ਜੀ ਵਲੋਂ ਪਟਣੇ ਦੀ ਸੰਗਤ ਦੇ ਨਾਉਂ ਲਿਖੇ ਹੁਕਮਨਾਮੇ (੨੭) ਨਾਲ ਮਿਲਦੀ ਹੈ ਜਿਸ ਪਰ ਗੁਰੂ ਜੀ ਦੀ ਆਪਣੀ ਲਿਖਤ ਮੌਜੂਦ ਹੈ।

ਨੌਵੇਂ ਗੁਰੂ ਤੇਗ਼ ਬਹਾਦਰ ਦਾ ਇਕ ਨੀਸਾਣ ਅਤੇ ੨੨ ਹੁਕਮਨਾਮੇ (੭-੨੯) ਇਸ ਸੰਚੀ ਵਿਚ ਸ਼ਾਮਲ ਹਨ ਅਤੇ ਦੋ (੩੦-੩੧) ਮਾਤਾ ਗੁਜਰੀ ਜੀ ਦੇ।

ਮਾਤਾ ਗੁਜਰੀ ਜੀ ਦੇ ਹੁਕਮਨਾਮਿਆਂ ਪਰ ਉਨ੍ਹਾਂ ਦਾ ਨਾਉਂ ਨਹੀਂ ਲਿਖਿਆ ਹੋਇਆ ਅਤੇ ਇਨ੍ਹਾਂ ਉਪਰ ਦੀ ਲਿਖਤ ਸੰਬੰਧੀ ਵੀ ਪੂਰੇ ਯਕੀਨ ਨਾਲ ਕੁਝ ਕਹਿ ਸਕਣਾ ਔਖਾ ਹੈ ਕਿਉਂਕਿ ਟਾਕਰਾ ਕਰ ਸਕਣ ਲਈ ਇਨ੍ਹਾਂ ਦੀਆਂ ਹੋਰ ਕੋਈ ਲਿਖਤਾਂ ਪ੍ਰਾਪਤ ਨਹੀਂ ਹੋਈਆਂ। ਇਸ ਲਈ ਇਕ ਖ਼ਿਆਲ ਇਹ ਵੀ ਉਠਿਆ ਸੀ ਕਿ ਸ਼ਾਇਦ ਇਹ ਹੁਕਮਨਾਮੇ ਗੁਰੂ ਤੇਗ਼ ਬਹਾਦੁਰ ਜੀ ਦੀ ਮਾਤਾ - ਮਾਤਾ ਨਾਨਕੀ ਜੀ - ਦੇ ਹੋਣ। ਪਰ ਇਹ ਖ਼ਿਆਲ ਬਹੁਤਾ ਵਜ਼ਨਦਾਰ ਨਹੀਂ ਹੋ ਸਕਦਾ ਕਿਉਂਕਿ ਮਾਤਾ ਨਾਨਕੀ ਜੀ ਨੇ ਬਾਹਰੀ ਇਤਿਹਾਸ ਵਿਚ ਕੋਈ ਬਹੁਤਾ ਉਘਾ ਹਿੱਸਾ ਨਹੀਂ ਲਿਆ ਅਤੇ ਗੁਰੂ ਤੇਗ਼ ਬਹਾਦਰ ਜੀ ਦੇ ਪੂਰਬ ਦੇ ਸਫ਼ਰ ਵੇਲੇ ਉਨ੍ਹਾਂ ਦੀ ਆਯੂ ਵੀ ਪਝੱਤਰ ਸਾਲ ਦੇ ਲਗਭਗ ਹੋ ਗਈ ਸੀ ਅਤੇ ਸਫ਼ਰ ਵਿਚ ਗੁਰੂ ਸਾਹਿਬ ਦੇ ਅਗੇ ਪਿੱਛੇ ਹੋਣ ਸਮੇਂ ਵਹੀਰ ਦਾ ਪ੍ਰਬੰਧ ਮਾਤਾ ਗੁਜਰੀ ਜੀ ਅਤੇ ਮੁਖੀ ਸਿੱਖ ਹੀ ਕਰਿਆ ਕਰਦੇ ਸਨ। ਇਸ ਲਈ ਪਹਿਲਾ ਖ਼ਿਆਲ ਜ਼ਿਆਦਾ ਪ੍ਰਬਲ ਜਾਪਦਾ ਹੈ ਕਿ ਇਹ ਦੋਵੇਂ ਹੁਕਮਨਾਮੇ ਮਾਤਾ ਗੁਜਰੀ ਜੀ ਵਲੋਂ ਹੀ ਹਨ। ਇਨ੍ਹਾਂ ਉਪਰ ਦੀਆਂ ਨਿਜੀ ਲਿਖਤਾਂ ਅਤੇ ਲਿਖਾਰੀ ਦੀਆਂ ਲਿਖਤਾਂ ਭੀ ਇਕੋ ਹੱਥ ਦੀਆਂ ਹੀ ਹਨ। ਪਰ ਫੇਰ ਭੀ ਚੌਕਸੀ ਵਜੋਂ ਅਸੀਂ ਓਥੇ ਇਹ (?) ਨਿਸ਼ਾਨੀ ਪਾ ਦਿਤੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਇਸ ਸੰਚੇ ਵਿਚ ਸਭ ਤੋਂ ਜ਼ਿਆਦਾ ਹਨ ਜਿਨ੍ਹਾਂ ਦੀ ਗਿਣਤੀ ੩੪ (੩੨-੬੫) ਹੈ। ਇਨ੍ਹਾਂ ਵਿਚ ਨੀਸਾਣੁ ਕੇਵਲ ਇਕ ਹੀ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਬਿਨਾਂ ਚੂੰਕਿ ਇਨ੍ਹਾਂ ਦੇ ਹੋਰ ਵੀ ਕਈ ਇਕ ਨੀਸਾਣ ਅਤੇ ਹੱਥ-ਲਿਖਤਾਂ ਮਿਲਦੀਆਂ ਹਨ ਅਤੇ ਹਰ ਹੁਕਮਨਾਮੇ ਉੱਤੇ ਵੀ ਉਨ੍ਹਾਂ ਦਾ ਨੀਸਾਣ ਅਤੇ ਲਿਖਤ ਮੌਜੂਦ ਹੈ ਇਸ ਲਈ ਇਕ ਤੋਂ ਵਧ ਹੋਰ ਵੱਖਰਾ ਨੀਸਾਣ ਇਸ ਸੰਚੇ ਵਿਚ ਨਹੀਂ ਦਿੱਤਾ ਗਿਆ।

ਹੁਕਮਨਾਮਿਆਂ ਦਾ ਰਿਵਾਜ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਬਾਦ ਭੀ ਜਾਰੀ ਰਿਹਾ ਹੈ, ਬਲਕਿ ਖ਼ਾਲਸੇ ਦੇ ਤਖ਼ਤ ਸਾਹਿਬਾਂ ਤੋਂ ਖ਼ਾਸ ਇਤਿਹਾਸਕ ਮੌਕਿਆਂ ਪਰ ਵੀਹਵੀਂ ਸਦੀ ਵਿਚ ਵੀ ਹੁਕਮਨਾਮੇ ਜਾਰੀ ਹੁੰਦੇ ਰਹੇ ਹਨ। ਇਸ ਲਈ ਇਥੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਦੇ ਬਾਬਾ ਬੰਦਾ ਸਿੰਘ ਦੇ ਦੋ ਹੁਕਮਨਾਮੇ (੬੬-੬੭), ਮਾਤਾ ਸੁੰਦਰੀ ਜੀ ਦੇ ਨੌਂ ਹੁਕਮਨਾਮੇ (੬੮-੭੩, ੭੬, ੭੯, ੮੦) ਅਤੇ ਮਾਤਾ ਸਾਹਿਬ ਦੇਵੀ ਜੀ ਦੇ ਨੌਂ (੭੪, ੭੫, ੭੭, ੭੮, ੮੧-੮੫) ਸ਼ਾਮਲ ਕਰ ਲਏ ਗਏ ਹਨ ਅਤੇ ਅੰਤ ਵਿਚ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਅਤੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਦਾ ਇਕ ਇਕ ਹੁਕਮਨਾਮਾ ਵੀ ਦੇ ਦਿੱਤਾ ਗਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਅਤੇ ਹੁਕਮਨਾਮਿਆਂ ਪੁਰ ਦੇ ਨੀਸਾਣ**

ਪ੍ਰਾਚੀਨ ਸਮਿਆਂ ਵਿਚ ਹਿੰਦੁਸਤਾਨ ਵਿਚ ਬਾਦਸ਼ਾਹੀ ਫ਼ਰਮਾਨਾਂ ਵਿਚ ਦਸਖ਼ਤਾਂ ਵਜੋਂ ਬਾਦਸ਼ਾਹ ਆਪਣਾ ਨਾਉਂ ਨਹੀਂ ਸਨ ਲਿਖਿਆ ਕਰਦੇ। ਲਿਖਤ ਦੇ ਸਹੀ ਅਤੇ ਪਰਵਾਨ ਹੋਣ ਦੀ ਨਿਸ਼ਾਨੀ ਦੇ ਤੌਰ ਤੇ ਉਸ ਉਤੇ ਕੇਵਲ ਆਪਣਾ ਨਿਸ਼ਾਨ ਹੀ ਦਿੰਦੇ ਸਨ

ਅਤੇ ਇਹ ਨਿਸ਼ਾਨ ਆਮ ਕਰਕੇ ਫ਼ਾਰਸੀ ਦਾ ਅੱਧਾ ਅੱਖਰ ਸੁਆਦ ਹੁੰਦਾ ਸੀ ਜਿਸ ਦੇ ਅਰਥ 'ਸਹੀ' ਹੁੰਦੇ ਹਨ। ਇਸੇ ਦੀ ਨਕਲ ਪਰ ਬਹੁਤ ਸਾਰੇ ਸਿੱਖ ਅਤੇ ਹਿੰਦੂ ਰਾਜੇ, ਮਹਾਰਾਜੇ ਅਤੇ ਸਰਦਾਰ ਵੀ ਆਪਣਾ ਨਾਉਂ ਲਿਖਣ ਦੀ ਥਾਂ ਗੁਰਮੁਖੀ ਜਾਂ ਦੇਵ-ਨਾਗਰੀ ਅੱਖਰਾਂ ਵਿਚ 'ਸਹੀ' ਹੀ ਲਿਖਦੇ ਸਨ। ਅਠਾਰ੍ਹਵੀਂ ਸਦੀ ਤਕ ਇਹ ਹੀ ਰਵਾਜ ਸੀ। ਜਦ ਉਨ੍ਹੀਵੀਂ ਸਦੀ ਵਿਚ ਅੰਗਰੇਜ਼ਾਂ ਦੀ ਦੇਖਾ-ਦੇਖੀ ਕਿਧਰੇ-ਕਿਧਰੇ ਰਾਜਿਆਂ ਅਤੇ ਸਰਦਾਰਾਂ ਨੇ ਆਪਣੇ ਨਾਉਂ ਲਿਖਣੇ ਸ਼ੁਰੂ ਕਰ ਦਿੱਤੇ ਤਾਂ ਭੀ ਕਈ ਵਾਰੀ ਨਾਉਂ ਲਿਖਣ ਤੋਂ ਪਹਿਲਾਂ ਉਹ ਉਪਰ 'ਸਹੀ' ਸ਼ਬਦ ਲਿਖ ਦਿੰਦੇ ਸਨ। ਜਦ ਆਪਣੇ ਨਾਉਂ ਦੀਆਂ ਮੋਹਰਾਂ ਦਾ ਰਵਾਜ ਵਧਿਆ ਤਾਂ ਭੀ ਕਈ ਵਾਰੀ 'ਸਹੀ' ਲਿਖ ਹੁੰਦਾ ਰਿਹਾ।

ਗੁਰੂ ਸਾਹਿਬਾਂ ਦੇ ਸਮੇਂ ਜਦ ਕੋਈ ਪ੍ਰੇਮੀ ਸਿੱਖ ਨਿਜੀ ਪਾਠ ਲਈ ਜਾਂ ਧਰਮਸਾਲਾ, ਗੁਰਦੁਆਰਿਆਂ, ਡੇਰਿਆਂ ਆਦਿ ਵਿਚ ਅਸਥਾਪਨ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖਵਾਉਂਦੇ ਸਨ ਤਾਂ ਕਈ ਵਾਰ ਉਹ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਣ ਵੇਲੇ ਇਹ ਲਿਖਤੀ ਬੀੜਾਂ ਨਾਲ ਲੈ ਆਉਂਦੇ ਸਨ ਤਾਂ ਕਿ ਉਨ੍ਹਾਂ ਦੇ ਪਵਿੱਤਰ ਹੱਥਾਂ ਦੀ ਉਸ ਪੁਰ ਲਿਖਤ ਪੁਆ ਲੈਣ। ਸਿੱਖਾਂ ਦੀ ਸ਼ਰਧਾ ਅਤੇ ਪ੍ਰੇਮ-ਭਾਵਨਾ ਤੋਂ ਦ੍ਰਵਿਤ ਹੋ ਕੇ ਗੁਰੂ ਸਾਹਿਬ ਉਸ ਬੀੜ ਪੁਰ ਆਪਣੇ ਹੱਥਾਂ ਨਾਲ ਲਿਖਤ ਪਾ ਦਿੰਦੇ ਸਨ। ਉਹ ਇਸ ਪੁਰ ਆਪਣਾ ਨਾਉਂ ਨਹੀਂ ਸਨ ਲਿਖਦੇ, ਬਲਕਿ ੧ਓ ਸਤਿ ਨਾਮ, ੧ਓ ਸਤਿਗੁਰ ਪ੍ਰਸਾਦਿ, ੧ਓ ਗੁਰ ਸਤਿ ਆਦਿ ਸ਼ਬਦ ਲਿਖ ਦਿੰਦੇ ਸਨ। ਇਹ ਉਨ੍ਹਾਂ ਦੀ ਲਿਖਤ ਦਾ ਨਿਸ਼ਾਨ ਮਾਤਰ ਹੀ ਹੁੰਦਾ ਸੀ ਅਤੇ ਇਸ ਨੂੰ ਗੁਰੂ ਸਾਹਿਬ ਦੀ ਨਿਸ਼ਾਨੀ ਜਾਂ ਯਾਦ ਸਮਝਿਆ ਜਾਂਦਾ ਸੀ ਅਤੇ ਪ੍ਰੇਮੀ ਸਿੱਖ ਸੰਗਤਾਂ ਇਸ ਨਿਸ਼ਾਨੀ ਦੇ ਦਰਸ਼ਨ ਕਰਨਾ ਆਪਣਾ ਸੁਭਾਗ ਸਮਝਦੀਆਂ ਸਨ। ਉਨ੍ਹਾਂ ਦਾ ਨਿਸ਼ਾਨ ਦੇਖਣ ਨਾਲ ਗੁਰੂ ਦੀ ਪਰਤੱਖ ਮੂਰਤਿ ਉਨ੍ਹਾਂ ਦੇ ਸਾਹਮਣੇ ਆ ਜਾਂਦੀ ਸੀ।

ਇਹ ਲਿਖਤ ਜਾਂ ਨਿਸ਼ਾਨ ਕੇਵਲ ਇਕ ਨਿਸ਼ਾਨੀ ਹੀ ਹੁੰਦੀ ਸੀ, ਉਸ ਬੀੜ ਦੇ ਸਰਬ-ਸ਼ੁੱਧ ਜਾਂ ਪਰਵਾਨ ਹੋਣ ਦੀ ਤਸਦੀਕ ਨਹੀਂ ਸੀ ਹੁੰਦੀ। ਨਕਲਾਂ ਚੂੰਕਿ ਬਹੁਤੀਆਂ ਖਾਰੀ ਬੀੜ ਦੀਆਂ ਹੀ ਹੁੰਦੀਆਂ ਸਨ ਅਤੇ ਇਨ੍ਹਾਂ ਨਕਲਾਂ ਤੋਂ ਅੱਗੇ ਹੋਰ ਨਕਲਾਂ ਸੌਖੀਆਂ ਪਰਾਪਤ ਹੋ ਜਾਂਦੀਆਂ ਸਨ, ਇਸ ਲਈ ਕਈ ਥਾਈਂ ਇਨ੍ਹਾਂ ਖਾਰੀ ਬੀੜਾਂ ਪਰ ਵੀ 'ਨੀਸਾਣੁ' ਦੇਖਣ ਵਿਚ ਆਉਂਦੇ ਹਨ। ਇਨ੍ਹਾਂ ਨਿਸ਼ਾਨਾਂ ਤੋਂ ਕਿਸੀ ਪ੍ਰਕਾਰ ਦਾ ਸ਼ੱਕ ਨਹੀਂ ਪੈਣਾ ਚਾਹੀਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਪੁਰਾਤਨ ਲਿਖਤੀ ਬੀੜਾਂ ਪਰ 'ਨਿਸ਼ਾਨ' ਸ਼ਬਦ ਚੂੰਕਿ 'ਨੀਸਾਣੁ' ਲਿਖਿਆ ਹੋਇਆ ਹੈ, ਇਸ ਲਈ ਤਕਨੀਕੀ ਵਰਤੋਂ ਵਿਚ ਅਸੀਂ ਭੀ ਕਈ ਥਾਈਂ ਇਸੇ ਤਰ੍ਹਾਂ ਹੀ ਲਿਖਿਆ ਹੈ। ਇਹ ਹੀ ਨਹੀਂ, ਬਲਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਇਕ ਥਾਂ ਆਪਣਾ ਨਾਉਂ ਲਿਖਣ ਤੋਂ ਬਿਨਾਂ ਹੋਰ ਗੁਰੂ ਸਾਹਿਬਾਨ ਨੇ ਆਪਣਿਆਂ ਹੁਕਮਨਾਮਿਆਂ ਦੇ ਆਦਿ ਜਾਂ ਅੰਤ ਪਰ ਕਿਧਰੇ ਵੀ ਆਪਣਾ ਨਾਉਂ ਨਹੀਂ ਲਿਖਿਆ ਹੈ ਅਤੇ ਨਾ ਹੀ ਆਪਣੇ ਨਾਉਂ ਦੀ ਕਿਧਰੇ ਕੋਈ ਮੋਹਰ ਲਾਈ ਹੈ। ਕੇਵਲ

ਸਹੀ

ਗੁਰੂ ਜੀ ਦੇ ਨੀਸਾਣ

ਕੇਵਲ ਨੀਸਾਣ ਹੀ

ਖਾਰੀ ਬੀੜਾਂ ਦੇ ਉਤਾਰੇ

ਨਿਸ਼ਾਨ ਹੀ ਲਿਖਿਆ ਹੈ ਅਤੇ ਉਹ ਵੀ ਵਾਹਿਗੁਰੂ ਅਤੇ ਗੁਰੂ ਦੀ ਯਾਦ ਦਾ ਹੀ ਸੂਚਕ ਹੈ। ਨਿਸ਼ਾਨਾ ਅਤੇ ਹੁਕਮਨਾਮਿਆਂ ਵਿਚ ਜੋ ਸ਼ਬਦ ਆਮ ਆਏ ਹਨ, ਉਹ ਹਨ :

ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ॥

ੴ ਗੁਰ ਸਤਿ, ੴ ਸਤਿਗੁਰੂ, ਗੁਰ ਸਤਿ, ਗੁਰੂ ਸਤਿ, ਸਤਿਗੁਰ ਪ੍ਰਸਾਦਿ,
ਗੁਰੂ ਰਖਗ, ਗੁਰੂ ਰਖੇਗ, ਗੁਰੂ ਗੁਰੂ ਜਪਣਾ

ਇਥੇ ਪੂਰਾ ਮੂਲ ਮੰਤਰ ਵਾਹਿਗੁਰੂ ਦੀ ਸਿਫ਼ਤ ਸਲਾਹ ਹੈ ਅਤੇ ੴ ਗੁਰੂ ਸਤਿ, ੴ ਸਤਿਗੁਰੂ, ਸਤਿਗੁਰ ਪ੍ਰਸਾਦਿ, ਆਦਿ ਮੂਲ ਮੰਤਰ ਦੇ ਹੀ ਛੋਟੇ ਰੂਪ ਹਨ। 'ਗੁਰੂ ਗੁਰੂ ਜਪਣਾ' ਤੋਂ ਮਤਲਬ ਗੁਰ-ਸ਼ਬਦ, ਗੁਰਬਾਣੀ ਅਰਥਾਤ ਗੁਰੂ ਸਾਹਿਬਾਂ ਦੀ ਸਿੱਖਿਆ ਦਾ ਸਿਮਰਣ ਹੈ। 'ਗੁਰ ਰਖਗੁ' 'ਗੁਰੂ ਰਖੇਗਾ', 'ਗੁਰੂ ਬਾਹੁੜੀ ਕਰੇਗਾ' ਤੋਂ ਭਾਵ ਗੁਰੂ ਦੀ ਆਤਮ ਮਿਹਰ ਅਤੇ ਰੱਖਿਆ ਦੀ ਅਸੀਸ ਹੈ। ਵਾਹਿਗੁਰੂ ਦੀ ਯਾਦ ਅਤੇ ਗੁਰਬਾਣੀ ਦੇ ਸਿਮਰਨ ਤੋਂ ਮਨੁੱਖ ਦਾ ਮਨ ਸੁੱਤੇ ਹੀ ਦ੍ਰਵਦਾ ਹੈ ਅਤੇ ਨਿਰਮਲ ਹੋ ਕੇ ਜੀਵਨ ਸੰਵਰਨਾ ਸ਼ੁਰੂ ਹੋ ਜਾਂਦਾ ਹੈ, ਜਿਸ ਦੀ ਸਿੱਖਿਆ ਅਤੇ ਅਸੀਸ ਹੁਕਮਨਾਮਿਆਂ ਵਿੱਚ ਥਾਂ ਪਰ ਥਾਂ ਦਿੱਤੀ ਹੋਈ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਪਰ ਦੇ ਨਿਸ਼ਾਨ ਜ਼ਰਾ ਕੁ ਵੱਖਰੇ ਢੰਗ ਦੇ ਹਨ। ਸਭ ਤੋਂ ਉਪਰ ਖੁੱਲ੍ਹੀ ਖੜੀ ਕਿਰਪਾਨ ਜਾਂ ਖੰਡੇ ਦਾ ਨਿਸ਼ਾਨ ਹੈ। ਟਾਵੇਂ ਟਾਵੇਂ ਥਾਈਂ ਦੋ ਕਿਰਪਾਨਾਂ ਦੇ ਵੀ ਨਿਸ਼ਾਨ ਹਨ। ਉਸ ਦੇ ਖੱਬੇ ਪਾਸੇ ਇਕ ਬਿੰਦੀ ਹੈ ਅਤੇ ਸੱਜੇ ਇਕ ਜਾਂ ਦੋ ਬਿੰਦੀਆਂ ਜਾਂ ਹਾਈਫ਼ਨ (.. -) ਹਨ। ਇਸ ਦੇ ਤਲੇ ਦੋ ਲਕੀਰਾਂ ਹਨ। ਇਨ੍ਹਾਂ ਦੇ ਤਲੇ ਇਕ ਛੋਟਾ ਏਕਾ (੧) ਅਤੇ ਇਸ ਤੋਂ ਬਾਦ, ਇਕ, ਦੋ, ਤਿੰਨ ਜਾਂ ਚਾਰ ਵਾਰ ਅੱਖਰ 'ਸ' ਹੁੰਦਾ ਹੈ। ਇਸ ਦੇ ਹੇਠਾਂ ਫੇਰ ਦੋ ਲਕੀਰਾਂ ਹੁੰਦੀਆਂ ਹਨ ਅਤੇ ਖੱਬੇ ਪਾਸੇ ਇਕ ਵੱਡਾ ੧ ਅਤੇ ਨੀਚੇ ਦੋ ਛੋਟੇ, ਛੋਟੇ 'ਰ' ਅੱਖਰ ਹੁੰਦੇ ਹਨ ਅਤੇ ਉਨ੍ਹਾਂ ਤੋਂ ਬਾਦ ਇਕ ਬਿੰਦੀ। ਇਸ ਤਰ੍ਹਾਂ ਨਿਸ਼ਾਨ ਪੂਰਾ ਹੋ ਜਾਂਦਾ ਹੈ। ਇਸ ਤੋਂ ਨੀਚੇ ਫੇਰ ਦੋ ਲਕੀਰਾਂ ਪਾ ਕੇ ਆਪਣੀ ਫੁਰਮਾਇਸ਼ ਬਹੁਤ ਹੀ ਸੰਖੇਪ ਕਰ ਕੇ ਦਿੱਤੀ ਹੋਈ ਹੁੰਦੀ ਹੈ ਅਤੇ ਜੇ ਫ਼ਰਮਾਇਸ਼ ਲੰਬੀ ਨਾ ਹੋਵੇ ਤਾਂ ਇਕ ਸ਼ਬਦ ਲਈ ਇਕ ਅੱਖਰ ਹੀ ਲਿਖਿਆ ਹੋਇਆ ਹੁੰਦਾ ਹੈ। ਉਦਾਹਰਣ ਦੇ ਤੌਰ ਤੇ, ਜੇ ਇਕ ਤੋਲਾ ਸੋਨਾ ਭੇਜਣ ਦੀ ਫ਼ਰਮਾਇਸ਼ ਹੋਵੇ ਤਾਂ ਕੇਵਲ ਇਹ ਅੱਖਰ ਹੀ ਹੋਣਗੇ, ੧) ਸ ਭ, ਅਰਥਾਤ '੧' ਇਕ ਲਈ, 'ਸ' ਸੋਨੇ ਲਈ ਅਤੇ 'ਭ' ਭੇਜਣ ਲਈ। ਇਸੇ ਤਰ੍ਹਾਂ ਰੁਪਈਏ ਲਿਖ ਕੇ 'ਹ' ਅਖਰ ਹੁੰਦਾ ਹੈ, ਜਿਸ ਦੇ ਅਰਥ ਹਨ ਕਿ ਹੁੰਡੀ, ਕਿਰਾਏ ਕੇ ਭੇਜਣੇ। ਜੇ ਰਕਮ ਕਿਸੇ ਨੂੰ ਬਖ਼ਸ਼ੀ ਹੋਵੇ ਤਾਂ ਉਸ ਦਾ ਨਾਉਂ ਲਿਖਿਆ ਹੋਇਆ ਹੁੰਦਾ ਹੈ। ਜੇ ਕਿਸੇ ਸਿੱਖ ਜਾਂ ਸ਼ਹਿਰ ਦੀ ਸੰਗਤ ਦੇ ਨਾਉਂ ਹੋਵੇ ਤਾਂ ਕਈ ਵਾਰੀ ਉਸ ਦਾ ਨਾਉਂ ਭੀ ਲਿਖਿਆ ਹੋਇਆ ਹੁੰਦਾ ਹੈ। ਜੇ ਇਹ ਇਥੇ ਨਾ ਹੋਵੇ ਤਾਂ ਹੇਠਾਂ ਲਿਖਾਰੀ ਦੀ ਲਿਖਤ ਵਿਚ ਨਾਉਂ ਦਿੱਤਾ ਹੋਇਆ ਹੁੰਦਾ ਹੈ।

**ਹੁਕਮਨਾਮਿਆਂ ਦਾ ਲਿਖਣ-ਢੰਗ**

ਨੌਵੇਂ ਗੁਰੂ ਤੇਗ ਬਹਾਦੁਰ ਸਾਹਿਬ ਦੇ ਸਮੇਂ ਤਕ ਦੇ ਹੁਕਮਨਾਮੇ ਆਮ ਤੌਰ ਤੇ ਗੁਰੂ ਸਾਹਿਬਾਂ ਦੇ ਆਪਣੀ ਹੱਥੀਂ ਲਿਖੇ ਹੋਏ ਮਿਲਦੇ ਹਨ। ਇਨ੍ਹਾਂ ਦੇ ਇਸ ਸੰਚੇ ਵਿਚ ਆਏ ੨੨ ਹੁਕਮਨਾਮਿਆਂ ਵਿਚੋਂ ੧੭ ਤਾਂ ਸਾਰੇ ਦੇ ਸਾਰੇ ਉਨ੍ਹਾਂ ਦੇ ਆਪਣੇ ਲਿਖੇ ਹੋਏ ਹਨ। ਬਾਕੀ ਦੇ ਪੰਜ (੮, ੨੫, ੨੭, ੨੮, ੨੯) ਪਰ ਉਨ੍ਹਾਂ ਦਾ ਨਿਸ਼ਾਨ ਅਤੇ ਸੰਗਤਾਂ ਆਦਿ ਦੇ ਨਾਉਂ ਉਨ੍ਹਾਂ ਦੇ ਆਪਣੇ ਹੱਥੀਂ ਲਿਖੇ ਹੋਏ ਹਨ ਅਤੇ ਤਲੇ ਵਿਸਤਾਰ ਲਿਖਾਰੀ ਦਾ ਲਿਖਿਆ ਹੋਇਆ ਹੈ। ਮਾਤਾ ਗੁਜਰੀ ਜੀ ਦੇ ਦੋਵੇਂ ਹੁਕਮਨਾਮੇ (੩੦-੩੧) ਭੀ ਇਸੇ ਤਰ੍ਹਾਂ ਦੇ ਹਨ।

ਜਿਵੇਂ ਉਪਰ ਦੱਸਿਆ ਗਿਆ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਇਸ ਗੱਲ ਵਿਚ ਵਿਲੱਖਣ ਹਨ ਕਿ ਉਨ੍ਹਾਂ ਉਪਰ ਨਿਸ਼ਾਨ ਇਕ ਖ਼ਾਸ ਨਿਰਾਲੇ ਢੰਗ ਦੇ ਹਨ। ਇਨ੍ਹਾਂ ਦੇ ਹੁਕਮਨਾਮਿਆਂ ਦੇ ਦਰਸ਼ਨ ਅਤੇ ਪੜਤਾਲ ਤੋਂ ਸਾਫ਼ ਪਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਹੁਕਮਨਾਮੇ ਲਿਖਣ ਵੇਲੇ ਲਿਖਾਰੀ ਨੂੰ ਪਾਸ ਬੁਲਾ ਲੈਂਦੇ ਸਨ ਅਤੇ ਜਿਨ੍ਹਾਂ ਕਾਗ਼ਜ਼ਾਂ ਪਰ ਹੁਕਮਨਾਮੇ ਲਿਖਣੇ ਹੁੰਦੇ ਸਨ, ਉਨ੍ਹਾਂ ਪਰ ਆਪਣੇ ਖ਼ਾਸ ਨਿਸ਼ਾਨ ਪਾ ਕੇ ਇਸ਼ਾਰੇ ਮਾਤਰ ਸੰਖੇਪ ਕਰਕੇ ਫ਼ੁਰਮਾਇਸ਼ ਲਿਖ ਦਿੰਦੇ ਸਨ ਅਤੇ ਲਿਖਾਰੀ ਨੂੰ ਸਮਝਾ ਦਿੰਦੇ ਸਨ ਕਿ ਹੁਕਮਨਾਮੇ ਦਾ ਵਿਸਤਾਰ ਕਿਵੇਂ ਕਰਨਾ ਹੈ। ਇਸ ਤੋਂ ਬਾਦ ਸਭ ਤੋਂ ਨੀਚੇ ਲਿਖਾਰੀ ਪਹਿਲਾਂ ੧ਓ ਗੁਰੂ ਸਤਿ, ੧ਓ ਸਤਿਗੁਰੂ ਜਾਂ ੧ਓ ਸਤਿਗੁਰੂ ਜੀਓ, ਵਖਰੀ ਸਤਰ ਵਿਚ ਲਿਖ ਕੇ ਉਸੇ ਤਰ੍ਹਾਂ ਵਾਹਿਗੁਰੂ ਸਤਿਗੁਰੂ ਦੇ ਨਾਉਂ ਨਾਲ ਆਪਣੀ ਲਿਖਤ ਆਰੰਭ ਕਰਦਾ ਸੀ ਜਿਵੇਂ ਕਿ ਮੁਸਲਮਾਨ ਲਿਖਾਰੀ ਅੱਲਾ ਦੇ ਨਾਉਂ ਨਾਲ ਅਤੇ ਹਿੰਦੂ ਗਣੇਸ਼, ਰਾਮ, ਕਿਸ਼ਨ ਆਦਿ ਦੇ ਨਾਉਂ ਨਾਲ 'ਬਿਸਮਿੱਲਾ-ਉ-ਰਹਿਮਾਨੁ-ਰਹੀਮ' ਅਤੇ 'ਗਣੇਸ਼ਾਇ ਨਮਾ' ਆਦਿ ਲਿਖ ਕੇ ਕਰਦੇ ਸਨ। ਮੁਸਲਮਾਨ ਅਤੇ ਸਿੱਖਾਂ ਵਿੱਚ ਹੁਣ ਤਕ ਭੀ ਇਹ ਰਿਵਾਜ ਚਲਿਆ ਆ ਰਿਹਾ ਹੈ ਅਤੇ ਸਿੱਖ ਆਪਣੀ ਲਿਖਤ '੧ਓ ਸਤਿਗੁਰ ਪ੍ਰਸਾਦਿ' ਨਾਲ ਸ਼ੁਰੂ ਕਰਦੇ ਹਨ।

ਲਿਖਾਰੀ ਹੁਕਮਨਾਮੇ ਦੇ ਮਜ਼ਮੂਨ ਨੂੰ ਇਨ੍ਹਾਂ ਸ਼ਬਦਾਂ ਨਾਲ ਆਰੰਭ ਕਰਦਾ ਸੀ : "ਸ੍ਰੀ ਸਤਿਗੁਰੂ (ਜਾਂ ਸ੍ਰੀ ਗੁਰੂ) ਜੀ ਦੀ ਆਗਿਆ ਹੈ", ਤਾਕਿ ਅਗਲੇ ਨੂੰ ਜ਼ਿਸ ਦੇ ਕਿ ਨਾਉਂ ਹੁਕਮਨਾਮਾ ਲਿਖਿਆ ਹੋਇਆ ਹੈ, ਇਹ ਸਪਸ਼ਟ ਹੋ ਜਾਏ ਕਿ ਜੋ ਕੁਝ ਭੀ ਇਸ ਵਿਚ ਲਿਖਿਆ ਹੋਇਆ ਹੈ, ਉਹ ਗੁਰੂ ਜੀ ਦੇ ਹੁਕਮ ਨਾਲ ਲਿਖਿਆ ਗਿਆ ਹੈ ਅਤੇ ਇਹ ਉਨ੍ਹਾਂ ਦੇ ਹੁਕਮ ਦਾ ਹੀ ਵਿਸਤਾਰ ਹੈ। ਫ਼ਾਰਸੀ ਵਿਚ ਇਸ ਪਰਕਾਰ ਦੀ ਲਿਖਤ ਨੂੰ ਹਸਬੁਲ-ਹੁਕਮ, ਹਸਬੁਲ-ਅਮਰ ਅਤੇ ਹਸਬੁਲ-ਅਰਸ਼ਾਦ ਕਹਿੰਦੇ ਹਨ। ਇਹ ਉਸੇ ਤਰ੍ਹਾਂ ਸੀ ਜਿਵੇਂ ਕਿਸੇ ਵੱਡੇ ਵਲੋਂ ਲਿਖੀ ਹੋਈ ਅੰਗਰੇਜ਼ੀ ਚਿੱਠੀ ਵਿਚ ਲਿਖਿਆ ਜਾਂਦਾ ਹੈ ਕਿ I am directed to write that, ਅਰਥਾਤ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ। ਜੇ ਕਿਸੀ ਖ਼ਾਸ ਗੱਲ ਪਰ ਜ਼ੋਰ ਦੇਣਾ ਹੁੰਦਾ ਸੀ ਤਾਂ ਉਸ ਨੂੰ ਜਾਂ ਤਾਂ ਦੁਹਰਾਇਆ

ਜਾਂਦਾ ਸੀ ਜਾਂ 'ਜ਼ਰੂਰ' ਸ਼ਬਦ ਵਰਤਿਆ ਜਾਂਦਾ ਸੀ। ਲਿਖਤ ਖ਼ਤਮ ਕਰਨ ਤੋਂ ਪਹਿਲਾਂ ਗੁਰੂ ਜੀ ਵਲੋਂ ਅਸੀਸ ਲਿਖੀ ਜਾਂਦੀ ਸੀ ਅਤੇ ਫੇਰ ਲਿਖਣ ਦੀ ਤਾਰੀਖ਼ (ਬਿਕਰਮੀ ਸੰਮਤ ਅਤੇ ਮਿਤੀ, ਚੰਦਰਮਾ ਦੀ ਸੁਦੀ, ਵਦੀ ਜਾਂ ਸੂਰਜੀ ਪਰਵਿਸ਼ਟਾ) ਦਿੱਤੀ ਜਾਂਦੀ ਸੀ। ਅੰਤ ਵਿਚ ਸਤਰਾਂ ਦੀ ਗਿਣਤੀ ਦੇ ਦਿੱਤੀ ਜਾਂਦੀ ਸੀ ਤਾਂ ਕਿ ਕਿਸੀ ਹੋਰ ਵਲੋਂ ਆਖੇਪ ਜਾਂ ਵਾਧੇ ਘਾਟੇ ਦੀ ਗੁੰਜਾਇਸ਼ ਨਾ ਰਹੇ। ਜੇ ਇਸ ਤਰ੍ਹਾਂ ਲਿਖਤ ਪੂਰੀ ਹੋ ਚੁਕਣ ਤੋਂ ਬਾਦ ਫੇਰ ਭੀ ਕੁਝ ਲਿਖਣ ਦੀ ਲੋੜ ਪੈ ਜਾਏ ਤਾਂ ਇਸ ਨਵੀਂ ਲਿਖਤ ਦੇ ਅੰਤ ਵਿਚ ਕੁਲ ਸਤਰਾਂ ਦਾ ਜੋੜ ਫੇਰ ਦੇ ਦਿੱਤਾ ਜਾਂਦਾ ਸੀ। ਕਈ ਵਾਰ ਸਭ ਤੋਂ ਅਖ਼ੀਰ ਇਹ ਲਿਖ ਦਿਤਾ ਜਾਂਦਾ ਸੀ ਕਿ ਮੇਵੜੇ (ਡਾਕੀਏ ਜਾਂ ਹੁਕਮਨਾਮਾ ਲੈ ਕੇ ਜਾਣ ਵਾਲੇ) ਨੂੰ ਕੀ ਕੁਝ ਦੇਣਾ ਹੈ, ਜਿਵੇਂ ਕਿ 'ਇਕ ਰੁਪਯਾ ਮੇਵੜੇ ਨੋ ਦੇਣਾ', ਆਦਿ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਲਿਖਾ-ਪੜ੍ਹੀ ਲਈ ਇਕ ਬਾਕਾਇਦਾ ਦਫ਼ਤਰ ਕਾਇਮ ਹੋਇਆ ਪਰਤੀਤ ਹੁੰਦਾ ਹੈ ਜਿਥੇ ਕਿ ਰਜਿਸਟਰ ਵਿਚ ਹੁਕਮਨਾਮੇ ਅਤੇ ਹੋਰ ਚਿੱਠੀ-ਪੱਤਰ ਬਾਹਰ ਭੇਜਣ ਤੋਂ ਪਹਿਲਾਂ ਦਰਜ ਕੀਤੇ ਜਾਂਦੇ ਸਨ ਅਤੇ ਉਨ੍ਹਾਂ ਪਰ ਰਜਿਸਟਰ ਦਾ ਕ੍ਰਮ-ਅਨੁਸਾਰ ਅੰਕ ਲਾ ਦਿੱਤਾ ਜਾਂਦਾ ਸੀ ਜੋ ਲਿਖਾਰੀ ਦੀ ਲਿਖਤ ਦੇ ਉਪਰ ਹੁੰਦਾ ਸੀ। ਹੋ ਸਕਦਾ ਹੈ ਕਿ ਗੁਰੂ ਸਾਹਿਬ ਦੀ ਆਗਿਆ ਨਾਲ ਲਿਖੇ ਗਏ ਹੁਕਮਨਾਮਿਆਂ ਦੀਆਂ ਨਕਲਾਂ ਭੀ ਰਖੀਆਂ ਜਾਂਦੀਆਂ ਹੋਣ ਜਿਵੇਂ ਕਿ ਸਰਕਾਰੀ ਦਫ਼ਤਰਾਂ ਵਿਚ ਰਖੀਆਂ ਜਾਂਦੀਆਂ ਹਨ। ਪਰ ਹਾਲ ਤਕ ਅਜਿਹੀ ਕੋਈ ਸੰਚੀ ਨਹੀਂ ਮਿਲੀ ਜਿਸ ਤੋਂ ਇਹ ਗੱਲ ਨਿਸ਼ਚੇ ਨਾਲ ਕਹੀ ਜਾ ਸਕੇ। ਹੁਕਮਨਾਮਿਆਂ ਪਰ ਲੱਗੇ ਹੋਏ ਅੰਕਾਂ ਤੋਂ ਅਨੁਮਾਨ ਜ਼ਰੂਰ ਇਹ ਲਗਦਾ ਹੈ। ਕੋਈ ਵੱਡੀ ਗੱਲ ਨਹੀਂ ਕਿ ਇਹ ਸਭ ਰਿਕਾਰਡ ਭੀ ਅੰਤਲੀ ਵਾਰ ਆਨੰਦਪੁਰ ਛੱਡਣ ਤੋਂ ਬਾਦ ਹੋਰ ਸਾਹਿੱਤ ਭੰਡਾਰ ਦੇ ਨਾਲ ਹੀ ਸਰਸਾ ਭੇਟ ਹੋ ਗਿਆ ਹੋਵੇ।

ਮਾਤਾ ਗੁਜਰੀ ਜੀ ਦੇ ਦੋਵੇਂ ਹੁਕਮਨਾਮੇ (੩੦-੩੧) ਚੂੰਕਿ ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ, ਪਰ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ, ਲਿਖੇ ਗਏ ਜਾਪਦੇ ਹਨ ਇਸ ਲਈ ਲਿਖਾਰੀ ਨੇ ਇਕ ਪਰ "ਸ੍ਰੀ ਗੁਰੂ ਜੀ ਕੀ ਆਗਿਆ ਹੈ..." ਅਤੇ ਦੂਸਰੀ ਪਰ "ਸ੍ਰੀ ਗੁਰੂ ਜੀ ਦਾ ਹੁਕਮ ਮੰਨਣਾ ਸ੍ਰੀ ਮਾਤਾ ਜੀ ਕੀ ਖੁਸ਼ੀ ਵਾਚਣੀ...." ਲਿਖਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਬਾਬਾ ਬੰਦਾ ਸਿੰਘ ਬਹਾਦੁਰ ਦੀ ਪਦਵੀ ਕੇਵਲ ਇਥੇ ਫ਼ੌਜੀ ਅਤੇ ਰਾਜਸੀ ਆਗੂ ਦੀ ਹੀ ਸੀ। ਇਸ ਨੂੰ ਨਾਂਦੇੜ ਵਿਚ ਅੰਮ੍ਰਿਤ ਛਕਾ ਕੇ ਗੁਰੂ ਜੀ ਨੇ ਸਿੰਘ ਸਜਾਇਆ ਅਤੇ ਖ਼ਾਲਸੇ ਦੀ ਅਗਵਾਈ ਲਈ ਪੰਜਾਬ ਭੇਜਿਆ ਸੀ। ਇਸ ਦੀ ਧਾਰਮਕ ਪੋਜ਼ੀਸ਼ਨ ਹੋਰ ਖ਼ਾਲਸਿਆਂ ਵਾਲੀ ਹੀ ਸੀ, ਅਤੇ ਚੂੰਕਿ ਗੁਰੂ ਜੀ ਦਾ ਦੇਹਾਂਤ ਹੋ ਚੁੱਕਾ ਸੀ, ਇਸ ਲਈ ਇਸ ਵਲੋਂ ਜਾਰੀ ਹੋਏ ਹੁਕਮਨਾਮਿਆਂ ਪਰ ਗੁਰੂ ਸਾਹਿਬਾਂ ਅਤੇ ਮਾਤਾ ਜੀ ਦੇ ਨਿਸ਼ਾਨ ਦੀ ਥਾਂ ਗੁਰੂ ਕੇ ਇਕ ਸ਼ਰਧਾਵਾਨ ਸਿੰਘ ਵਾਲੀ ਮੋਹਰ ਸੀ ਜੋ ਇਸ ਭਾਵ ਦੀ ਸੂਚਕ ਸੀ ਕਿ ਉਸ ਦੇ ਜ਼ੁਮੇ ਲਗੀ ਹੋਈ 'ਦੇਗ' ਅਤੇ 'ਤੇਗ਼' ਰਾਹੀਂ ਜਨਤਾ ਦੀ ਸੇਵਾ ਦੇ ਸਾਧਨ ਅਤੇ ਉਨ੍ਹਾਂ ਰਾਹੀ ਪਰਾਪਤ ਹੋਈ ਤੁਰੰਤ ਸਹਾਇਤਾ

ਅਤੇ ਫ਼ਤਹਿ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀਆਂ ਬਖ਼ਸ਼ਸ਼ਾਂ ਹਨ। ਮੋਹਰ ਦੇ ਲਫ਼ਜ਼ ਸਨ :

دیگ و تیغ و فتح و نصرت بیدرنگ
یافت از نانک گورو گوبند سنگھ

ਦੇਗੋ ਤੇਗੋ ਫ਼ਤਹਿ ਉ ਨਸਰਤ ਬੇ-ਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਇਹ ਮੋਹਰ ਦੀ ਬਾਦ ਵਿਚ ਖ਼ਾਲਸੇ ਵਲੋਂ ਜਾਰੀ ਕੀਤੇ ਗਏ ਸਿੱਕਿਆਂ ਉੱਤੇ ਲਾਉਣ ਵਾਲੇ ਠੱਪਿਆਂ ਵਾਸਤੇ ਪਰਵਾਨ ਕੀਤੀ ਗਈ ਸੀ।

ਇਸ ਮੋਹਰ ਤੋਂ ਬਾਦ ਲਿਖਾਰੀ ਦੀ ਲਿਖਤ ਸ਼ੁਰੂ ਹੁੰਦੀ ਹੈ, ਜਿਨ੍ਹਾਂ ਉੱਤੇ ਸਭ ਤੋਂ ਪਹਿਲਾਂ '੧ੴ ਫ਼ਤੇ ਦਰਸਨੁ' ਸ਼ਬਦ ਹਨ ਜਿਸ ਦੇ ਅਰਥ ਹਨ : ੧ੴ ਕਾਰ ਵਾਹਿਗੁਰੂ ਜੀ ਦੇ ਦਰਸ਼ਨ (ਸਿਮਰਨ) ਨਾਲ ਫ਼ਤਹਿ ਦੀ ਪ੍ਰਾਪਤੀ। ਇਸ ਨੂੰ ਬਾਬਾ ਬੰਦਾ ਸਿੰਘ ਦਾ ਨਿਸ਼ਾਨ ਭੀ ਕਿਹਾ ਜਾ ਸਕਦਾ ਹੈ। ਇਸ ਨੂੰ ਉਸ ਵੇਲੇ ਕੁਝ ਖ਼ਾਲਸੇ ਨੇ ਇਹ ਸਮਝਿਆ ਕਿ ਸ਼ਾਇਦ ਬਾਬਾ ਬੰਦਾ ਸਿੰਘ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਕਹੀ ਗਈ 'ਵਾਹਿਗੁਰੂ ਜੀ ਕੀ ਫ਼ਤਹਿ' ਦੀ ਥਾਂ ਚਾਲੂ ਕਰਨਾ ਚਾਹੁੰਦੇ ਹਨ। ਇਸ ਲਈ ਇਸ ਦਾ ਕੁਝ ਕੁ ਵਿਰੋਧ ਹੁੰਦਾ ਦੇਖ ਕੇ ਇਸ ਦੀ ਥਾਂ 'ਵਾਹਿਗੁਰੂ ਜੀ ਦੀ ਫ਼ਤਹਿ' ਹੀ ਜਾਰੀ ਰੱਖੀ ਗਈ।

ਗੁਰੂ ਸਾਹਿਬਾਨ ਦੇ ਹੁੰਦੇ ਲਿਖਾਰੀ ਹੁਕਮਨਾਮੇ ਦੀ ਲਿਖਤ ਨੂੰ 'ਸ੍ਰੀ ਗੁਰੂ ਜੀ ਕੀ ਆਗਿਆ ਹੈ' ਨਾਲ ਆਰੰਭ ਕਰਿਆ ਕਰਦੇ ਸਨ। ਬੰਦਾ ਸਿੰਘ ਜੀ ਦੇ ਵੇਲੇ ਚੂੰਕਿ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾ ਚੁੱਕੇ ਸਨ ਅਤੇ ਦੇਹ-ਧਾਰੀ ਗੁਰੂ ਦੀ ਪ੍ਰਥਾ ਨੂੰ ਉਨ੍ਹਾਂ ਨੇ ਸਦਾ ਲਈ ਬੰਦ ਕਰ ਦਿੱਤਾ ਸੀ, ਇਸ ਲਈ ਹੁਣ ਖ਼ਾਲਸੇ ਪਰ ਹੁਕਮ ਕੇਵਲ ਸ੍ਰੀ ਅਕਾਲ-ਪੁਰਖ ਸੱਚੇ-ਸਾਹਿਬ ਦਾ ਹੀ ਲਾਗੂ ਹੋ ਸਕਦਾ ਸੀ, ਹੋਰ ਕਿਸੇ ਦਾ ਨਹੀਂ। ਇਸ ਗੱਲ ਨੂੰ ਮੁਖ ਰਖ ਕੇ ਬਾਬਾ ਬੰਦਾ ਸਿੰਘ ਨੇ 'ਸ੍ਰੀ ਸੱਚੇ ਸਾਹਿਬ ਜੀ ਕਾ ਹੁਕਮ ਹੈ' ਨਾਲ ਹੁਕਮਨਾਮੇ ਲਿਖੇ ਜਾਣ ਦੀ ਪ੍ਰਥਾ ਤੋਰੀ ਅਤੇ ਕਿਹਾ, "ਤੁਸੀਂ ਸ੍ਰੀ ਅਕਾਲਪੁਰਖ ਜੀ ਕਾ ਖ਼ਾਲਸਾ ਹੋ", ਖ਼ਾਲਸੇ ਦਾ ਰਾਖਾ ਗੁਰੂ (ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ) ਨੂੰ ਦਸਦੇ ਹੋਏ ਉਸੇ ਦੇ ਸਿਮਰਣ ਕਰਨ ਲਈ ਕਿਹਾ ਜਿਸ ਨਾਲ ਕਿ 'ਜਨਮ ਸਵਰੇਗਾ'। ਅੰਤ ਵਿਚ ਬਾਬਾ ਬੰਦਾ ਸਿੰਘ ਜੀ ਨੇ ਆਪਣੀ ਵਲੋਂ ਲਿਖਿਆ, "ਮੇਰਾ ਹੁਕਮ ਹੈ" ਜੋ ਖ਼ਾਲਸੇ ਦੀ ਰਹਿਤ ਰਹੇਗਾ ਜਿਸ ਦੀ ਗੁਰੂ ਬਾਹੁੜੀ ਕਰੇਗਾ।"

ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵੀ ਜੀ ਦੇ ਹੁਕਮਨਾਮਿਆਂ (੬੮-੭੫) ਪਰ ਪਹਿਲਾਂ ਉਪਰ ਸੱਜੇ ਪਾਸੇ ਉਨ੍ਹਾਂ ਦੇ ਆਪਣੀ ਹੱਥੀਂ ਪਹਿਲੀ ਸਤਰ ਵਿਚ '੧ੴ ਸਤਿਗੁਰੂ ਜੀ' ਅਤੇ ਦੂਸਰੀ ਸਤਰ ਵਿਚ 'ਸਰਬਤ ਸੰਗਤ ਗੁਰੂ ਰਖੈਗਾ' ਆਦਿ ਲਿਖਿਆ ਹੈ। ਕੁਝ ਪਰ ਸ਼ਬਦ 'ਸੰਗਤ' ਦੀ ਥਾਂ 'ਖ਼ਾਲਸਾ' ਲਿਖਿਆ ਹੋਇਆ ਹੈ। ਕੁਝ ਪਰ ਇਥੇ

ਜਿਸ ਨੂੰ ਹੁਕਮਨਾਮਾ ਲਿਖਿਆ ਗਿਆ ਹੈ ਉਸ ਦਾ ਨਾਉਂ ਜਾਂ ਸੰਗਤ ਦਾ ਅਸਥਾਨ ਦਿੱਤਾ ਹੋਇਆ ਹੈ ਅਤੇ ਸੰਖੇਪ ਕਰ ਕੇ ਫ਼ੁਰਮਾਇਸ਼ ਦਾ ਭੀ ਜ਼ਿਕਰ ਹੈ। ਲਿਖਾਰੀ ਦੀ ਲਿਖ਼ਤ '੧ਓ ਸਤਿਗੁਰੂ ਜੀ' 'ਸ੍ਰੀ ਮਾਤਾ ਜੀ ਦੀ ਆਗਿਆ ਹੈ' ਨਾਲ ਸ਼ੁਰੂ ਹੁੰਦੀ ਹੈ ਅਤੇ ਅੰਤ ਵਿਚ ਸੰਮਤ, ਮਿਤੀ ਅਤੇ ਸਤਰਾਂ ਦੀ ਗਿਣਤੀ ਦਿੱਤੀ ਹੋਈ ਹੈ। ਹੁਕਮਨਾਮੇ ਨੰਬਰ ੭੫, ੭੭, ੭੮ ਪਰ ਸ੍ਰੀ ਮਾਤਾ ਸਾਹਿਬ ਦੇਵੀ ਜੀ ਦਾ ਨਾਉਂ ਦਿੱਤਾ ਹੋਇਆ ਹੈ। ਇਸ ਨੇ ਉਨ੍ਹਾਂ ਦੀ ਹੱਥ-ਲਿਖਤ ਨੂੰ ਪਛਾਣਨ ਦੀ ਸਹੂਲਤ ਪੈਦਾ ਕਰ ਦਿੱਤੀ ਹੈ ਅਤੇ ਇਸ ਨਾਲ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵੀ ਜੀ ਦੇ ਹੁਕਮਨਾਮਿਆਂ ਨੂੰ ਨਖੇੜਨਾ ਸੌਖਾ ਹੋ ਗਿਆ ਹੈ।

ਅੰਤ ਵਿਚ ਦੋ ਹੁਕਮਨਾਮਿਆਂ (੮੬-੮੭) ਤਖ਼ਤ ਸਾਹਿਬਾਂ ਦੇ ਇਸ ਸੰਚੀ ਵਿਚ ਸ਼ਾਮਲ ਕੀਤੇ ਗਏ ਹਨ। ਨੰਬਰ ੮੬ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਤੋਂ ਜਾਰੀ ਹੋਇਆ ਹੈ ਅਤੇ ਨੰਬਰ ੮੭ ਸ੍ਰੀ ਹਰਿਮੰਦਰ ਸਾਹਿਬ ਪਟਨਾ ਤੋਂ। ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਪਰ 'ਅਕਾਲ ਸਹਾਇ ਖ਼ਾਲਸਾ ਜੀ' ਦੀ ਮੋਹਰ ਲੱਗੀ ਹੋਈ ਹੈ ਅਤੇ ਲਿਖਾਰੀ ਦੀ ਲਿਖ਼ਤ 'ਸਤਿ ਸ੍ਰੀ ਅਕਾਲ ਪੁਰਖ ਜੀ ਕੇ ਖ਼ਾਲਸੇ ਕਾ ਬਚਨ ਹੈ' ਨਾਲ ਸ਼ੁਰੂ ਹੁੰਦੀ ਹੈ। ਪਟਨਾ ਸਾਹਿਬ ਦੇ ਹੁਕਮਨਾਮੇ ਪਰ '੧ਓ ਸਤਿ ਗੁਰ ਪ੍ਰਸਾਦਿ ਦੇਗੋ ਤੇਗੋ ਫ਼ਤਹਿ ਓ ਨੁਸਰਤ ਬੇ-ਦਿਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ' ਦੀ ਮੋਹਰ ਹੈ ਅਤੇ ਉਸ ਦੇ ਹੇਠਾਂ ਵੱਖਰੀ ਸਤਰ ਵਿਚ "੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ।" ਲਿਖਾਰੀ ਦਾ ਲਿਖਿਆ ਹੋਇਆ ਹੈ। ਹੁਕਮਨਾਮੇ ਦੀ ਲਿਖਤ ਇਸ ਤਰ੍ਹਾਂ ਆਰੰਭ ਹੁੰਦੀ ਹੈ :

"ਲਿਖਤੁਮ ਤਖ਼ਤ ਦਰਬਾਰ ਹਜ਼ੂਰ ਸ੍ਰੀ ਹਰਿਮੰਦਰ ਜੀ ਸਾਹਿਬ ਤੇ।"

ਇਸ ਤੋਂ ਬਾਦ ਇਕ ਦੋਹਰਾ ਲਿਖ ਕੇ ਸ੍ਰੀ ਹਰਮੰਦਿਰ ਸਾਹਿਬ ਜੀ ਦੇ ਮਹੰਤ, ਪੁਜਾਰੀ ਸਿੰਘਾਂ, ਅਰਦਾਸੀਏ, ਦਰੋਗੇ ਆਦਿ ਦੇ ਨਾਉਂ ਲਿਖ ਕੇ ਕੰਤ ਨਗਰ ਆਦਿ ਦੇ ਖ਼ਾਲਸਾ ਜੀ ਨੂੰ ਇਸ ਤਰ੍ਹਾਂ ਸੰਬੋਧਨ ਕੀਤਾ ਹੈ :

ਸ੍ਰੀ ਵਾਹਿਗੁਰੂ ਜੀ ਕੇ ਪਿਆਰੇ। ਸ੍ਰੀ ਸਤਿਗੁਰੂ ਜੀ ਕੇ ਸਵਾਰੇ।
ਸ੍ਰੀ ਵਾਹਿਗੁਰੂ ਜੀ ਕੇ ਮੰਨੇ। ਸੁਭ ਜਨਮੁ ਧੰਨ ਧੰਨੇ।
ਪਰ-ਉਪਕਾਰੀ ਸਨਮੁਖਿ ਦਰਬਾਰੀ। ਉਜਲ ਮਸਤਕ ਪਰਮ ਸੁਜਾਨ।
ਮੁਖ ਉਜਾਗਰ। ਜਗਤ ਮੈ ਗੁਰ-ਦਰਗਹਿ ਪ੍ਰਵਾਨਿ।
ਸਰਬ ਉਪਮਾ ਜੋਗ ਸ੍ਰੀ ਸਰਬਤ ਖ਼ਾਲਸਾ ਬਾਸੀ ਕੰਤ ਨਗਰ ਕੇ...

ਦੋਹਾਂ ਹੁਕਮਨਾਮਿਆਂ ਦੇ ਅੰਤ ਵਿਚ ਸੰਮਤ ਅਤੇ ਮਿਤੀ ਦਿੱਤੀ ਹੋਈ ਹੈ।

**ਸੰਗਤਾਂ ਦੇ ਅਸਥਾਨ**

ਗੁਰੂ ਸਾਹਿਬਾਂ ਦੇ ਹੁਕਮਨਾਮੇ ਇੱਕ ਦੁੱਕੇ ਸਿੱਖਾਂ ਦੇ ਨਾਉਂ ਬਹੁਤ ਹੀ ਘਟ ਲਿਖੇ ਹੋਏ ਹਨ। ਆਮ ਤੌਰ ਤੇ ਇਹ ਸਮੁੱਚੇ ਤੌਰ ਤੇ ਉਘੇ ਅਸਥਾਨਾਂ ਦੀਆਂ ਸੰਗਤਾਂ ਦੇ ਨਾਉਂ ਹਨ ਅਤੇ ਜਿਥੇ ਕਿਤੇ ਕੁਝ ਸਿੱਖਾਂ ਦੇ ਨਾਉਂ ਆਏ ਭੀ ਹਨ ਉਹ ਭੀ ਸੰਗਤਾਂ ਦੇ ਮੁਖੀਆਂ ਦੇ ਨਾਉਂ ਹੀ ਹਨ। ਇਨ੍ਹਾਂ ਵਿਚ ਬਹੁਤੇ ਭਾਵੇਂ ਮਨੁੱਖਾਂ ਦੇ ਹਨ, ਪਰ ਪਟਨਾ ਨਿਵਾਸੀ ਇਕ

ਬੇਬੇ ਪੈੜੀ ਬਾਈ ਦਾ ਭੀ ਨਾਉਂ ਆਉਂਦਾ ਹੈ। ਇਹ ਇਸ ਗੱਲ ਦਾ ਸੂਚਕ ਹੈ ਕਿ ਉਸ ਵੇਲੇ ਭੀ ਸਿੱਖ ਧਰਮ ਦਾ ਪਰਚਾਰ ਇਸਤ੍ਰੀਆਂ ਵਿਚ ਵਿਚ ਖ਼ਾਸ ਅਹਿਮੀਅਤ ਰਖਦਾ ਸੀ ਅਤੇ ਪੂਰਬ ਵਿਚ ਪਟਨੇ ਤਕ ਆਮ ਸੀ ਅਤੇ ਕਿਧਰੇ ਕਿਧਰੇ ਸੰਗਤਾਂ ਦੀ ਧਾਰਮਕ ਅਗਵਾਈ ਭੀ ਇਸਤ੍ਰੀਆਂ ਦੇ ਹੱਥ ਸੀ। ਕੁਝ ਕੁ ਹੁਕਮਨਾਮਿਆਂ ਵਿਚ ਨਾਮਾਂ ਦੀ ਗਿਣਤੀ ਚੋਖੀ ਹੈ। ਇਨ੍ਹਾਂ ਦਾ ਸੰਬੰਧ ਕੇਵਲ ਇਕ ਸ਼ਹਿਰ ਨਾਲ ਹੀ ਨਹੀਂ ਹੈ ਬਲਕਿ ਉਸ ਦੇ ਆਲੇ ਦੁਆਲੇ ਦੇ ਇਲਾਕਿਆਂ ਨਾਲ ਹੈ ਜਿਥੇ ਦੀਆਂ ਕਿ ਸੰਗਤਾਂ ਦੇ ਉਹ ਮੁਖੀ ਸਨ। ਉਂਜ ਬਨਾਰਸ, ਪਟਨਾ ਆਦਿ ਸ਼ਹਿਰ ਆਪਣੇ ਆਪ ਵਿਚ ਸਿੱਖੀ ਦੇ ਇਤਨੇ ਵੱਡੇ ਅਤੇ ਉਘੇ ਕੇਂਦਰ ਸਨ ਅਤੇ ਪੁਰਾਤਨ ਸਮਿਆਂ ਤੋਂ, ਅਤੇ ਖ਼ਾਸ ਕਰ ਗੁਰੂ ਤੇਗ਼ ਬਹਾਦੁਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ, ਇਨ੍ਹਾਂ ਦਾ ਗੁਰੂ ਸਾਹਿਬਾਂ ਨਾਲ ਇਤਨਾ ਗੂੜ੍ਹਾ ਅਤੇ ਸਿੱਧਾ ਸੰਬੰਧ ਸੀ ਅਤੇ ਇਨ੍ਹੀਂ ਥਾਈਂ ਇਤਨੀਆਂ ਵੱਡੀਆਂ ਵੱਡੀਆਂ ਅਤੇ ਗਿਣਤੀ ਵਿਚ ਜ਼ਿਆਦਾ ਸੰਗਤਾਂ ਸਨ ਕਿ ਇਨ੍ਹਾਂ ਸ਼ਹਿਰਾਂ ਦੀਆਂ ਸੰਗਤਾਂ ਦੇ ਨਾਉਂ ਲਿਖੇ ਗਏ ਹੁਕਮਨਾਮਿਆਂ ਵਿਚ ਮੁਖੀਆਂ ਦੀ ਗਿਣਤੀ ਦਾ ਜ਼ਿਆਦਾ ਹੋਣਾ ਇਕ ਸੁਭਾਵਕ ਗੱਲ ਸੀ। ਇਸ ਸੰਚੇ ਵਿਚ ਜਿਨ੍ਹਾਂ ਸੰਗਤਾਂ ਦੇ ਅਸਥਾਨਾਂ ਅਤੇ ਮੁਖੀਆਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਦੀਆਂ ਸੂਚੀਆਂ ਅੰਤਕਾਂ ਵਿਚ ਵੱਖਰੀਆਂ ਭੀ ਦੇ ਦਿੱਤੀਆਂ ਗਈਆਂ ਹਨ।

ਮੁਖੀਸਿਖ

**ਹੁਕਮਨਾਮਿਆਂ ਦੇ ਮਜ਼ਮੂਨ**

ਹੁਕਮਨਾਮਿਆਂ ਦਾ ਆਮ ਉਦੇਸ਼ ਪਰਚਾਰ ਲਈ ਹਿਦਾਇਤਾਂ, ਗੁਰੂ ਕੇ ਲੰਗਰ ਲਈ ਕਾਰ-ਭੇਟਾ ਦੀ ਗੁਰੂ ਜੀ ਦੇ ਮੁਖ-ਅਸਥਾਨ ਪਰ ਪਹੁੰਚ ਦਾ ਪਰਬੰਧ, ਸਿੱਖ ਸੰਗਤਾਂ ਪਰ ਆਪਣੀ ਖੁਸ਼ੀ ਦੇ ਪ੍ਰਗਟਾਵੇ ਰਾਹੀਂ ਗੁਰੂ ਅਤੇ ਸੰਗਤਾਂ ਦਾ ਮੇਲ ਕਾਇਮ ਰੱਖਣਾ, ਸਿੱਖਾਂ ਨੂੰ ਆਪਸ ਵਿਚ ਮੇਲ ਰਖਣ ਲਈ ਹੁਕਮ, ਵੇਲੇ ਕੁਵੇਲੇ ਲੋੜੀਂਦੀਆਂ ਵਸਤਾਂ ਲਈ ਫੁਰਮਾਇਸ਼ਾਂ, ਬਾਹਰ ਗੁਰਪੁਰਬਾਂ ਲਈ ਸੰਗਤਾਂ ਨੂੰ ਉਤਸ਼ਾਹ, ਖ਼ਾਸ ਖ਼ਾਸ ਮੌਕਿਆਂ ਪਰ ਸੰਗਤਾਂ ਨੂੰ ਗੁਰੂ ਕੀ ਹਜ਼ੂਰੀ ਵਿਚ ਆਉਣ ਲਈ ਸੱਦਾ, ਸੰਗਤਾਂ ਨੂੰ 'ਖ਼ਾਲਸਾ' ਕਰਨ ਦੀ ਇਤਲਾਹ, ਮਸੰਦਾਂ ਦੀ ਪ੍ਰਥਾ ਦੇ ਬੰਦ ਕਰ ਦਿਤੇ ਜਾਣ ਅਤੇ ਉਨ੍ਹਾਂ ਦੀ ਵਿਚੋਲਗੀਰੀ ਹਟਾ ਦੇਣ ਬਾਬਤ ਬਾਹਰ ਦੀਆਂ ਸੰਗਤਾਂ ਨੂੰ ਖ਼ਬਰਾਂ ਪਹੁੰਚਾਉਣਾ ਆਦਿ ਸੀ।

ਸੰਗਤਿਖਾਲਸਾ

**ਇਤਿਹਾਸਕ ਵਾਕਿਆਤ ਦਾ ਜ਼ਿਕਰ**

ਭਾਵੇਂ ਦੋ ਤਿੰਨ ਹੁਕਮਨਾਮਿਆਂ ਤੋਂ ਬਿਨਾਂ ਕਿਸੇ ਵਿਚ ਇਤਿਹਾਸਕ, ਵਾਕਿਆਤ ਦਾ ਬਹੁਤ ਸਿੱਧਾ ਜ਼ਿਕਰ ਨਹੀਂ, ਪਰ ਤਾਂ ਭੀ ਕਈਆਂ ਹੁਕਮਨਾਮਿਆਂ ਵਿਚ ਲਿਖੀਆਂ ਫੁਰਮਾਇਸ਼ਾਂ ਤੋਂ ਕੁਝ ਕੁ ਇਤਿਹਾਸਕ ਵਾਕਿਆਤ ਵਲ ਇਸ਼ਾਰੇ ਜ਼ਰੂਰ ਮਿਲ ਜਾਂਦੇ ਹਨ ਜੋ ਸਿੱਖਾਂ ਦੇ ਧਾਰਮਕ, ਭਾਈਚਾਰਕ ਅਤੇ ਰਾਜਸੀ ਇਤਿਹਾਸ ਨੂੰ ਸਮਝਣ ਅਤੇ ਵਿਸਥਾਰਨ ਵਿਚ ਸਹਾਈ ਹੋ ਸਕਦੇ ਹਨ।

ਗੁਰੂ ਤੇਗ਼ ਬਹਾਦਰ ਜੀ ਦੇ ਸੂਬਾ ਬਿਹਾਰ (ਪਟਣੇ) ਦੇ ਸੰਗਤ ਦੇ ਮੁਖੀਆਂ ਭਾਈ ਦਿਆਲ ਦਾਸ, ਭਾਈ ਰਾਮ ਰਾਇ ਆਦਿ ਦੇ ਨਾਉਂ ਹੁਕਮਨਾਮੇ (੧੩) ਵਿਚ ਲਿਖਿਆ ਹੋਇਆ ਹੈ ਕਿ "ਅਸੀਂ ਪਰੈ ਰਾਜੇ ਜੀ ਕੇ ਸਾਥ ਗਏ ਹੀਂ ਕਬੀਲਾ ਹਮੋ ਪਟਨੇ ਮੋ ਛੋਡਾ

ਹੈ।" ਇਸ ਤੋਂ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਆਪਣੇ ਕਬੀਲੇ ਨੂੰ ਪਟਨੇ ਛੱਡ ਕੇ ਕਿਸੇ ਰਾਜਾ ਜੀ ਨਾਲ ਪਰੇ ਨੂੰ ਗਏ ਸਨ ਅਤੇ ਆਪ ਨੇ ਫੁਰਮਾਇਸ਼ ਕੀਤੀ ਕਿ ਇਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਕਿਸੇ ਅੱਛੀ ਵੱਡੀ ਹਵੇਲੀ ਵਿਚ ਕਰ ਦਿੱਤਾ ਜਾਵੇ। ਦੋ ਹੁਕਮਨਾਮਿਆਂ (੧੫, ੧੬) ਵਿਚ ਆਪ ਦੇ ਮੁੰਘੇਰ ਵਿਚ ਰਾਜੇ ਕੇ ਲਸ਼ਕਰ ਨਾਲ ਛਾਉਣੀ (ਮੁਕਾਮ) ਕਰਨ ਦਾ ਜ਼ਿਕਰ ਹੈ ਅਤੇ ਇਸ ਤੋਂ ਅਗਲੇ (੧੭) ਵਿਚ ਲਿਖਿਆ ਹੋਇਆ ਹੈ ਕਿ ਆਪ ਅਸਨ ਕੋਚ ਮੁਕਾਮ ਪਰ ਹਨ। ਜੇ ਕਿਧਰੇ ਇਨ੍ਹਾਂ ਹੁਕਮਨਾਮਿਆਂ ਵਿਚ 'ਰਾਜੇ ਜੀ' ਦਾ ਨਾਉਂ ਲਿਖਿਆ ਹੋਇਆ ਹੁੰਦਾ ਅਤੇ ਇਨ੍ਹਾਂ ਦੇ ਲਿਖੇ ਜਾਣ ਦੀਆਂ ਤਾਰੀਖਾਂ ਦਿੱਤੀਆਂ ਹੁੰਦੀਆਂ ਤਾਂ ਬਹੁਤ ਸਾਰੀਆਂ ਇਤਿਹਾਸਕ ਗੁੰਝਲਾਂ ਆਪਣੇ ਆਪ ਹੀ ਖੁਲ੍ਹ ਜਾਂਦੀਆਂ। ਪਰ ਇਨ੍ਹਾਂ ਦੀ ਅਣਹੋਂਦ ਵਿਚ ਸਾਨੂੰ ਹੋਰ ਇਤਿਹਾਸਕ ਸੋਮਿਆਂ ਦੀ ਦੇਖ ਭਾਲ ਕਰਨੀ ਪੈਂਦੀ ਹੈ ਜੋ ਸਾਡੀ ਬਹੁਤੀ ਅਤੇ ਸਪਸ਼ਟ ਸਹਾਇਤਾ ਨਹੀਂ ਕਰਦੇ। ਰਾਜਸਥਾਨ ਸਟੇਟ ਆਰਕਾਈਵਜ਼ ਡੀਪਾਰਟਮੈਂਟ ਵਿਚ ਪਏ ਅਖ਼ਬਾਰਾਤਿ-ਦਰਬਾਰਿ-ਮੁਅੱਲਾ ਵਿਚ (ਜੋ ਪੁਰਾਣੀ ਜੈ ਪੁਰ ਰਿਆਸਤ ਤੋਂ ਹੁਣ ਬੀਕਾਨੇਰ ਵਿਚ ਆ ਗਏ ਹੋਏ ਹਨ) ੨੫ ਰੱਬੀ-ਉਲ-ਅੱਵਲ ਸਨ ੪ ਬਹਾਦੁਰ-ਸ਼ਾਹੀ (੧੩ ਮਈ, ਸੰਨ ੧੭੧੦ ਈ.) ਦੀ ਖ਼ਬਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਿਕਰ ਸੰਬੰਧੀ ਲਿਖਿਆ ਹੋਇਆ ਹੈ ਕਿ ਉਹ ਉਸ ਤਿਆਗ ਮੱਲ (ਗੁਰੂ ਤੇਗ਼ ਬਹਾਦੁਰ) ਦੀ ਥਾਂ ਗੁਰੂ ਹੈਨ ਜੋ ਆਸਾਮ ਵਿਚ ਸੁਰਗਵਾਸੀ ਮਹਾਰਾਜਾ ਰਾਮ ਸਿੰਘ ਦੇ ਨਾਲ ਸਨ। (ਮਾਖਿਜ਼ਿ ਤਵਾਰੀਖਿ ਸਿੱਖਾਂ, ਪੰਨਾ ੮੩)। ਇਸ ਤੋਂ ਇਹ ਇਸ਼ਾਰਾ ਮਿਲਦਾ ਹੈ ਕਿ ਹੁਕਮਨਾਮੇ ੧੩ ਵਿਚ ਜਿਸ ਰਾਜਾ ਜੀ ਦਾ ਜ਼ਿਕਰ ਹੈ ਉਹ ਜੈਪੁਰ ਰਿਆਸਤ ਦਾ ਰਾਮ ਸਿੰਘ ਸੀ, ਜਿਸ ਨਾਲ ਗੁਰੂ ਤੇਗ਼ ਬਹਾਦੁਰ ਆਸਾਮ ਵਿਚ ਸਨ। ਪਰ ਮਿਤੀ ਨਾ ਹੋਣ ਕਰਕੇ ਇਤਨਾ ਕੁ ਸ਼ੱਕ ਰਹਿ ਜਾਂਦਾ ਹੈ ਕਿ ਆਸਾਮ ਵਿਚ ਰਾਜਾ ਰਾਮ ਸਿੰਘ ਨਾਲ ਮੇਲ ਤੋਂ ਪਹਿਲਾਂ ਸ਼ਾਇਦ ਕਿਸੇ ਹੋਰ ਰਾਜਾ ਜੀ ਨਾਲ ਪਟਨੇ ਤੋਂ ਪਰੇ ਨੂੰ ਗਏ ਹੋਣ।

੨੧ ਨੰਬਰ ਪਰ ਦਿਤੇ ਹੋਏ ਹੁਕਮਨਾਮੇ ਵਿਚ ਗੁਰੂ ਗੋਬਿੰਦ ਸਿੰਘ (ਜਨਮ-ਨਾਉਂ ਗੋਬਿੰਦ ਦਾਸ) ਦੀ ਵਧਾਈ ਅਤੇ ੨੩ ਨੰਬਰ ਵਿਚ ਪਟਨੇ ਦੀ ਸੰਗਤ ਵਲੋਂ ਉਨ੍ਹਾਂ ਦੀ ਸੇਵਾ ਹੋਣ ਦਾ ਜ਼ਿਕਰ ਹੈ।

ਭਾਈ ਦਿਆਲ ਦਾਸ ਭਾਈ ਰਾਮ ਰਾਇ ਆਦਿ ਪਟਨੇ ਵਾਸੀਆਂ ਨੂੰ ਹੋਰ ਵਸਤਾਂ ਦੇ ਨਾਲ ਹੀ ਜੋ ਫੁਰਮਾਇਸ਼ (੨੪) ਕੀਤੀ ਹੈ ਉਸ ਵਿਚ ਪੰਜ ਖਾਂਚੇ ਮੀਨਾ ਪੁਰੀ ਬਾਸਣਾਂ ਦੇ ਨਵਾਬ ਸੈਫ਼ ਖ਼ਾਨ ਨੂੰ ਦੇਣ ਲਈ ਮੰਗਾਏ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਨਵਾਬ ਸੈਫ਼ ਖ਼ਾਂ ਨਾਲ ਆਪ ਦੇ ਚੰਗੇ ਮਿਤਰਾਨਾ ਸੰਬੰਧ ਸਨ। ਇਹ ਬਾਦਸ਼ਾਹ ਸ਼ਾਹ ਜਹਾਨ ਦੇ ਬਖ਼ਸ਼ੀ ਤਰਬੀਅਤ ਖ਼ਾਨ ਦਾ ਪੁੱਤਰ ਸੈਫ਼ੁੱਦੀਨ ਮਹਿਮੂਦ, ਪ੍ਰਸਿੱਧ ਫਕੀਰੁੱਲਾ, ਸੀ ਜਿਸ ਨੂੰ ਸ਼ਾਹ ਜਹਾਨ ਨੇ ਸੈਫ ਖ਼ਾਨ ਦਾ ਖਿਤਾਬ ਦਿੱਤਾ ਸੀ। ਇਸ ਨੇ ਸੰਨ ੧੦੬੭ ਹਿਜਰੀ, ਸੰਨ ੧੬੫੮ ਈ. ਵਿਚ ਸਰਹੰਦ ਦੀ ਅਮਲਦਾਰੀ ਵਿਚ ਆਪਣੇ ਨਾਉਂ ਪੁਰ ਪਿੰਡ ਸੈਫ਼ਾਬਾਦ ਆਬਾਦ ਕੀਤਾ ਸੀ ਅਤੇ ਇਥੇ ਹੀ ਆਪਣੀ ਰਿਹਾਇਸ਼ ਕਰ ਲਈ ਸੀ। ਇਥੇ ਹੀ ਇਸ ਨੇ ਗੁਰੂ

ਤੇਗ਼ ਬਹਾਦੁਰ ਨੂੰ ਦਰਸ਼ਨ ਦੇਣ ਲਈ ਬੁਲਾਇਆ ਸੀ। ਸੰਨ ੧੯੪੭ ਤਕ ਇਹ ਪਿੰਡ ਪਟਿਆਲਿਉਂ ਰਾਜਪੁਰੇ ਨੂੰ ਜਾਂਦੀ ਸੜਕ ਪਰ ਚਾਰ ਮੀਲ ਦੀ ਵਿਥ ਪਰ ਬਹਾਦਰਗੜ੍ਹ ਕਿਲੇ ਦੇ ਅੰਦਰ ਹੁੰਦਾ ਸੀ। ਮਹਾਰਾਜਾ ਅਮਰ ਸਿੰਘ ਪਟਿਆਲੇ ਵਾਲੇ (ਸੰਨ ੧੭੬੫-੮੨ ਈ.) ਨੇ ਸੈਫ਼ ਖ਼ਾਨ ਦੇ ਵਾਰਸਾਂ ਨੂੰ ਪੱਕੀ ਪੈਨਸ਼ਨ ਅਤੇ ਜਗੀਰ ਦੇ ਕੇ ਇਹ ਲੈ ਗਿਆ ਸੀ ਅਤੇ ਗੁਰੂ ਤੇਗ਼ ਬਹਾਦੁਰ ਦੇ ਨਾਉਂ ਪਰ ਇਸ ਦਾ ਨਾਉਂ ਬਹਾਦਰਗੜ੍ਹ ਕਰ ਦਿੱਤਾ ਸੀ। ਗੁਰੂ ਸਾਹਿਬ ਦੀ ਯਾਦ ਵਿਚ ਇਥੇ ਦੋ ਗੁਰਦੁਆਰੇ ਮੌਜੂਦ ਹਨ। ਇਕ ਕਿਲੇ ਅੰਦਰ ਅਤੇ ਇਕ ਬਾਹਰ ਸੜਕੋਂ ਪਾਰ, ਜੋ ਗੁਰਦੁਆਰਾ ਬਹਾਦੁਰਗੜ੍ਹ ਕ਼ਰ ਕੇ ਪ੍ਰਸਿੱਧ ਹੈ (ਸੈਫ਼ ਖ਼ਾਨ ਦੇ ਹੋਰ ਹਾਲ ਲਈ ਦੇਖੋ ਮੁਆਸਿਰੁਲ ਉਮਰਾ, ਜਿਲਦ ਦੂਸਰੀ, ੪੭੯-੮੫; ਮੁਆਸਿਰਿ-ਆਲਮਗੀਰੀ)।

ਸੰਮਤ ੧੭੫੦ ਬਿਕ੍ਰਮੀ, ਫੱਗਣ ਸੁਦੀ ੫ (੧੯ ਫਰਵਰੀ, ਸੰਨ ੧੬੯੪) ਤੋਂ ਪਹਿਲੇ ਦੇ ਕਿਸੇ ਭੀ ਹੁਕਮਨਾਮੇ ਪਰ ਕੋਈ ਤਾਰੀਖ ਨਹੀਂ ਦਿਤੀ ਹੋਈ, ਇਸ ਲਈ ਢਾਕੇ ਤੋਂ ਜੰਗੀ ਹਾਥੀ (੩੫) ਮਹਾਵਤਾਂ ਨੂੰ ਦੇਣ ਲਈ ਦੁਪੱਟੇ ਖ਼ਾਸਗੀ, ਹਥਿਆਰ, ਢਾਲਾਂ (੩੭), ਅਤੇ ਤੇਗ਼ੇ, ਚੀਰੇ ਮੁਕੈਸ਼ੀ ਸੁਨਹਿਰੀ (੪੦) ਆਦਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਖ਼ਾਸ ਮੌਕਿਆਂ ਸੰਬੰਧੀ ਮੰਗਾਏ ਸਨ ਜਾਂ ਸੁਭਾਵਕ ਹੀ ਪੈਣ ਵਾਲੀਆਂ ਲੋੜਾਂ ਨੂੰ ਮੁਖ ਰਖ ਕੇ, ਕਹਿ ਸਕਣਾ ਔਖਾ ਹੈ। ਪਰ ਇਕ ਗੱਲ ਜ਼ਰੂਰ ਹੈ ਕਿ ਪਹਾੜੀ ਰਾਜਿਆਂ ਦੀ ਈਰਖਾ ਦੇ ਕਾਰਣ ਚੂੰਕਿ ਇਨ੍ਹਾਂ ਨਾਲ ਕੁਝ ਲੜਾਈਆਂ ਹੋ ਚੁਕੀਆਂ ਸਨ ਅਤੇ ਪਤਾ ਨਹੀਂ ਸੀ ਕਿ ਇਹ ਲੋਕ ਕਿਸੇ ਭੀ ਵੇਲੇ ਕੀ ਉਪੱਦਰ ਖੜਾ ਕਰ ਦੇਣ ਜਿਸ ਦਾ ਅਚਾਨਕ ਹੀ ਟਾਕਰਾ ਕਰਨਾ ਪੈ ਜਾਏ। ਇਸ ਲਈ ਗੁਰੂ ਜੀ ਲਈ ਤਿਆਰ ਰਹਿਣਾ, ਜੰਗੀ ਸਾਮਾਨ ਇਕੱਠਾ ਕਰਨਾ, ਆਪਣੇ ਸਿੰਘਾਂ ਨੂੰ ਬਹਾਦੁਰੀਆਂ ਕਰਨ ਪੁਰ ਇਨਾਮ ਦੇਣ ਲਈ ਲੋੜੀਂਦੀਆਂ ਵਸਤਾਂ ਦਾ ਹੋਣਾ ਜ਼ਰੂਰੀ ਸੀ। ਇਸ ਗੱਲ ਨੂੰ ਮੁਖ ਰੱਖ ਕੇ ਹੀ ਉਨ੍ਹਾਂ ਨੇ ਸੰਮਤ ੧੭੫੦ ਫੱਗਣ ਸੁਦੀ ੫ (੧੯ ਫਰਵਰੀ, ਸੰਨ ੧੬੯੪ ਈ.) ਦੇ ਹੁਕਮਨਾਮੇ (੪੨) ਵਿਚ ਸੰਗਤ ਨੂੰ ਇਕ ਤੋਪ ਸਣੇ ਸਾਰੇ ਸਾਜ਼ ਦੇ ਬਿਸੋਏ ਨੂੰ ਦਰਸ਼ਨ ਆਉਣ ਵੇਲੇ ਨਾਲ ਲਿਆਉਣ ਦਾ ਹੁਕਮ ਦਿੱਤਾ ਹੈ।

ਇਸ ਤਾਰੀਖ ਤੋਂ ਬਾਦ ਦੇ ਜਿਤਨੇ ਭੀ ਹੁਕਮਨਾਮੇ ਮਿਲਦੇ ਹਨ, ਲਗਭਗ ਉਨ੍ਹਾਂ ਸਾਰਿਆਂ ਪਰ ਲਿਖਣ ਦੀਆਂ ਤਾਰੀਖਾਂ ਦਿੱਤੀਆਂ ਹੋਈਆਂ ਹਨ ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੁਨਸ਼ੀਖਾਨੇ ਨੂੰ ਮੁੜ ਤਰਤੀਬ ਦਿਤੀ ਅਤੇ ਸੰਵਾਰਿਆ ਸੀ।

**'ਤੇਰਾ ਘਰ ਮੇਰਾ ਅਸੈ'**

ਸੰਮਤ ੧੭੫੩ ਭਾਦੋਂ ਦੋ (੨ ਅਗਸਤ, ੧੬੯੬ ਈ.) ਦੇ ਹੁਕਮਨਾਮੇ ਵਿਚ ਗੁਰੂ ਜੀ ਨੇ ਬਾਬਾ ਫੂਲ ਦੇ ਪੁੱਤਰਾਂ ਭਾਈ ਤਲੋਕਾ ਅਤੇ ਭਾਈ ਰਾਮਾ ਨੂੰ ਹੁਕਮ ਦੇਖਦਿਆਂ ਹੀ ਜ਼ਰੂਰ ਅਸਵਾਰਾਂ ਦੀ ਜਮੀਅਤ ਲੈ ਕੇ ਛੇਤੀ ਆਨੰਦਪੁਰ ਪਹੁੰਚਣ ਲਈ ਤਾਕੀਦੀ ਹੁਕਮ ਲਿਖਿਆ ਅਤੇ ਉਨ੍ਹਾਂ ਦੇ ਖ਼ਾਨਦਾਨ ਨੂੰ 'ਤੇਰਾ ਘਰ ਮੇਰਾ ਅਸੈ' ਕਹਿ ਕੇ ਨਿਵਾਜਿਆ ਅਤੇ

ਲਿਖਿਆ ਕਿ 'ਮੇਰੀ ਤੇਰੇ ਉਪਰਿ ਬਹੁਤ ਖ਼ੁਸ਼ੀ ਹੈ।' ਇਸੇ ਭਾਵ ਦਾ ਇਕ ਹੁਕਮਨਾਮਾ ਗੁਰੂ ਜੀ ਨੇ ਰੂਪੇ ਕੀ ਸੰਗਤ ਦੇ ਮੁਖੀ ਭਾਈ ਸੁਖੀਆ ਨੂੰ ਭੀ ਲਿਖਿਆ ਜੋ ਉਸੇ ਤਾਰੀਖ, ਦੋ ਭਾਦੋਂ ਸੰਮਤ ੧੭੫੩, ਦਾ ਪਰਤੀਤ ਹੁੰਦਾ ਹੈ। ਇਸ ਵਿਚ ਭੀ ਹਜ਼ੂਰ ਨੇ ਉਸ ਨੂੰ ਹੁਕਮ ਦੇਖਦੇ ਹੀ ਅਸਵਾਰ ਪਿਆਦੇ ਬੰਦੂਕੀ ਜਮੀਅਤ ਲੈ ਕੇ ਸਿਤਾਬੀ ਆਵਣ ਲਈ ਆਖਿਆ ਅਤੇ 'ਭਾਈ ਰੂਪੇ ਦਾ ਘਰ ਮੇਰਾ ਘਰ ਹੈ' ਕਹਿ ਕੇ ਉਸ ਨੂੰ ਭੀ ਨਿਵਾਜਿਆ। ਇਹ ਉਹ ਦਿਨ ਸਨ ਜਦੋਂ ਕਿ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਉਸ ਦਾ ਪੁੱਤਰ ਸ਼ਾਹਜ਼ਾਦਾ ਮੁਅੱਜ਼ਮ ਸ਼ਾਹ ਆਲਮ ਜੁਲਾਈ ੧੬੯੬ ਦੇ ਆਖ਼ਰੀ ਹਫ਼ਤੇ ਲਾਹੌਰ, ਮੁਲਤਾਨ, ਉੱਚ ਵਲ ਨੂੰ ਚਲ ਰਿਹਾ ਸੀ ਅਤੇ ਆਨੰਦਪੁਰ ਨੂੰ ਸ਼ਾਹੀ ਲਸ਼ਕਰ ਦੀ ਚੜ੍ਹਾਈ ਤੋਂ ਖ਼ਤਰਾ ਪੈਦਾ ਹੋ ਰਿਹਾ ਸੀ। ਇਸ ਦਾ ਜ਼ਿਕਰ ਕਰਦੇ ਹੋਏ ਗੁਰੂ ਸਾਹਿਬ ਨੇ ਬਚਿਤ੍ਰ ਨਾਟਕ ਦੇ ਤੇਰ੍ਹਵੇਂ ਧਿਆਇ ਦੇ ਆਰੰਭ ਵਿਚ ਲਿਖਿਆ ਹੈ :

ਤਬ ਅਉਰੰਗ ਮਨ ਮਾਹਿ ਰਿਸਾਵਾ
ਮਦ੍ਰ ਦੇਸ ਕੋ ਪੂਤ ਪਠਾਵਾ ॥ ੧ ॥
ਤਿਹ ਆਵਤ ਸਭ ਲੋਕ ਡਰਾਨੇ।
ਬਡੇ ਬਡੇ ਗਿਰ ਹੇਰ ਲੁਕਾਨੇ।
ਹਮ ਹੂੰ ਲੋਕਨਿ ਅਧਿਕ ਡਰਾਯੋ।
ਕਾਲ ਕਰਮ ਕੋ ਮਰਮ ਨਾ ਪਾਯੋ ॥ ੨ ॥

ਪਰ ਇਹ ਖ਼ਤਰਾ ਬਿਨਾਂ ਕਿਸੇ ਤਕਲੀਫ਼ ਦੇ ਟਲ ਗਿਆ ਅਤੇ ਗੁਰੂ ਜੀ ਦੇ ਕਥਨ ਅਨੁਸਾਰ :

ਸੰਤਨ ਕਸ਼ਟ ਨ ਦੇਖਨ ਪਾਯੋ।
ਆਪ ਹਾਥ ਦੈ ਨਾਥ ਬਚਾਯੋ ॥ ੨੩ ॥

ਚੇਤ ੧੭੫੫ ਬਿਕ੍ਰਮੀ (ਮਾਰਚ, ਸੰਨ ੧੬੯੯ ਈ.) ਵਿਚ ਅਤੇ ਇਸ ਤੋਂ ਬਾਦ ਦੇ ਜਿਤਨੇ ਭੀ ਹੁਕਮਨਾਮਿਆਂ ਵਿਚ ਸੰਗਤਾਂ ਨੂੰ ਕਾਰ-ਭੇਟ ਬਾਬਤ ਲਿਖਿਆ ਹੈ ਉਨ੍ਹਾਂ ਵਿਚ ਸਪੱਸ਼ਟ ਤੌਰ ਤੇ ਹਿਦਾਇਤਾਂ ਦਿੱਤੀਆਂ ਗਈਆਂ ਹਨ ਕਿ "ਜੋ ਗੁਰੂ ਦੇ ਨਵਿਤ ਕਾ ਹੋਵੇ ਗੋਲਕ ਦਸਵੰਧ ਮੰਨਤ ਸੋ ਹਜ਼ੂਰ ਆਪ ਲੈ ਆਵਣਾ ਮਸੰਦਾਂ ਨੋ ਮੰਨਣਾ ਨਾਹੀ" (੪੬, ੪੮, ੪੯, ੫੦) ਅਤੇ "ਜਿਸ ਦਾ ਨ ਹੋਵੈ ਆਵਣਾ ਤਿਸੁ ਹੁਕਮ ਦੇਖਿ ਕੇ ਹੁੰਡੀ ਕਰਾਇ ਭੇਜਣੀ ਆਪਣੀ ਅਰਦਾਸ ਲਿਖਿ ਕੈ ਹਜ਼ੂਰ ਭੇਜਣੀ" (੫੨-੫੩)। ਮਾਲੂਮ ਹੁੰਦਾ ਹੈ ਕਿ ਇਸ ਵੇਲੇ ਅਤੇ ਇਸ ਤੋਂ ਕੁਝ ਚਿਰ ਪਹਿਲਾਂ ਮਸੰਦਾਂ ਦੇ ਗੁਰੂ ਕੀ ਕਾਰ-ਭੇਟਾ ਪੂਰੀ ਦਿਆਨਿਤਦਾਰੀ ਨਾਲ ਹਜ਼ੂਰ ਨਾ ਪਹੁੰਚਾਉਣ ਸੰਬੰਧੀ ਸ਼ਿਕਾਇਤਾਂ ਇਤਨੀਆਂ ਜ਼ਿਆਦਾ ਹੋ ਗਈਆਂ ਸਨ ਅਤੇ ਉਨ੍ਹਾਂ ਦੇ ਚਲਨ ਅਤੇ ਕਾਰ ਵਿਹਾਰ ਇਤਨੇ ਸਿੱਖੀ ਦੇ ਆਸ਼ੇ ਵਿਰੁਧ ਹੋ ਗਏ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਵਾਸਤੇ ਹੋਰ ਕੋਈ ਚਾਰਾ ਹੀ ਨਹੀਂ ਸੀ ਰਹਿ ਗਿਆ ਕਿ ਮਸੰਦਾਂ ਦੀ ਪ੍ਰਥਾ ਨੂੰ ਉੱਕਾ ਹੀ ਉਡਾ ਦਿੱਤਾ ਜਾਏ ਅਤੇ ਥਾਉਂ ਥਾਈਂ ਸਿੱਖਾਂ ਨੂੰ ਹੁਕਮਨਾਮਿਆਂ ਰਾਹੀਂ ਸੂਚਿਤ ਕਰ ਦਿੱਤਾ ਜਾਏ ਕਿ ਅੱਗੇ ਨੂੰ ਕਾਰ-ਭੇਟ ਅਤੇ ਦਸਵੰਧ

ਦੀ ਰਕਮ ਸਿੱਧੀ ਗੁਰੂ ਜੀ ਪਾਸ ਆਪ ਜਾਂ ਹੁੰਡੀ ਕਰਾ ਕੇ ਪਹੁੰਚਾਈ ਜਾਇਆ ਕਰੇ ਅਤੇ ਮਸੰਦਾਂ ਮਸੰਦੀਆਂ ਨੂੰ ਨਾ ਮੰਨਿਆ ਜਾਏ ਅਤੇ ਨਾ ਹੀ ਗੁਰੂ ਕੇ ਨਮਿਤ ਦਸਵੰਧ ਆਦਿ ਦੀ ਰਕਮ ਜਾਂ ਹੋਰ ਫੁਰਮਾਇਸ਼ ਦੀ ਵਸਤ ਉਨ੍ਹਾਂ ਨੂੰ ਦਿਤੀ ਜਾਏ, ਅਤੇ ਹਜ਼ੂਰ ਨੇ ਅੰਤ ਇਥੋਂ ਤਕ ਹੁਕਮ ਦੇ ਦਿਤੇ ਕਿ ਇਨ੍ਹਾਂ ਦਾ ਉੱਕਾ ਹੀ ਬਾਈਕਾਟ ਕਰ ਦਿੱਤਾ ਜਾਏ ਤਾਂਕਿ ਇਨ੍ਹਾਂ ਨੂੰ ਸਿੱਖਾਂ ਨਾਲ ਕੌੜਾ ਵਰਤਾਉ ਜਾਂ ਦਸਵੰਧ ਜਾਂ ਮੰਨਤ ਆਦਿ ਦੀ ਰਕਮ ਵਿਚ ਕੋਈ ਬਦ-ਦਿਆਨਤੀ ਕਰ ਸਕਣ ਦੀ ਗੁੰਜਾਇਸ਼ ਹੀ ਨਾ ਰਹੇ। ਜਿਵੇਂ ਉਪਰ ਲਿਖਿਆ ਜਾ ਚੁੱਕਾ ਹੈ ਕਿ ਇਹ ਹੁਕਮ ਸੰਨ ੧੬੯੯ ਦੀ ੧੨ ਮਾਰਚ ਤੋਂ ਸ਼ੁਰੂ ਹੁੰਦੇ ਹਨ ਜਦ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਖੰਡੇ ਦਾ ਅੰਮ੍ਰਿਤ ਛਕਾ ਕੇ ਖ਼ਾਲਸਾ ਸਾਜਨ ਦੀ ਵਿਚਾਰ ਕਰ ਰਹੇ ਸਨ ਅਤੇ ਖ਼ਾਲਸਾ ਸਾਜਣ ਤੋਂ ਦੋ ਸਾਲ ਬਾਦ ਤਕ ਇਹ ਦੁਹਰਾਏ ਜਾਂਦੇ ਰਹੇ ਹਨ ਤਾਂ ਕਿ ਹਰ ਥਾਂ ਇਨ੍ਹਾਂ ਪਰ ਪੂਰੀ ਵਰਤੋਂ ਹੋਣ ਲਗ ਪਏ, ਖ਼ਾਲਸੇ ਦੇ ਸਬੰਧ ਸਿੱਧੇ ਗੁਰੂ ਜੀ ਨਾਲ ਹੋ ਜਾਣ ਅਤੇ ਮਸੰਦ ਮਸੰਦੀਆਂ ਦੀ ਮੰਨਤ ਅਤੇ ਬਿਚੋਲਗੀਰੀ ਪੂਰੀ ਤਰ੍ਹਾਂ ਖ਼ਤਮ ਹੋ ਜਾਏ।

**'ਖ਼ਾਲਸਾ'**

ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਇਹ ਸ਼ਬਦ ਆਮ ਆਉਂਦੇ ਹਨ : "ਤੁਸੀਂ ਮੇਰਾ ਖ਼ਾਲਸਾ ਹੋ", "ਸੰਗਤ ਮੇਰਾ ਖਾਲਸਾ ਹੈ" (੪੬, ੪੮, ੫੦-੬੧ ਆਦਿ) ਇਸ ਲਈ ਜਿਨ੍ਹਾਂ ਅਰਥਾਂ ਵਿਚ ਇਹ ਸ਼ਬਦ ਇਥੇ ਵਰਤੋਂ ਵਿਚ ਆਇਆ ਹੈ ਉਹ ਵਿਸ਼ੇਸ਼ ਸੰਕੇਤਕ ਹੈ। 'ਖਾਲਿਸਾ' ਜਾਂ 'ਖਾਲਸਾ' ਦਾ ਮੂਲ ਖਾਲਿਸ ਹੈ ਜਿਸ ਦੇ ਅਰਥ ਹਨ : ਨਿਰਮਲ, ਸਾਫ਼, ਪਵਿੱਤਰ। ਪਰ 'ਖ਼ਾਲਸਾ' ਵਿਸ਼ੇਸ਼ ਅਰਥਾਂ ਵਿਚ ਮੁਗਲ ਰਾਜ ਵਿਚ ਉਸ ਮੁਲਕ ਜਾਂ ਮੁਲਕ ਦੇ ਹਿੱਸੇ ਜਾਂ ਜ਼ਮੀਨਾਂ ਲਈ ਵਰਤਿਆ ਜਾਂਦਾ ਸੀ, ਜਿਨ੍ਹਾਂ ਦਾ ਪਰਬੰਧ ਸਿੱਧਾ ਬਾਦਸ਼ਾਹ ਜਾਂ ਸਰਕਾਰ ਵਲੋਂ ਕੀਤਾ ਜਾਂਦਾ ਸੀ ਜਾਂ ਜਿਨ੍ਹਾਂ ਦਾ ਮਾਲੀਆ ਸਿੱਧਾ ਬਾਦਸ਼ਾਹੀ ਜਾਂ ਸਰਕਾਰੀ ਖ਼ਜ਼ਾਨੇ ਵਿਚ ਜਾਂਦਾ ਸੀ ਅਤੇ ਕਿਸੇ ਜਾਗੀਰਦਾਰ ਜਾਂ ਜ਼ਿਮੀਦਾਰ ਦਾ ਉਸ ਵਿਚ ਕੋਈ ਦਖ਼ਲ ਨਹੀਂ ਸੀ ਹੁੰਦਾ। ਇਨ੍ਹਾਂ ਵਿਸ਼ੇਸ਼ ਅਰਥਾਂ ਵਿਚ ਹੀ ਗੁਰੂ ਜੀ ਨੇ ਇਹ ਸ਼ਬਦ ਵਰਤਿਆ ਹੈ ਜਦ ਤੋਂ ਉਨ੍ਹਾਂ ਨੇ ਮਸੰਦਾਂ ਦੀ ਬਿਚੋਲਗੀਰੀ ਉਡਾ ਕੇ ਸਿਖ ਸੰਗਤਾਂ ਅਤੇ ਉਨ੍ਹਾਂ ਦੇ ਮੁਖੀਆਂ ਨਾਲ ਆਪਣਾ ਸਿੱਧਾ ਸਬੰਧ ਜੋੜ ਲਿਆ। ਇਸ ਲਈ ਉਹ ਸਭ ਸਿੱਖ ਅਤੇ ਸੰਗਤਾਂ ਗੁਰੂ ਜੀ ਦਾ 'ਖ਼ਾਲਸਾ' ਹੋ ਗਏ।

ਇਸ ਤੋਂ ਇਲਾਵਾ ਗੁਰੂ ਜੀ ਨੇ ਇਹ ਖ਼ਾਲਸਾ ਸ਼ਬਦ ਸਮੂਹਕ ਤੌਰ ਤੇ ਉਨ੍ਹਾਂ ਸਭਨਾਂ ਲਈ ਭੀ ਵਰਤਿਆ ਹੈ ਜੋ ਸੰਮਤ ੧੭੫੬ ਦੀ ਬਸਾਖੀ (੩੦ ਮਾਰਚ ਸੰਨ ੧੬੯੯ ਈ.) ਨੂੰ ਜਾਰੀ ਕੀਤੇ ਖੰਡੇ ਦਾ ਅੰਮ੍ਰਿਤ ਛਕ ਕੇ ਗੁਰੂ ਕੇ ਸਿੰਘ ਸਜ ਗਏ ਅਤੇ ਜੋ ਆਪਣਾ ਪਹਿਲਾ ਧਰਮ ਤਿਆਗ ਕੇ, ਜ਼ਾਤ ਪਾਤ ਦੇ ਭਰਮਾਂ ਅਤੇ ਵਖੇਵਿਆਂ ਅਤੇ ਕੁਲਾਚਾਰੀ ਦੇ ਬੰਧਨਾਂ ਤੋਂ ਆਜ਼ਾਦ ਹੋ ਗਏ ਅਤੇ ਪੁਰਾਣੀਆਂ ਕਿਰਤਾਂ ਦੇ ਤੰਗ ਦਾਇਰਿਆਂ ਤੋਂ ਬਾਹਰ ਨਿਕਲ ਆਏ, ਅਰਥਾਤ ਧਰਮ-ਨਾਸ, ਕੁਲ-ਨਾਸ ਅਤੇ ਕਿਰਤ-ਨਾਸ ਹੋ ਕੇ ਸਾਰਿਆਂ ਨਾਲੋਂ ਆਪਣੇ ਸਬੰਧ ਤੋੜ ਕੇ ਗੁਰੂ ਕੇ ਖਾਲਸੇ ਬਣ ਗਏ। ਪਰ ਚੂੰਕਿ ਗੁਰੂ ਗੋਬਿੰਦ ਸਿੰਘ

ਜੀ ਖ਼ੁਦ ਆਪਣੇ ਸਾਜੇ ਸਿੰਘਾਂ ਤੋਂ ਅੰਮ੍ਰਿਤ ਛਕ ਕੇ ਆਪ ਭੀ ਉਨ੍ਹਾਂ ਵਿਚ ਹੀ ਸ਼ਾਮਲ ਹੋ ਗਏ ਅਤੇ ਆਪ ਭੀ ਉਹੋ ਹੀ ਰਹਿਤ ਪਰਵਾਨ ਅਤੇ ਧਾਰਣ ਕਰ ਲਈ ਜੋ ਖ਼ਾਲਸੇ ਵਾਸਤੇ ਨਿਯਤ ਕੀਤੀ ਗਈ ਸੀ, ਇਸ ਲਈ ਗੁਰੂ ਅਤੇ ਸਿੱਖ ਦਾ ਫ਼ਰਕ ਭੀ ਮਿਟ ਗਿਆ ਅਤੇ ਇੱਕੋ ਹੋ ਕੇ ਸਾਰੇ ਅੰਮ੍ਰਿਤਧਾਰੀ ਸਿੰਘ ਅਕਾਲ ਪੁਰਖ ਵਾਹਿਗੁਰੂ ਜੀ ਕਾ ਖ਼ਾਲਸਾ ਹੋ ਗਏ। ਸਿੱਖ ਸੰਗਤਾਂ ਦਾ ਜਿਥੋਂ ਤਕ ਮਾਲੀ ਪ੍ਰਬੰਧ ਦਾ ਸੰਬੰਧ ਸੀ, ਉਹ ਗੁਰੂ ਕਾ ਖ਼ਾਲਸਾ ਹੋ ਗਈਆਂ ਅਤੇ ਰੂਹਾਨੀ ਤੌਰ ਤੇ ਸਮੂਹ ਸਿੰਘ ਵਾਹਿਗੁਰੂ ਜੀ ਕਾ ਖ਼ਾਲਸਾ ਹੋ ਗਏ।

'ਖ਼ਾਲਸਾ' ਸ਼ਬਦ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮਨਾਮੇ (੩) ਵਿਚ ਭੀ ਆਇਆ ਹੈ ਜਿਥੇ ਲਿਖਿਆ ਹੋਇਆ ਹੈ : "ਪੂਰਬ ਦੀ ਸੰਗਤ ਗੁਰੂ ਦਾ ਖਾਲਸਾ ਹੈਇ", ਅਰਥਾਤ ਉਧਰ ਕੋਈ ਮਸੰਦ ਨਿਯਤ ਨਹੀਂ ਹੈ, ਇਸੇ ਲਈ ਅਗੇ ਚਲ ਕੇ ਦਰਜ ਹੈ ਕਿ "ਰੁਪਯੇ ਸਇ ਸਤਿ ਦੀ ਹੁੰਡੀ ਕਰਿ ਭੇਜਣਾ।" ਇਥੇ ਇਹ ਕੇਵਲ ਅਪਣੱਤ ਅਤੇ ਨਿਜ ਦੇ ਅਰਥਾਂ ਵਿਚ ਭੀ ਹੋ ਸਕਦਾ ਹੈ ਕਿ ਤੁਸੀਂ ਸਭ ਮੇਰੇ ਆਪਣੇ ਹੋ। ਇਨ੍ਹਾਂ ਅਪਣੱਤ ਦੇ ਅਰਥਾਂ ਵਿਚ ਹੀ ਇਹ ਸ਼ਬਦ ਗੁਰੂ ਤੇਗ਼ ਬਹਾਦਰ ਜੀ ਨੇ ਭੀ ਵਰਤਿਆ ਹੈ (੮)।

**"ਜੋ ਸਿੱਖ ਮਿਲੈ, ਮੇਲ ਲੈਵਣਾ"**

ਜਦ ਗੁਰੂ ਜੀ ਨੇ ਖ਼ਾਲਸਾ ਸਾਜਿਆ ਅਤੇ ਨਵੀਂ ਰਹਿਤ ਦਾ ਪਰਚਾਰ ਕੀਤਾ ਤਾਂ ਸਿੱਖਾਂ ਨੂੰ ਕੇਸ ਧਾਰਣ ਕਰਨ, ਜ਼ਾਤ ਪਾਤ ਤਿਆਗਣ, ਤਮਾਕੂ ਤੋਂ ਪਰਹੇਜ਼, ਮਸੰਦਾਂ ਨੂੰ ਨਾ ਮੰਨਣ, ਅਤੇ ਪੁਰਾਣੀਆਂ ਕੁਲਾਰੀਤਾਂ, ਮੂਰਤਿ-ਪੂਜਕ ਧਰਮਾਂ ਅਤੇ ਭਿੰਨ ਭੇਦੀ ਕਿਰਤਾਂ ਦੇ ਊਚ-ਨੀਚ ਦੇ ਵਹਿਮਾਂ ਨੂੰ ਛੱਡ ਕੇ ਸੰਗਤ ਵਿਚ ਅਭੇਦ ਵਰਤਨ ਦਾ ਹੁਕਮ ਸੀ। ਇਹ ਹੁਕਮ ਪੁਰਾਣੇ ਮਿਲ-ਗੋਭਾ ਧਰਮ ਨਾਲੋਂ ਉਨ੍ਹਾਂ ਨੂੰ ਵੱਖਰਾ ਕਰਨ ਵਾਲੇ ਸਨ। ਪਰ ਪੁਰਾਣੀਆਂ ਰਸਮਾਂ ਹਜ਼ਾਰਾਂ ਵਰ੍ਹਿਆਂ ਅਤੇ ਜਨਮ-ਜਨਮਾਂਤਰਾਂ ਤੋਂ ਲੋਕਾਂ ਦੇ ਮਨਾਂ ਉੱਤੇ ਇਸ ਤਰ੍ਹਾਂ ਉੱਕਰ ਹੋਈਆਂ ਹੋਈਆਂ ਸਨ ਕਿ ਇਹ ਉਨ੍ਹਾਂ ਦੇ ਜੀਵਨ ਦਾ ਇਕ ਅਟੁੱਟ ਹਿੱਸਾ ਬਣ ਚੁੱਕੀਆਂ ਹੋਈਆਂ ਸਨ ਅਤੇ ਉਹ ਇਨ੍ਹਾਂ ਨੂੰ ਰੱਬੀ ਕਾਨੂੰਨ ਸਮਝੀ ਬੈਠੇ ਸਨ ਜਿਸ ਨੂੰ ਛੱਡ ਸਕਣਾ ਉਨ੍ਹਾਂ ਲਈ ਮੁਸ਼ਕਲ ਸੀ। ਅਸਲ ਵਿਚ ਵੱਡੇ ਤੋਂ ਵੱਡਾ ਬੁਧੀਮਾਨ ਮਨੁੱਖ ਭੀ ਬਹੁਤੀ ਵਾਰੀ ਪੁਰਾਣੀਆਂ ਆਦਤਾਂ ਅਤੇ ਸੰਸਕਾਰਾਂ ਦੀਆਂ ਲੀਹਾਂ ਵਿਚ ਫਸਿਆ ਹੀ ਅੰਨ੍ਹੇ ਵਾਹ ਜੀਵਨ ਬਤੀਤ ਕਰੀ ਚਲਦਾ ਹੈ ਅਤੇ ਮਾਨਸਕ ਕਮਜ਼ੋਰੀ ਕਰਕੇ ਨਵੇਂ ਗਿਆਨ ਰਾਹੀਂ ਮਿਲਦੇ ਸਿੱਧੇ ਰਸਤੇ ਨੂੰ ਭੀ ਗ੍ਰਹਿਣ ਕਰਨ ਤੋਂ ਝਿਜਕੀ ਜਾਂਦਾ ਹੈ। ਅਜਿਹੇ ਵਿਰਲੇ ਹੀ ਸੂਰਬੀਰ ਹੁੰਦੇ ਹਨ ਜੋ ਗਿਆਨ ਦੀ ਪਰੇਰਨਾ ਅਨੁਸਾਰ ਆਪਣੇ ਮਨ ਦੀਆਂ ਵਾਗਾਂ ਮੋੜ ਕੇ ਆਪਣੇ ਕਰਮਾਂ ਨੂੰ ਨਵੇਂ ਰਾਹੇ ਤੋਰ ਸਕਦੇ ਹਨ। ਅਜਿਹੇ ਸਨ ਉਹ ਸਿਰਲੱਥ ਸੂਰੇ ਜਿਨ੍ਹਾਂ ਨੇ ਆਪਣੇ ਸੀਸ ਗੁਰੂ ਦੇ ਹਵਾਲੇ ਕਰ ਕੇ ਖ਼ਾਲਸਾ ਰਹਿਤ ਨੂੰ ਪਰਵਾਨ ਕੀਤਾ ਸੀ। ਪਰ ਅਨੇਕਾਂ ਐਸੇ ਢਿੱਲੜ ਭੀ ਸਨ ਜਿਨ੍ਹਾਂ ਵਿਚ ਪੁਰਾਣੀਆਂ ਲੀਹਾਂ ਨੂੰ ਛੱਡ ਸਕਣ ਦੀ ਹਿੰਮਤ ਨਹੀਂ ਸੀ। ਉਹ ਨਾ ਕੇਵਲ ਆਪ ਹੀ ਪਿਛਾਂਹ-ਖਿੱਚੂ ਸਨ ਬਲਕਿ ਹੋਰਨਾਂ ਨੂੰ ਭੀ ਪੁਰਾਣੇ ਪਿਤਾ-ਪੁਰਖੀ ਕੁਲਾ-ਧਰਮ ਦੇ ਨਾਉਂ ਪਰ ਅੱਗੇ ਵਧਣੋਂ

ਰੋਕਦੇ ਸਨ। ਕਮਜ਼ੋਰ ਅਤੇ ਬੁਜ਼ਦਿਲ ਮਨੁੱਖ ਦਾ ਇਹ ਖ਼ਾਸਾ ਹੈ ਕਿ ਉਹ ਆਪਣੀ ਕਮਜ਼ੋਰੀ ਨੂੰ ਲੁਕਾਉਣ ਲਈ ਦੂਸਰਿਆਂ ਦੀ ਦਲੇਰੀ ਨੂੰ ਆਪ-ਹੁਦਰਾ-ਪਨ ਕਹਿ ਕੇ ਨਿੰਦਦਾ ਅਤੇ ਭੰਡਦਾ ਹੈ। ਇਹ ਹੀ ਵਤੀਰਾ ਕੁਝ ਕੁ ਲੋਕਾਂ ਨੇ ਖ਼ਾਲਸੇ ਦੇ ਵਿਰੁਧ ਅਖ਼ਤਿਆਰ ਕਰ ਲਿਆ ਸੀ। ਇਥੇ ਤਕ ਕਿ ਦਿੱਲੀ ਦੇ ਪੁਰਾਤਨ ਖਿਆਲੀਏ ਖੱਤਰੀਆਂ ਅਤੇ ਬਰਾਹਮਣਾਂ ਨੇ ਨਾ ਕੇਵਲ ਉਨ੍ਹਾਂ ਨੂੰ ਭਾਈਚਾਰੇ ’ਚੋਂ ਛੇਕ ਹੀ ਦਿੱਤਾ ਅਤੇ ਉਨ੍ਹਾਂ ਦਾ ਵਪਾਰਕ ਬਾਈਕਾਟ ਕਰ ਦਿਤਾ ਬਲਕਿ ਉਨ੍ਹਾਂ ਨੂੰ ਹੋਰ ਅਨੇਕਾਂ ਢੰਗਾਂ ਨਾਲ ਤੰਗ ਭੀ ਕਰਨਾ ਸ਼ੁਰੂ ਕਰ ਦਿੱਤਾ। ਪਰ ਹਠੀਲੇ ਖ਼ਾਲਸਿਆਂ ਨੇ ਇਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਡਟ ਕੇ ਟਾਕਰਾ ਕੀਤਾ। ਪਹਿਲਾਂ ਤਾਂ ਦਿੱਲੀ ਦੇ ਹਾਕਮਾਂ ਨੇ ਭੀ ਪੁਰਾਤਨੀ ਧੜਿਆਂ ਦਾ ਹੀ ਪੱਖ ਪੂਰਿਆ, ਪਰ ਅੰਤ ਹਾਕਮਾਂ ਨੇ ਇਨਸਾਫ਼ ਕਰ ਕੇ ਵਪਾਰਕ ਬਾਈਕਾਟ ਤੁੜਵਾ ਦਿੱਤਾ ਅਤੇ ਦੁਕਾਨਾਂ ਖੁਲ੍ਹਵਾ ਦਿੱਤੀਆਂ। ਇਸ ਨਾਲ ਆਪਸ ਵਿਚ ਮੇਲ ਭੀ ਹੋ ਗਿਆ ਅਤੇ ਅਨੇਕਾਂ ਖੱਤਰੀਆਂ ਬਰਾਹਮਣਾਂ ਨੇ ਆਪਣੇ ਗੁਨਾਹ ਬਖਸ਼ਾਏ ਅਤੇ ਉਹ ਸੰਗਤ ਵਿਚ ਮੇਲ ਲਏ ਗਏ (ਸ੍ਰੀ ਗੁਰੂ ਸੋਭਾ, ਅਧਿਆਇ ੫, ੬, ੭)। ਅਨੰਦਪੁਰੋਂ ਅੰਮ੍ਰਿਤ ਛੱਕ ਕੇ ਜਿਥੇ ਕਿਧਰੇ ਭੀ ਖ਼ਾਲਸੇ ਗਏ ਉਨ੍ਹਾਂ ਨੂੰ ਦਿੱਲੀ ਦੇ ਸਿੰਘਾਂ ਦੀ ਤਰ੍ਹਾਂ ਹੀ ਮੁਸ਼ਕਲਾਂ ਦਾ ਟਾਕਰਾ ਕਰਨਾ ਪਿਆ, ਖਾਸ ਕਰ ਪੂਰਬ ਵਿਚ ਜਿਥੇ ਕਿ ਬਰਾਹਮਣੀ ਜ਼ਾਤ ਪਾਤ ਅਤੇ ਵਹਿਮਾਂ ਭਰਮਾਂ ਦਾ ਬਹੁਤਾ ਜ਼ੋਰ ਸੀ ਅਤੇ ਹੁਣ ਤਕ ਚਲਿਆ ਆ ਰਿਹਾ ਹੈ। ਪਰ ਖ਼ਾਲਸਿਆਂ ਦੀ ਦ੍ਰਿੜ੍ਹਤਾ ਦੇ ਕਾਰਣ ਜਦ ਵਿਰੋਧੀਆਂ ਦਾ ਜ਼ੋਰ ਘਟ ਗਿਆ ਅਤੇ ਉਨ੍ਹਾਂ ਨੇ ਭੁੱਲਾਂ ਬਖ਼ਸ਼ਾ ਕੇ ਸੰਗਤ ਵਿਚ ਮਿਲਨਾ ਚਾਹਿਆ ਤਾਂ ਉਨ੍ਹਾਂ ਨੂੰ ਮੇਲ ਲਿਆ ਗਿਆ। ਪਰ ਮਾਲੂਮ ਹੁੰਦਾ ਹੈ ਕਿ ਕਿਧਰੇ ਕਿਧਰੇ ਕੁਝ ਕੁ ਨੂੰ ਸੰਗਤ ਵਿਚ ਮੇਲਣੋ ਝਿਜਕ ਸੀ, ਸ਼ਾਇਦ ਇਸ ਕਰ ਕੇ ਕਿ ਉਹ ਜਾਂ ਤਾਂ ਮਸੰਦੀਏ ਸਨ ਅਤੇ ਜਾਂ ਉਨ੍ਹਾਂ ਨੇ ਖ਼ਾਲਸਿਆਂ ਦਾ ਬਹੁਤ ਜ਼ਿਆਦਾ ਵਿਰੋਧ ਕੀਤਾ ਸੀ। ਸ਼ਾਇਦ ਕੁਝ ਕੁ ਪੁਰਾਣੇ ਮਸੰਦ ਮਸੰਦੀਆਂ ਨੇ ਭੀ ਸਿੱਖਾਂ ਦੀ ਤਰ੍ਹਾਂ ਸੰਗਤਾਂ ਵਿਚ ਮਿਲਣਾ ਚਾਹਿਆ ਹੋਵੇ ਅਤੇ ਗੁਰੂ ਸਾਹਿਬ ਦੇ ਉਨ੍ਹਾਂ ਨੂੰ ਨਾ ਮੰਨਣ ਦੇ ਹੁਕਮ ਕਰਕੇ ਸੰਗਤਾਂ ਉਨ੍ਹਾਂ ਨੂੰ ਮੇਲਣੋਂ ਝਿਜਕਦੀਆਂ ਹੋਣ। ਇਸ ਲਈ ਗੁਰੂ ਸਾਹਿਬ ਨੇ ੧੦ ਫੱਗਣ, ਸੰਮਤ ੧੭੫੮ (੬ ਫਰਵਰੀ, ਸੰਨ ੧੭੦੨) ਦੇ ਹੁਕਮਨਾਮਿਆਂ ਵਿਚ ਸੰਗਤਾਂ ਨੂੰ ਹਿਦਾਇਤ ਕੀਤੀ ਹੈ ਕਿ “ਜੋ ਸਿਖੁ ਮਿਲੈ ਸੋ ਮੇਲ ਲੈਵਣਾ ਮੇਰੀ ਖੁਸ਼ੀ ਹੈ ਦਿਕਤ ਨਾਹੀ ਕਰਣੀ” (੫੪-੫੯)।

### ਦੱਖਣ ਨੂੰ ਪਹਿਲਾ ਕੂਚ

ਅਨੰਦਪੁਰ ਅਤੇ ਚਮਕੌਰ ਦੀਆਂ ਜੰਗਾਂ ਦੀ ਰਿਪੋਰਟ ਜਦ ਬਾਦਸ਼ਾਹ ਔਰੰਗਜ਼ੇਬ ਨੂੰ ਦੱਖਣ ਵਿਚ ਪੁਜੀ ਤਾਂ ਉਸ ਨੇ ਗੁਰੂ ਸਾਹਿਬ ਨੂੰ ਦੱਖਣ ਆ ਕੇ ਮਿਲਣ ਲਈ ਸੁਨੇਹਾ ਭੇਜਿਆ। ਪਰ ਗੁਰੂ ਸਾਹਿਬ ਨੂੰ ਸ਼ਾਹੀ ਬਖ਼ਸ਼ੀਆਂ ਅਤੇ ਦੀਵਾਨਾਂ ਦਿਆਂ ਵਹਿਦਿਆਂ ਅਤੇ ਕੁਰਾਨ ਦੀਆਂ ਕਸਮਾਂ ਦਾ ਇਤਨਾ ਕੌੜਾ ਤਜਰਬਾ ਸੀ ਕਿ ਉਨ੍ਹਾਂ ਨੇ ਤੁਰਤ ਹੀ ਦੱਖਣ ਨੂੰ ਤੁਰ ਜਾਣ ਦੀ ਥਾਂ ਬਾਦਸ਼ਾਹ ਨੂੰ ਇਕ ਪੱਤਰ ਲਿਖਣਾ ਯੋਗ ਸਮਝਿਆ ਤਾਂਕਿ ਉਸ ਨੂੰ ਸਾਰੀ ਹਕੀਕਤ ਦੱਸ ਦਿਤੀ ਜਾਏ। ਆਪ ਨੇ ਆਪਣੇ ਸੰਸਾਰ-ਪ੍ਰਸਿੱਧ ਪੱਤਰ

'ਜ਼ਫ਼ਰਨਾਮੇ' ਵਿਚ ਬਾਦਸ਼ਾਹ ਨੂੰ ਲਿਖਿਆ ਕਿ ਮੈਨੂੰ ਤੇਰਾ ਲਿਖਤੀ ਫ਼ਰਮਾਨ ਅਤੇ ਜ਼ਬਾਨੀ ਸੁਨੇਹਾ ਮਿਲ ਗਿਆ ਹੈ, ਪਰ ਮੈਨੂੰ ਸਰਕਾਰੀ ਅਹਿਲਕਾਰਾਂ ਪਰ ਕੋਈ ਇਤਬਾਰ ਨਹੀਂ, ਇਹ ਕੁਰਾਨ ਦੀਆਂ ਭੀ ਝੂਠੀਆਂ ਸੁਗੰਦਾਂ ਖਾਂ ਜਾਂਦੇ ਹਨ। ਇਹ ਮੂਹੋਂ ਕੁਝ ਕਹਿੰਦੇ ਹਨ, ਪਰ ਇਨ੍ਹਾਂ ਦੇ ਮਨ ਵਿਚ ਕੁਝ ਹੋਰ ਹੁੰਦਾ ਹੈ। ਬਾਦਸ਼ਾਹ ਅਗਰ ਆਪਣੇ ਬਚਨ ਪਰ ਟਿਕਿਆ ਰਹੇ ਅਤੇ ਮੇਰੀ ਵਲ ਫ਼ਰਮਾਨ ਭੇਜੇ ਤਾਂ ਮੈਂ ਓਥੇ ਆਉਣ ਨੂੰ ਤਿਆਰ ਹਾਂ।

ਇਹ ਪੱਤਰ ਗੁਰੂ ਸਾਹਿਬ ਨੇ ਭਾਈ ਦਯਾ ਸਿੰਘ ਅਤੇ ਧਰਮ ਸਿੰਘ ਦੇ ਹੱਥੀਂ ਬਾਦਸ਼ਾਹ ਪਾਸ ਦੱਖਣ ਭੇਜ ਦਿੱਤਾ। ਪਰ ਦਯਾ ਸਿੰਘ ਜੀ ਦਾ ਦੱਖਣ ਵਿਚ ਬਾਦਸ਼ਾਹ ਨੂੰ ਆਪ ਮਿਲ ਸਕਣਾ ਅਤੇ ਪੱਤਰ ਪਹੁੰਚਾਉਣਾ ਕੋਈ ਸੌਖੀ ਗੱਲ ਨਹੀਂ ਸੀ। ਇਸ ਗੱਲ ਦੀ ਖ਼ਬਰ ਗੁਰੂ ਸਾਹਿਬ ਨੂੰ ਭਾਈ ਦਯਾ ਸਿੰਘ ਨੇ ਇਕ ਪੱਤਰ ਰਾਹੀਂ ਦੇ ਦਿੱਤੀ ਸੀ। ਇਸ ਵੇਲੇ ਬਾਦਸ਼ਾਹ ਦੀ ਉਮਰ ੯੦ ਵਰ੍ਹੇ ਦੀ ਹੋ ਰਹੀ ਸੀ ਅਤੇ ਉਸ ਦੀ ਬੀਮਾਰੀ ਦੀਆਂ ਖ਼ਬਰਾਂ ਭੀ ਉਡ ਰਹੀਆਂ ਅਤੇ ਪਤਾ ਨਹੀਂ ਸੀ ਕਿ ਕਦ ਉਸ ਦੀ ਮੌਤ ਹੋ ਜਾਏ। ਗੁਰੂ ਸਾਹਿਬ ਨੇ ਚੂੰਕਿ ਬਾਦਸ਼ਾਹ ਨਾਲ ਲਿਖਾ-ਪੜ੍ਹੀ ਸ਼ੁਰੂ ਕਰ ਦਿੱਤੀ ਹੋਈ ਸੀ ਅਤੇ ਉਸ ਦਾ ਫ਼ਰਮਾਨ ਆਉਣ ਪਰ ਦੱਖਣ ਜਾਣਾ ਪਰਵਾਨ ਭੀ ਕਰ ਲਿਆ ਸੀ, ਇਸ ਲਈ ਇਨ੍ਹਾਂ ਹਾਲਾਤ ਵਿਚ ਉਨ੍ਹਾਂ ਹੋਰ ਜ਼ਿਆਦਾ ਉਡੀਕ ਕਰਨ ਨਾਲੋਂ ਖ਼ੁਦ ਹੀ ਦੱਖਣ ਜਾ ਕੇ ਬਾਦਸ਼ਾਹ ਨਾਲ ਗੱਲਬਾਤ ਕਰਨ ਦਾ ਮਨ ਬਣਾ ਲਿਆ (ਸ੍ਰੀ ਗੁਰ ਸੋਭਾ, ਅਧਿਆਇ ੧੪, ਅੰਕ ੬੦੦)।

ਸੌ ਸਾਖੀ ਪੋਥੀ ਦੀ ੧੦੫-ਵੀਂ ਸਾਖੀ ਵਿਚ ਲਿਖਿਆ ਹੋਇਆ ਹੈ ਕਿ ਗੁਰੂ ਜੀ ਨੇ ਸੰਮਤ ੧੭੬੩, ਕੱਤਕ ਸੁਦੀ ੫ (੩੦ ਅਕਤੂਬਰ, ਸੰਨ ੧੭੦੬ ਈ.) ਨੂੰ ਦੱਖਣ ਕੂਚ ਕੀਤਾ। ੨੦ ਕੱਤਕ, ਸੰਮਤ ੧੭੬੩ (੨੧ ਅਕਤੂਬਰ, ਸੰਨ ੧੭੦੬) ਦੇ ਹੁਕਮਨਾਮੇ (੬੨) ਵਿਚ ਗੁਰੂ ਜੀ ਲਿਖਦੇ ਹਨ ਕਿ "ਕਿ ਅਸਾਂ ਦੱਖਣ ਨੂੰ ਕੂਚ ਕੀਤਾ ਹੈ"। ਇਸ ਦੇ ਅਰਥ ਇਹ ਹਨ ਕਿ ਹਜ਼ੂਰ ਇਸ ਤਰੀਕ ਤਕ ਚਲ ਪਏ ਹੋਏ ਸਨ। ਪਰਤੀਤ ਇਹ ਹੁੰਦਾ ਹੈ ਕਿ ਦੱਖਣ ਨੂੰ ਜਾਣ ਲਈ ਆਪ ਨੇ ਅਗਾਉਂ ਤੰਬੂ ਅਤੇ ਵਹੀਰ ਪਹਿਲਾਂ ਤੋਰਨੀ ਸ਼ੁਰੂ ਕਰ ਦਿੱਤੀ ਸੀ ਜਿਵੇਂ ਕਿ ਆਮ ਕੀਤਾ ਜਾਂਦਾ ਸੀ ਅਤੇ ਨਾਲ ਹੀ ਸਰਬਤ ਸੰਗਤਿ ਬੈਰਾੜਾਂ ਕੀ ਵਲ ਹੁਕਮਨਾਮੇ ਲਿਖ ਦਿਤੇ ਕਿ "ਜਿਨਿ ਸਿੰਖ ਸਾਡੇ ਨਾਲ ਚਲਣਾ ਹੋਇ ਤਿਨਿ ਹੁਕਮੁ ਦੇਖਦਿਆਂ ਹਜ਼ੂਰਿ ਆਵਣਾ" (੬੨)। ਇਸ ਦੇ ਨਾਲ ਹੀ ਭਾਈ ਥਿਰਾਜ ਸਿੰਘ, ਭਾਈ ਬੁਲਾਕੀ ਸਿੰਘ, ਭਾਈ ਬਾਜ ਸਿੰਘ ਅਤੇ ਭਾਈ ਧਰਮ ਸਿੰਘ ਰੂਪੇਕਾ ਨੂੰ ਇਕ ਇਕ ਅੱਛਾ ਬੈਲ ਗੱਡੀਆਂ (ਬਹਿਲਾਂ) ਲਈ ਭੇਜਣ ਵਾਸਤੇ ਫੁਰਮਾਇਸ਼ ਲਿਖ ਭੇਜੀ। ਨਾਲ ਜਾਣ ਲਈ ਸੰਗਤਾਂ ਤੋਂ ਆਉਣ ਵਾਲੇ ਸਿੰਘਾਂ ਨੂੰ ਉਡੀਕਣ ਅਤੇ ਸਾਥ ਮਿਲਾਉਣ ਲਈ ਵਹੀਰ ਦੇ ਪੜਾਉ ਕੁਦਰਤੀ ਹੀ ਛੋਟੇ ਛੋਟੇ ਹੋਣਗੇ ਅਤੇ ਕੱਤਕ ਸੁਦੀ ੫ (੩੦ ਅਕਤੂਬਰ) ਨੂੰ ਪੂਰਾ ਕੂਚ ਆਰੰਭ ਹੋ ਗਿਆ ਹੋਵੇਗਾ ਜਦ ਕਿ ਆਖ਼ਰੀ ਗੱਡ ਦਮਦਮੇ ਸਾਹਿਬ ਤੋਂ ਤੁਰ ਪਈ ਹੋਵੇਗੀ ਜਿਸ ਨਾਲ ਕਿ ਹਜ਼ੂਰ ਖ਼ੁਦ ਹੋਣਗੇ [Cf. *T}vels of Guru Tegh Bahadur and Guru Gobind Singh*, 117]।

੬੩ ਅਤੇ ੬੪ ਅੰਕਾਂ ਦੇ ਧਉਲ ਅਤੇ ਖਾਰਾ ਦੀਆਂ ਸੰਗਤਾਂ ਦੇ ਨਾਉਂ ਦੇ ਹੁਕਮਨਾਮੇ ਬੜੀ ਵੱਡੀ ਇਤਿਹਾਸਕ ਮਹੱਤਾ ਦੇ ਹਨ ਅਤੇ ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਇਕ ਬੜੀ ਭਾਰੀ ਗੁੰਝਲ ਖੋਲ੍ਹ ਕੇ ਰੱਖ ਦਿੱਤੀ ਹੈ। ਇਹ ਸੰਮਤ ੧੭੬੪ ਬਿਕ੍ਰਮੀ ੧ ਕੱਤਕ (੨ ਅਕਤੂਬਰ, ਸੰਨ ੧੭੦੭) ਦੇ ਲਿਖੇ ਹੋਏ ਹਨ ਜਦ ਕਿ ਗੁਰੂ ਸਾਹਿਬ ਦੀ ਬਾਦਸ਼ਾਹ ਬਹਾਦੁਰ ਸ਼ਾਹ ਨਾਲ ੨੩ ਜੁਲਾਈ ਸੰਨ ੧੭੦੭ ਈ. (੪ ਜਮਾਦੀ-ਉਲ-ਅੱਵਲ, ੧੧੧੯ ਹਿਜਰੀ) ਨੂੰ ਹੋਈ ਬਾਕਾਇਦਾ ਮੁਲਾਕਾਤ ਨੂੰ ਦੋ ਮਹੀਨੇ ਅੱਠ ਦਿਨ ਹੋ ਚੁੱਕੇ ਸਨ ਅਤੇ ਗੁਰੂ ਸਾਹਿਬ ਥੋੜੇ ਦਿਨਾਂ ਨੂੰ ਹੀ ਪੰਜਾਬ ਆਪਣੇ ਅਸਥਾਨ ਅਨੰਦਪੁਰ ਸਾਹਿਬ ਨੂੰ ਮੁੜਨ ਵਾਲੇ ਸਨ।

ਜਿਵੇਂ ਅਸੀਂ ਪਿੱਛੇ ਦੇਖ ਚੁੱਕੇ ਹਾਂ ਕਿ ਬਾਦਸ਼ਾਹ ਔਰੰਗਜ਼ੇਬ ਵਲ ਦੱਖਣ ਵਿਚ ਜ਼ਫ਼ਰਨਾਮਾ ਲੈ ਕੇ ਗਏ ਹੋਏ ਭਾਈ ਦਯਾ ਸਿੰਘ ਨੂੰ ਚੂੰਕਿ ਜ਼ਿਆਦਾ ਦੇਰ ਹੋ ਗਈ ਸੀ ਅਤੇ ਉਸ ਦੇ ਬਾਦਸ਼ਾਹ ਨੂੰ ਪੱਤਰ ਪਹੁੰਚਾ ਸਕਣ ਸੰਬੰਧੀ ਕੋਈ ਖ਼ਬਰ ਭੀ ਨਹੀਂ ਸੀ ਆਈ, ਇਸ ਲਈ ਗੁਰੂ ਸਾਹਿਬ ਬਾਦਸ਼ਾਹ ਨੂੰ ਮਿਲਣ ਲਈ, ਜਿਸ ਬਾਬਤ ਉਹ ਪਹਿਲਾਂ ਜ਼ਫ਼ਰਨਾਮੇ ਵਿਚ ਰਜ਼ਾਮੰਦੀ ਦੇ ਚੁੱਕੇ ਹੋਏ ਸਨ, ਦੱਖਣ ਨੂੰ ਤੁਰ ਪਏ ਸਨ। ਪਰ ਜਦ ਉਹ ਰਾਜਸਥਾਨ ਵਿਚ ਬਘੌਰ ਦੇ ਲਾਗੇ ਪੁਜੇ ਤਾਂ ਉਨ੍ਹਾਂ ਨੂੰ ਦੱਖਣ ਤੋਂ ਮੁੜਦਾ ਹੋਇਆ ਭਾਈ ਦਯਾ ਸਿੰਘ ਆ ਮਿਲਿਆ ਅਤੇ ਦੱਸਿਆ ਕਿ ਬਾਦਸ਼ਾਹ ਔਰੰਗਜ਼ੇਬ ਨੇ ਹਜ਼ੂਰ ਨੂੰ ਦੱਖਣ ਆਉਣ ਲਈ ਫ਼ਰਮਾਨ ਅਤੇ ਆਦਮੀ ਭੇਜ ਦਿੱਤੇ ਹਨ। ਇਨ੍ਹਾਂ ਦਿਨਾਂ ਵਿਚ ਹੀ ਇਹ ਖ਼ਬਰ ਭੀ ਆ ਗਈ ਕਿ ਔਰੰਗਜ਼ੇਬ ੨੦ ਫਰਵਰੀ ਸੰਨ ੧੭੦੭ (੨੪ ਜ਼ੀਕਦਾ, ੧੧੧੮ ਹਿਜਰੀ) ਨੂੰ ਅਹਿਮਦਨਗਰ ਵਿਚ ਚਲਾਣਾ ਕਰ ਗਿਆ ਹੈ। ਹੁਣ ਚੂੰਕਿ ਗੁਰੂ ਸਾਹਿਬ ਦੇ ਅੱਗੇ ਦੱਖਣ ਨੂੰ ਜਾਣ ਦਾ ਕੋਈ ਮਕਸਦ ਨਹੀਂ ਸੀ ਰਿਹਾ ਇਸ ਲਈ ਆਪ ਉਥੋਂ ਹੀ ਪੰਜਾਬ ਵਲ ਨੂੰ ਮੁੜ ਪਏ।

**ਬਹਾਦੁਰਸ਼ਾਹ ਦੀ ਸਹਾਇਤਾ**

ਇਤਨੇ ਨੂੰ ਔਰੰਗਜ਼ੇਬ ਦਾ ਵੱਡਾ ਪੁੱਤਰ ਸ਼ਾਹਜ਼ਾਦਾ ਮੁਅੱਜ਼ਮ ਸ਼ਾਹ ਆਲਮ ਵਾਹੋ ਦਾਹੀ ਆਪਣੇ ਛੋਟੇ ਭਾਈ ਆਜ਼ਮ ਨਾਲ ਲੜਾਈ ਵਿਚ ਤਖ਼ਤ ਦਾ ਫ਼ੈਸਲ ਕਰਨ ਲਈ ਆ ਪੁੱਜਾ। ਆਜ਼ਮ ਨੇ ਵੱਡੇ ਭਰਾ ਦੇ ਹੱਕ ਅਤੇ ਉਸ ਦੀਆਂ ਨਸੀਹਤਾਂ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਆਪ ਦੇ ਬਾਦਸ਼ਾਹ ਹੋਣ ਦਾ ਇਲਾਨ ਕਰ ਦਿੱਤਾ ਹੋਇਆ ਸੀ ਅਤੇ ਬਹੁਤ ਸਾਰੇ ਅਹਿਲਕਾਰ ਅਤੇ ਫ਼ੌਜ ਉਸ ਦੇ ਹੱਕ ਵਿਚ ਹੋ ਗਏ ਸਨ ਅਤੇ ਕਾਫ਼ੀ ਖ਼ਜ਼ਾਨੇ ਪਰ ਭੀ ਉਸ ਨੇ ਕਬਜ਼ਾ ਕਰ ਲਿਆ ਹੋਇਆ ਸੀ। ਇਸ ਵੇਲੇ ਬਹਾਦੁਰ ਸ਼ਾਹ ਨੇ ਗੁਰੂ ਜੀ ਪਾਸੋਂ ਹੋਣ ਵਾਲੀ ਲੜਾਈ ਵਿਚ ਸਹਾਇਤਾ ਮੰਗੀ। ਗੁਰੂ ਜੀ ਪਾਸ ਕੋਈ ਬਹੁਤੀ ਫ਼ੌਜ ਤਾਂ ਹੈ ਹੀ ਨਹੀਂ ਸੀ, ਕੇਵਲ ਉਨ੍ਹਾਂ ਦੀ ਰੂਹਾਨੀ ਪੋਜ਼ੀਸ਼ਨ ਦੇ ਕਾਰਣ ਬਾਦਸ਼ਾਹ ਉਨ੍ਹਾਂ ਦੀ ਅਸੀਸ ਦਾ ਚਾਹਵਾਨ ਸੀ। ਜੇ ਗੁਰੂ ਗੋਬਿੰਦ ਸਿੰਘ ਦੀ ਥਾਂ ਕੋਈ ਹੋਰ ਹੁੰਦਾ ਤਾਂ ਸ਼ਾਇਦ ਇਸ ਵੇਲੇ ਦਾ ਫ਼ਾਇਦਾ ਉਠਾ ਕੇ ਬਹਾਦੁਰ ਸ਼ਾਹ ਨੂੰ ਇਕ ਕਰੜੀ ਸੱਟ ਮਾਰਨ ਦੀ ਕੋਸ਼ਿਸ਼ ਕਰਦਾ। ਬਹਾਦੁਰ ਸ਼ਾਹ ਦੇ ਪੜਦਾਦੇ ਜਹਾਂਗੀਰ ਨੇ ਗੁਰੂ ਅਰਜਨ ਨੂੰ ਤਸੀਹੇ ਦੇ ਕੇ ਸ਼ਹੀਦ

ਕੀਤਾ ਸੀ ਅਤੇ ਗੁਰੂ ਹਰਿਗੋਬਿੰਦ ਨੂੰ ਗਵਾਲੀਅਰ ਵਿਚ ਕੈਦ ਰਖਿਆ ਸੀ। ਉਸ ਦੇ ਦਾਦਾ ਸ਼ਾਹਜਹਾਨ ਨੇ ਉਨ੍ਹਾਂ ਨੂੰ ਕਾਫ਼ੀ ਤੰਗ ਕੀਤਾ ਸੀ। ਉਸ ਦੇ ਪਿਓ ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਨੂੰ ਦਿੱਲੀ ਬੁਲਾਇਆ ਸੀ ਜਿਥੇ ਕਿ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਸ ਦੇ ਹੁਕਮ ਨਾਲ ਗੁਰੂ ਸਾਹਿਬ ਦੇ ਪਿਤਾ ਗੁਰੂ ਤੇਗ ਬਹਾਦੁਰ ਨੂੰ ਸ਼ਹੀਦ ਕੀਤਾ ਗਿਆ ਸੀ ਅਤੇ ਖ਼ੁਦ ਉਨ੍ਹਾਂ ਨੂੰ ਘਰ ਘਾਟ ਛੱਡਣ ਪਰ ਮਜ਼ਬੂਰ ਹੋਣਾ ਪਿਆ ਸੀ ਅਤੇ ਚਾਰ ਸਾਹਿਬਜ਼ਾਦੇ, ਮਾਤਾ ਅਤੇ ਅਨੇਕਾਂ ਸਿੰਘ ਸ਼ਹੀਦ ਹੋਏ ਸਨ। ਹੁਣ ਇਸ ਵੇਲੇ ਬਦਲਾ ਲੈਣ ਦਾ ਇਕ ਨਾਦਰ ਮੌਕਾ ਸੀ। ਬਾਦਸ਼ਾਹ ਔਰੰਗਜ਼ੇਬ ਮਰ ਚੁੱਕਾ ਸੀ। ਉਸ ਦੇ ਪੁੱਤਰ ਇਕ ਦੂਸਰੇ ਦੇ ਲਹੂ ਦੇ ਤਿਹਾਏ ਮਰਨ ਮਾਰਨ ਲਈ ਤਿਆਰ ਸਨ। ਰਾਜਪੂਤਾਨੇ ਦੇ ਰਾਜਪੂਤ ਰਾਜੇ ਅਤੇ ਦੱਖਣ ਦੇ ਮਰਾਠੇ ਹਰ ਫਤੂਰ ਲਈ ਉਠ ਸਕਦੇ ਸਨ। ਜੇ ਅਜਿਹੇ ਵੇਲੇ ਕਿਸੇ ਦੇ ਦਿਲ ਵਿਚ ਚਾਰ ਪੁਸ਼ਤਾਂ ਦੇ ਅਤਿਆਚਾਰਾਂ ਦੇ ਬਦਲੇ ਦੀ ਅੱਗ ਨਾ ਬਲ ਉਠੀ ਹੋਵੇ ਤਾਂ ਉਹ ਹਿਮਾਲਾ ਪਹਾੜ ਵਰਗਾ ਠੰਡਾ, ਆਪਣੇ ਮਨ ਨੂੰ ਜਿੱਤ ਲੈਣ ਵਾਲਾ, ਇਕ ਮਹਾਨ ਨਿਰਵੈਰ ਰੱਬ-ਰੂਪੀ ਯੋਗੀ ਹੀ ਹੋ ਸਕਦਾ ਹੈ, ਜੋ ਕਿ ਗੁਰੂ ਗੋਬਿੰਦ ਸਿੰਘ ਜੀ ਸਨ। ਪਹਾੜੀ ਰਾਜੇ ਉਨ੍ਹਾਂ ਦੀ ਜਾਨ ਦੇ ਵੈਰੀ ਸਨ ਅਤੇ ਉਨ੍ਹਾਂ ਨੂੰ ਮਾਰਨ ਅਤੇ ਦੇਸੋਂ ਕੱਢਣ ਲਈ ਨਿੱਤ ਨਵੀਆਂ ਸਾਜ਼ਸ਼ਾਂ ਘੜਦੇ ਰਹਿੰਦੇ ਸਨ, ਪਰ ਜਦ ਉਨ੍ਹਾਂ ਪਰ ਵੈਰੀ ਚੜ੍ਹ ਆਏ ਤਾਂ ਇਹ ਅਕਾਲ-ਮੂਰਤਿ ਨਿਰਵੈਰ ਗੁਰੂ ਗੋਬਿੰਦ ਸਿੰਘ ਉਨ੍ਹਾਂ ਦੀ ਸਹਾਇਤਾ ਲਈ ਭੀ ਜਾ ਪੁਜੇ ਸਨ, ਜਿਵੇਂ ਕਿ ਨਦਾਉਣ ਦੇ ਯੁਧ ਵਿਚ ਗੁਰੂ ਜੀ ਨੇ ਅਲਫ਼ ਖ਼ਾਨ ਦੇ ਵਿਰੁਧ ਭੀਮ ਚੰਦ ਕਹਿਲੂਰੀਏ ਦੀ ਜਾ ਸਹਾਇਤਾ ਕੀਤੀ ਸੀ।

ਇਥੇ ਭੀ ਗੁਰੂ ਗੋਬਿੰਦ ਸਿੰਘ ਜੀ ਸ਼ਾਹਜ਼ਾਦਾ ਮੁਅੱਜ਼ਮ ਦੇ ਪਿਓ ਦਾਦਿਆਂ ਦੇ ਅਤਿਆਚਾਰਾਂ ਨੂੰ ਭੁਲਾ ਕੇ ਉਸ ਨੂੰ ਤਖ਼ਤ ਦਾ ਹੱਕਦਾਰ ਸਮਝ ਕੇ ਉਸ ਦੀ ਸਹਾਇਤਾ ਕਰਨ ਨੂੰ ਤਿਆਰ ਹੋ ਗਏ। ਉਹ ਸੰਤ-ਸਿਪਾਹੀ ਸਨ। ਉਹ ਜੰਗ ਦੇ ਮੈਦਾਨ ਵਿਚ ਆ ਉਤਰੇ ਵੈਰੀ ਨਾਲ ਆਹਮੋ ਸਾਹਮਣੀ ਲੜਾਈ ਵਿਚ ਲੋਹਾ ਲੈਣਾ ਅਤੇ ਖੰਡਾ ਖੜਕਾਉਣਾ ਤਾਂ ਜਾਇਜ਼ ਸਮਝਦੇ ਸਨ ਪਰ ਪਿਤਾ ਪਿਤਾਮਾ ਦੇ ਜ਼ੁਲਮਾਂ ਦਾ ਵੈਰ ਪੁੱਤਰ ਪੋਤਰੇ ਅਤੇ ਪੜਪੋਤੇ ਤੋਂ ਲੈਣਾ ਧਰਮ ਦੇ ਵਿਰੁਧ ਸਮਝਦੇ ਸਨ। ਇਸ ਲਈ ਉਨ੍ਹਾਂ ਨੇ ਮੁਅੱਜ਼ਮ ਦੀ ਸਹਾਇਤਾ ਲਈ ੮ ਜੂਨ, ੧੭੦੭ ਨੂੰ ਜਾਜਊ ਦੇ ਅਸਥਾਨ ਤੇ ਹੋਈ ਆਜ਼ਮ ਨਾਲ ਲੜਾਈ ਵਿਚ ਆਪਣੀ ਵਹੀਰ ਦੇ ਕੁਝ ਸਿੰਘ ਭੇਜ ਦਿਤੇ। ਜੰਗ ਵਿਚ ਮੁਅੱਜ਼ਮ ਦੀ ਜਿੱਤ ਹੋ ਗਈ ਅਤੇ ਉਹ ਬਾਦਸ਼ਾਹੀ ਤਖ਼ਤ ਦਾ ਵਾਲੀ ਹੋ ਕੇ ਬਹਾਦੁਰ ਸ਼ਾਹ ਨਾਉਂ ਨਾਲ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ।

**ਬਹਾਦੁਰ ਸ਼ਾਹ ਬਾਦਸ਼ਾਹ ਨਾਲ ਮੁਲਾਕਾਤ**

ਜਾਜਊ ਦੀ ਲੜਾਈ ਤੋਂ ਡੇਢ ਮਹੀਨਾ ਬਾਦ ਬਹਾਦੁਰ ਸ਼ਾਹ ਦੇ ਸੱਦੇ ਪਰ ੨੩ ਜੁਲਾਈ ਨੂੰ ਗੁਰੂ ਸਾਹਿਬ ਨੇ ਉਸ ਨਾਲ ਮੁਲਾਕਾਤ ਕੀਤੀ ਜਿਸ ਮੌਕੇ ਪਰ ਬਾਦਸ਼ਾਹ ਨੇ ਇਕ ਵੱਡ-ਮੁੱਲੀ ਖਿਲਅਤ ਅਤੇ ਸੱਠ ਹਜ਼ਾਰ ਦੀ ਜੜਾਊ ਧੁਖਧੁਖੀ ਪੇਸ਼ ਕੀਤੀ, ਜਿਸ ਦਾ

ਕਿ ਜ਼ਿਕਰ ਬਹਾਦੁਰ-ਸ਼ਾਹ-ਨਾਮੇ, ਅਖ਼ਬਾਰਿ-ਦਰਬਾਰਿ-ਮੁਅੱਲਾ ਅਤੇ ਹੁਕਮਨਾਮੇ ੬੩ ਅਤੇ ੬੪ ਵਿਚ ਹੈ। ਇਹ ਸਭ ਕੁਝ ਗੁਰੂ ਜੀ ਦੀ ਉਦਾਰ-ਚਿੱਤ ਸਹਾਇਤਾ ਲਈ ਸ਼ੁਕਰਾਨੇ ਵਜੋਂ ਸੀ। ਬਾਦਸ਼ਾਹ ਵਲੋਂ ਮਿਲੀ ਖ਼ਿਲਅਤ ਦੇ ਜ਼ਿਕਰ ਤੋਂ ਇਲਾਵਾ ਇਨ੍ਹਾਂ ਹੁਕਮਨਾਮਿਆਂ ਵਿਚ ਤਿੰਨ ਹੋਰ ਵਿਸ਼ੇਸ਼ ਗੱਲਾਂ ਦਾ ਜ਼ਿਕਰ ਹੈ :

੧. ਹੋਰ ਭੀ ਕੰਮ ਗੁਰੂ ਕਾ ਸਦਕਾ ਸਭ ਹੋਤੇ ਹੈਂ।
੨. ਅਸੀਂ ਭੀ ਥੋੜੇ ਹੀ ਦਿਨਾ ਨੋ ਆਵਤੇ ਹਾਂ।
੩. ਜਦ ਅਸੀਂ ਕਹਿਲੂਰ ਆਵਤੇ ਤਦਿ ਸੁਰਬਤਿ ਖ਼ਾਲਸੇ ਹਥੀਆਰ ਬੰਨ੍ਹ ਕੇ ਹਜ਼ੂਰ ਆਵਣਾ।

'ਹੋਰ ਭੀ ਕੰਮ' ਜਿਨ੍ਹਾਂ ਦਾ ਜ਼ਿਕਰ ਗੁਰੂ ਜੀ ਨੇ ਇਨ੍ਹਾਂ ਹੁਕਮਨਾਮਿਆਂ ਵਿਚ ਕੀਤਾ ਹੈ, ਕੀ ਸਨ, ਇਨ੍ਹਾਂ ਦਾ ਜ਼ਿਕਰ ਬਹਾਦੁਰ-ਸ਼ਾਹ-ਨਾਮਾ, ਅਖ਼ਬਾਰਾਤਿ-ਦਰਬਾਰਿ-ਮੁਅੱਲਾ ਜਾਂ ਕਿਸੇ ਹੋਰ ਸਮਕਾਲੀ ਇਤਿਹਾਸ ਜਾਂ ਰਿਕਾਰਡ ਵਿਚ ਨਹੀਂ ਆਉਂਦਾ। ਪਰ ਇਹ ਸਪਸ਼ਟ ਮਾਲੂਮ ਹੁੰਦਾ ਹੈ ਕਿ ਇਹ ਕੰਮ ਪੰਜਾਬ ਅਤੇ ਸਿੱਖਾਂ ਦੇ ਬਾਦਸ਼ਾਹ ਨਾਲ ਸੰਬੰਧਾਂ ਬਾਬਤ ਸਨ ਕਿ ਕਿਵੇਂ ਇਹ ਚੰਗੇ ਅਤੇ ਅਮਨ ਅਮਾਨ ਵਾਲੇ ਹੋ ਸਕਦੇ ਹਨ। ਬਾਦਸ਼ਾਹ ਬਹਾਦੁਰ ਸ਼ਾਹ ਅਤੇ ਉਸ ਦੇ ਵੱਡੇ ਵਜ਼ੀਰ ਖ਼ਾਨਿ-ਖ਼ਾਨਾਨ ਮੁਨਿਮ ਖਾਨ ਨੇ ਆਪਣੀਆਂ ਮੁਲਾਕਾਤਾਂ ਵਿਚ ਗੁਰੂ ਜੀ ਨੂੰ ਕੀ ਵਾਹਿਦੇ ਅਤੇ ਭਰੋਸੇ ਦਿਤੇ ਸਨ, ਇਨ੍ਹਾਂ ਸੰਬੰਧੀ ਇਤਿਹਾਸ ਕੁਝ ਨਹੀਂ ਦਸਦੇ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਆਪਸ ਵਿਚ ਹੋਈਆਂ ਗੱਲਾਂ ਬਾਤਾਂ ਅਜਿਹੀਆਂ ਤਸੱਲੀ-ਬਖ਼ਸ਼ ਸਨ ਕਿ ਗੁਰੂ ਜੀ ਨੂੰ ਪੂਰੀ ਪੂਰੀ ਆਸ ਬਝ ਗਈ ਸੀ ਕਿ ਉਹ ਛੇਤੀ ਹੀ ਆਨੰਦਪੁਰ ਨੂੰ ਮੁੜ ਪੈਣਗੇ। ਜੇ ਗੁਰੂ ਜੀ ਦਾ ਦੱਖਣ ਨੂੰ ਜਾਣ ਦਾ ਮਨਸ਼ਾ ਪੰਜਾਬ ਤੋਂ ਨਿਰਾਸਤਾ ਜਾਂ ਰਾਜਸਥਾਨ ਅਤੇ ਮਹਾਰਾਸ਼ਟਰ ਵਿਚ ਰਾਜਪੂਤਾਂ ਜਾਂ ਮਰਾਠਿਆਂ ਨੂੰ ਰਾਜ-ਵਿਦਰੋਹ ਲਈ ਭੜਕਾਉਣਾ ਅਤੇ ਖੜਾ ਕਰਨਾ ਹੁੰਦਾ ਤਾਂ ਉਹ ਬਾਦਸ਼ਾਹ ਨਾਲ ਗੱਲ-ਬਾਤ ਮੁੱਕਣ ਪਰ ਛੇਤੀ ਹੀ ਥੋੜੇ ਦਿਨਾਂ ਨੂੰ ਵਾਪਸ ਆਉਣ ਦਾ ਖ਼ਿਆਲ ਜ਼ਾਹਰ ਨਾ ਕਰਦੇ ਅਤੇ ਨਾ ਹੀ ਆਪਣੇ ਕਹਿਲੂਰ ਦੇ ਇਲਾਕੇ ਵਿਚ (ਜਿਥੇ ਕਿ ਆਨੰਦਪੁਰ ਸੀ) ਪਹੁੰਚਣ ਪਰ ਸਰਬਤ ਖ਼ਾਲਸੇ ਨੂੰ ਹਥਿਆਰ ਬੰਨ੍ਹ ਕੇ ਆਉਣ ਲਈ ਹੁਕਮ ਦਿੰਦੇ। ਉਨ੍ਹਾਂ ਨੂੰ ਆਨੰਦਪੁਰ ਵਾਪਸ ਮੁੜ ਆਉਣ ਦਾ ਪੱਕਾ ਖ਼ਿਆਲ ਸੀ ਅਤੇ ਉਨ੍ਹਾਂ ਨੂੰ ਸ਼ੱਕ ਸੀ ਕਿ ਕਹਿਲੂਰ ਪਹੁੰਚਣ ਪਰ ਸ਼ਾਇਦ ਪਹਾੜੀ ਰਾਜਿਆਂ ਅਤੇ ਸਰਹੰਦ ਦੇ ਨਵਾਬ ਵਲੋਂ ਕੋਈ ਰੋਕ ਪਾਈ ਜਾਏ ਜਿਸ ਨੂੰ ਹਟਾਉਣ ਲਈ ਉਨ੍ਹਾਂ ਨੂੰ ਹਥਿਆਰਬੰਦ ਖ਼ਾਲਸਿਆਂ ਦੀ ਲੋੜ ਪਵੇ।

## ਦੱਖਣ ਨੂੰ

ਪਰ ਜਲਦੀ ਹੀ ਪਿੱਛੋਂ ਦੇਸ ਦੀ ਰਾਜਸੀ ਹਾਲਤ ਚੂੰਕਿ ਬਦਲ ਗਈ ਅਤੇ ਗੁਰੂ ਸਾਹਿਬ ਨਾਲ ਹੋਈ ਗੱਲ ਬਾਤ ਪੂਰੀ ਤਰ੍ਹਾਂ ਸਿਰੇ ਚੜ੍ਹਣ ਤੋਂ ਪਹਿਲਾਂ ਹੀ ਬਹਾਦੁਰ ਸ਼ਾਹ ਨੂੰ ਪਹਿਲਾਂ ਤਾਂ ਰਾਜਪੂਤਾਨੇ ਅਤੇ ਫੇਰ ਹੈਦਰਾਬਾਦ ਵਿਚ ਉਸ ਦੇ ਛੋਟੇ ਭਾਈ ਕਾਮ ਬਖ਼ਸ਼

ਵਲੋਂ ਖੜੀ ਕਰ ਦਿੱਤੀ ਗਈ ਬਗ਼ਾਵਤ ਨੂੰ ਮੇਟਣ ਲਈ ਦੱਖਣ ਨੂੰ ਜਾਣਾ ਪੈ ਗਿਆ ਇਸ ਲਈ ਗੁਰੂ ਸਾਹਿਬ ਨੂੰ ਭੀ ਆਪਣੀ ਚਲ ਰਹੀ ਗੱਲ-ਬਾਤ ਸੰਬੰਧੀ ਬਾਦਸ਼ਾਹ ਦੇ ਨਾਲ ਦੱਖਣ ਜਾਣਾ ਜ਼ਰੂਰੀ ਹੋ ਗਿਆ, ਜਿੱਥੇ ਨਾਂਦੇੜ ਦੇ ਅਸਥਾਨ ਤੇ ੬-੭ ਅਕਤੂਬਰ, ਸੰਨ ੧੭੦੮ ਈ. ਦੀ ਰਾਤ ਨੂੰ ਆਪ ਜੋਤੀ ਜੋਤਿ ਸਮਾ ਗਏ।

**ਬੰਦਾ ਸਿੰਘ ਬਹਾਦੁਰ**

ਇਸ ਤੋਂ ਬਾਦ ਬਾਬਾ ਬੰਦਾ ਸਿੰਘ ਬਹਾਦੁਰ ਦਾ ਸਮਾਂ ਆ ਗਿਆ ਜਿਸ ਨੂੰ ਕਿ ਨਾਂਦੇੜ ਵਿਚ ੩ ਸਤੰਬਰ, ੧੭੦੮ ਨੂੰ ਸੂਰਜ ਗ੍ਰਹਿਣ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਵਿਚ ਲਿਆਂਦਾ ਅਤੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਸੀ। ਇਸ ਨੇ ਪੰਜਾਬ ਵਿਚ ਆ ਕੇ ਸੰਨ ੧੭੦੯-੧੦ ਈ. ਵਿਚ ਇਥੇ ਮੁਗ਼ਲ ਰਾਜ ਉਲਟਾ ਕੇ ਰਖ ਦਿੱਤਾ ਅਤੇ ਕਾਫ਼ੀ ਇਲਾਕੇ ਉਤੇ ਕਬਜ਼ਾ ਕਰ ਕੇ ਉਥੇ ਖ਼ਾਲਸਾ ਰਾਜ ਕਾਇਮ ਕਰ ਲਿਆ। ਪਰ ਸਾਰੇ ਹਿੰਦੁਸਤਾਨ ਵਿਚ ਫੈਲੀ ਹੋਈ ਮੁਗ਼ਲਾਂ ਦੀ ਹਕੂਮਤ ਦੀ ਤਾਕਤ, ਜੋ ਆਪਣੇ ਸਮੇਂ ਦੇ ਸੰਸਾਰ ਦੇ ਰਾਜਾਂ ਵਿਚੋਂ ਸਭ ਤੋਂ ਬੜੀ ਸੀ, ਹਾਲ ਤਕ ਬਹੁਤ ਜ਼ਿਆਦਾ ਸੀ। ਇਸ ਲਈ ਜਦ ਖ਼ੁਦ ਬਹਾਦੁਰ ਸ਼ਾਹ ਆਪਣੀ, ਰਾਜਪੂਤਾਂ, ਬੁੰਦੇਲਿਆਂ ਅਤੇ ਹੋਰ ਰਾਜਵਾੜਿਆਂ ਦੀ ਬਹੁਤ ਸਾਰੀ ਫ਼ੌਜ ਲੈ ਕੇ ਬੰਦਾ ਸਿੰਘ ਦੇ ਵਿਰੁੱਧ ਚੜ੍ਹ ਆਇਆ ਤਾਂ ਸਿੰਘਾਂ ਵਾਸਤੇ ਉਸ ਦੇ ਸਾਹਮਣੇ ਬਹੁਤੀ ਦੇਰ ਤਕ ਪੱਕੇ ਤੌਰ ਤੇ ਟਿਕੇ ਰਹਿ ਸਕਣਾ ਔਖਾ ਹੋ ਗਿਆ। ਹੌਲੀ ਹੌਲੀ ਉਹ ਜਿੱਤੇ ਹੋਏ ਇਲਾਕੇ ਖ਼ਾਲੀ ਕਰਨ ਪਰ ਮਜ਼ਬੂਰ ਹੋ ਗਏ ਅਤੇ ੧ ਦਸੰਬਰ ਸੰਨ ੧੭੧੦ ਈ. ਨੂੰ ਲੋਹਗੜ੍ਹ ਅਤੇ ਸਤਾਰਾਗੜ੍ਹ ਕਿਲੇ ਭੀ ਖ਼ਾਲੀ ਕਰਨੇ ਪੈ ਗਏ। ਪਰ ਬੰਦਾ ਸਿੰਘ ਬਚ ਕੇ ਪਹਾੜੀਆਂ ਵਿਚ ਦੀ ਨਿਕਲ ਗਿਆ। ਇਹ ਗੱਲ ਸੁਣ ਕੇ ਬਹਾਦੁਰ ਸ਼ਾਹ ਬਾਦਸ਼ਾਹ ਬੜਾ ਛਿੱਥਾ ਪਿਆ ਅਤੇ ੧੦ ਦਸੰਬਰ (੨੯ ਸ਼ੱਵਾਲ ਸਨ ੪ ਬਹਾਦੁਰ ਸ਼ਾਹੀ, ੧੧੨੨ ਹਿਜਰੀ) ਨੂੰ ਉਸ ਨੇ ਸਿੱਖਾਂ ਦੀ ਕਤਲਾਮ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਬਖ਼ਸ਼ੀ-ਉਲ-ਮੁਮਾਲਿਕ ਮਹਾਬਤ ਖ਼ਾਨ ਨੂੰ ਕਿਹਾ ਕਿ ਸ਼ਾਹਜਹਾਨਾਬਾਦ (ਦਿੱਲੀ) ਦੇ ਇਰਦ ਗਿਰਦ ਦੇ ਫ਼ੌਜਦਾਰਾਂ ਦੇ ਨਾਉਂ ਬਾਦਸ਼ਾਹੀ ਹੁਕਮ (ਹਸਬੁਲ-ਹੁਕਮਿ-ਵਾਲਾ) ਲਿਖ ਦੇਵੇ ਕਿ ਜਿਥੇ ਕਿਧਰੇ ਭੀ ਨਾਨਕ-ਪੂਜ ਸਿਖ ਮਿਲਣ, ਕਤਲ ਕਰ ਦਿੱਤੇ ਜਾਣ (-ਨਾਨਕ-ਪ੍ਰਸਤਾਂ ਰਾ ਹਰ ਜਾ ਕਿ ਬ-ਯਾਬੰਦ ਬ-ਕਤਲ ਰਸਾਨੰਦ)।

ਲੋਹਗੜ੍ਹ ਖ਼ਾਲੀ ਕਰਨ ਤੋਂ ਦਸਾਂ ਕੁ ਦਿਨਾਂ ਵਿਚ ਬੰਦਾ ਸਿੰਘ ਪਠਾਨਕੋਟ ਵਲ ਦੇ ਕੰਢੀ ਦੇ ਇਲਾਕੇ ਵਿਚ ਜਾ ਦੜਕਿਆ ਅਤੇ ਖ਼ਾਲਸੇ ਨੂੰ ਮੁੜ ਇਕੱਠਾ ਹੋਣ ਲਈ ਹੁਕਮਨਾਮੇ ਭੇਜਣੇ ਸ਼ੁਰੂ ਕਰ ਦਿੱਤੇ। ਇਥੇ ਇਸ ਵੇਲੇ ਦੇ ਉਨ੍ਹਾਂ ਦੇ ਦੋ ਹੁਕਮਨਾਮੇ (੬੬-੬੭) ਦਿੱਤੇ ਗਏ ਹਨ। ਇਕ ਹੈ (੬੬) ਭਾਈ ਰੂਪੇ-ਵਾਸੀ ਭਾਈ ਧਰਮ ਸਿੰਘ, ਪਰਮ ਸਿੰਘ, ਦਾਨ ਸਿੰਘ, ਸੰਗੋ ਸਿੰਘ ਦੇ ਨਾਉਂ ਅਤੇ ਦੂਸਰਾ ਹੈ (੬੭) ਜਉਨਪੁਰ ਦੇ ਖ਼ਾਲਸੇ ਦੇ ਨਾਉਂ, ਜਿਸ ਪਰ ਮਿਤੀ ਪੋਹ ੧੨ ਸੰਮਤ ਪਹਿਲਾ (੧੨ ਦਸੰਬਰ ਸੰਨ ੧੭੧੦) ਪਈ ਹੋਈ ਹੈ। ਇਨ੍ਹਾਂ ਵਿਚ ਲਿਖਿਆ ਹੋਇਆ ਹੈ :

...ਤੁਸੀਂ ਅਕਾਲ ਪੁਰਖ ਜੀ ਕਾ ਖ਼ਾਲਸਾ ਹੋ ਪੰਜ ਹਥਿਆਰ
ਬੰਨ੍ਹਿ ਕੈ ਹੁਕਮ ਦੇਖਦਿਆਂ ਦਰਸਨਿ ਆਵਣਾ
ਖ਼ਾਲਸੇ ਦੀ ਰਹਿਤ ਰਹਣਾ... ਮੇਰਾ ਹੁਕਮੁ ਹੈ ਜੋ ਖ਼ਾਲਸੇ
ਦੀ ਰਹਤ ਕਰੇਗਾ ਤਿਸ ਦੀ ਗੁਰੂ ਬਾਹੁੜੀ ਕਰੇਗਾ ਮਿਤੀ
ਪੋਹੋਂ ੧੨ ਸੰਮਤ ਪਹਿਲਾ ੧

ਇਨ੍ਹਾਂ ਦੋਹਾਂ ਹੁਕਮਨਾਮਿਆਂ ਦੇ ਉੱਪਰ ਨਿਸ਼ਾਨ ਦੀ ਥਾਂ ਮੋਹਰ ਲੱਗੀ ਹੋਈ ਹੈ ਜਿਸ ਦੇ ਅੱਖਰ ਹਨ :

ਦੇਗੋ ਤੇਗ਼ੋ ਫ਼ਤਹਿ ਉ ਨੁਸਰਤ ਬੇ-ਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ
ਇਸ ਦੇ ਅਰਥ ਪਿੱਛੇ ਦਿੱਤੇ ਜਾ ਚੁੱਕੇ ਹਨ।

ਪਰ ਇਕ ਖ਼ਾਸ ਨਵੀਂ ਗੱਲ ਜੋ ਜਉਨਪੁਰ ਦੇ ਹੁਕਮਨਾਮੇ ਦੇ ਅੰਤ ਤੇ ਦਿੱਤੀ ਹੋਈ ਮਿਤੀ ਤੋਂ ਮਿਲਦੀ ਹੈ ਉਹ ਹੈ 'ਸੰਮਤ ਪਹਿਲਾ ੧'। ਪਰਤੀਤ ਹੁੰਦਾ ਹੈ ਕਿ ੧੨ ਮਈ ਸੰਨ ੧੭੧੦ ਨੂੰ ਚੱਪੜ-ਚਿੜੀ ਦੀ ਲੜਾਈ ਵਿਚ ਜਦ ਸਰਹੰਦ ਦਾ ਨਵਾਬ ਵਜ਼ੀਰ ਖ਼ਾਨ ਮਾਰਿਆ ਗਿਆ ਤਾਂ ਫ਼ਤਹਿ ਤੋਂ ਬਾਦ ੧੪ ਮਈ ਨੂੰ ਜਦ ਖ਼ਾਲਸੇ ਦਾ ਸਰਹੰਦ ਪਰ ਕਬਜ਼ਾ ਹੋ ਗਿਆ ਅਤੇ ਇਥੇ ਬੰਦਾ ਸਿੰਘ ਦੀ ਅਗਵਾਈ ਹੇਠ ਖ਼ਾਲਸੇ ਦਾ ਰਾਜ ਹੋ ਗਿਆ ਤਾਂ ਬੰਦਾ ਸਿੰਘ ਨੇ ਇਸ ਜਿੱਤ ਦੀ ਖ਼ੁਸ਼ੀ ਅਤੇ ਯਾਦ ਵਿਚ ਇਕ ਨਵਾਂ ਸੰਮਤ ਸ਼ੁਰੂ ਕਰ ਦਿੱਤਾ। ਪਰ ਇਸ ਵੇਲੇ ਖ਼ਾਲਸੇ ਦਾ ਰਾਜ ਚੂੰਕਿ ਬਹੁਤਾ ਚਿਰ ਨਾ ਰਿਹਾ, ਇਸ ਲਈ ਇਹ ਸੰਮਤ ਭੀ ਜ਼ਿਆਦਾ ਦੇਰ ਤਕ ਨਾ ਚਲ ਸਕਿਆ।

**ਭਾਈਚਾਰਕ ਕੰਮਾਂ ਵਿਚ ਸਹਾਇਤਾ**

ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵੀ ਜੀ ਦੇ ਹੁਕਮਨਾਮੇ ਆਮ ਤੌਰ ਪਰ ਗੁਰੂ ਕੇ ਲੰਗਰ ਲਈ ਕਾਰ-ਭੇਟ ਸੰਬੰਧੀ ਹਨ, ਪਰ ਕੁਝ ਹੁਕਮਨਾਮੇ ਅਜਿਹੇ ਭੀ ਹਨ, ਜਿਨ੍ਹਾਂ ਵਿਚ ਸੰਗਤਾਂ ਦੀਆਂ ਤਕਲੀਫ਼ਾਂ ਅਤੇ ਲੋੜਾਂ ਨੂੰ ਮੁਖ ਰਖ ਕੇ ਉਨ੍ਹਾਂ ਦੀ ਨਵਿਰਤੀ ਲਈ ਕੀਤੇ ਗਏ ਯਤਨਾਂ ਦਾ ਜ਼ਿਕਰ ਹੈ।

ਸੰਮਤ ੧੭੮੦ ਬਿਕਰਮੀ, ੧੬ ਕਤਕ (੧੮ ਅਕਤੂਬਰ, ਸੰਨ ੧੭੨੩ ਈਸਵੀ) ਦੇ ਮਾਤਾ ਸੁੰਦਰੀ ਜੀ ਵਲੋਂ ਭਾਈ ਚੈਨ ਸਿੰਘ, ਭਾਈ ਭੋਪਤ ਸਿੰਘ, ਭਾਈ ਸੰਗਤ ਸਿੰਘ ਆਦਿ ਦੇ ਨਾਉਂ ਲਿਖੇ ਹੁਕਮਨਾਮੇ (੭੩) ਵਿਚ ਦਰਜ ਹੈ :

...ਭਾਈ ਲਾਲਾ ਪਾਲਾ ਤੁਮਾਰੇ ਪਾਸ ਆਏ ਹੈਨ। ਭਾਈ ਸੰਗੋ ਨਾਲ
ਉਨ ਕਾ ਲੇਖਾ ਹੈ ਸੋ ਸੰਗੋ ਭੀ ਤੁਮਾਰੇ ਪਾਸ ਆਵਤਾ ਹੈ।
ਸਰਬਤਿ ਖ਼ਾਲਸਾ ਵਾਹਿਗੁਰੂ ਜੀ ਕਾ ਹੈ। ਜੋ ਕੁਛ ਵਾਜਬੀ ਗੱਲ ਹੋਵੈ
ਸੋ ਕਰ ਦੇਵਣੀ। ਰਿਆਇਤ ਕਿਸੀ ਕੀ ਨਾਹੀ ਕਰਣੀ। ਤੁਮਾਰੇ ਸਭ
ਮਨੋਰਥ ਪੂਰੇ ਹੋਣਗੇ। ਧਰਮ ਨਿਆਉ ਕਰ ਕੈ ਫੈਸਲਾ ਕਰ ਦੇਵਣਾ।...

ਸੰਮਤ ੧੭੮੭ ਭਾਦਰੋ ੯ (੧੦ ਅਗਸਤ, ੧੭੩੦) ਦੇ ਪਟਨਾ ਰਕਾਬਗੰਜ ਕੀ ਸੰਗਤ ਦੇ ਨਾਉਂ ਹੁਕਮਨਾਮੇ (੮੦) ਵਿਚ ਲਿਖਿਆ ਹੋਇਆ ਹੈ :

> ...ਸਰਬਤ ਖ਼ਾਲਸਾ ਵਾਸੀ ਪਟਨੇ ਰਕਾਬਗੰਜ ਕਾ ਗੁਰੂ ਰਖੇਗਾ
> ਗੁਰੂ ਗੁਰੂ ਜਪਨਾ ਜਨਮੁ ਸਵਾਰਣਾ ੨੫) ਪਚੀਸ ਰੁਪਯੇ
> ਬੇਬੇ ਨੂਪੀ ਕੀ ਲੜਕੀ ਨੇ ਬਿਆਹ ਨੋ ਬਖ਼ਸੇ ਹੈਨ
> ਤੁਸਾਂ ਹੁਕਮ ਦੇਖਦੇ ਪਚੀਸ ਰੁਪਯੈ ਨੂਪੀ ਨੂੰ ਦੇਵਣੇ
> ਨਿਹਾਲ ਹੋਵੇਗੇ...

ਮਾਤਾ ਸਾਹਿਬ ਦੇਵੀ ਜੀ ਦੇ ਸੰਮਤ ੧੭੯੧ ਦੇ ਮਾਘ ਦੀ ਸੰਗਰਾਂਦ (੩੦ ਦਸੰਬਰ ਸੰਨ ੧੭੩੪ ਈ.) ਦੇ ਭਾਈ ਮਾਨ ਸਿੰਘ ਜੋਗ ਲਿਖੇ ਹੁਕਮਨਾਮੇ (੮੫) ਵਿਚ ਪਟਣ ਸ਼ੇਖ਼ ਫ਼ਰੀਦ ਵਿਚ ਸਿੱਖ ਸੰਗਤਾਂ ਦੀ ਸਹੂਲਤ ਲਈ ਇਕ ਅੱਛਾ ਨਵਾਂ ਖੂਹ ਲਗਵਾਉਣ ਲਈ ਕਿਹਾ ਗਿਆ ਹੈ :

> ਭਾਈ ਮਾਨ ਸਿੰਘ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਵਾਰਣਾ
> ਅਗੇ ਭਾਈ ਬਿਨਤੇ ਦੀ ਮਾਰਫ਼ਤ ਖੂਹ ਪਟਣ ਸ਼ੇਖ਼ ਫ਼ਰੀਦ ਦੇ ਵਿਚ
> ਨਵਾਂ ਬਣਵਾਇ ਦੇਵਣਾ ਜੋ ਕੁਛ ਲਗੈ ਸੋ ਸਰਕਾਰ ਦੇ ਲੇਖੇ
> ਲਾਵਣਾ ਜੋ ਸਿੱਖ ਪਾਣੀ ਪੀਵਨਗੇ ਭਲਾ ਹੋਗ...ਖੂਹ ਹੱਛਾ ਬਣਵਾਇ ਦੇਵਣਾ...

ਅੰਤ ਵਿਚ ਦੋ ਹੁਕਮਨਾਮੇ (੮੬, ੮੭) ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਤਖ਼ਤ ਹਰਿਮੰਦਿਰ ਸਾਹਿਬ ਪਟਨਾ ਸਾਹਿਬ ਵਲੋਂ ਹਨ। ਪਹਿਲਾਂ ਸੰਮਤ ੧੮੧੬ ਵਸਾਖ ੩ (੧੨ ਅਪਰੈਲ, ਸੰਨ ੧੭੫੯ ਈ.) ਦਾ ਪਟਨੇ ਦੀ ਸੰਗਤ ਨੇ ਨਾਉਂ ਹੈ ਜਿਸ ਵਿਚ ਸ੍ਰੀ ਹਰਿਮੰਦਿਰ ਸਾਹਿਬ ਪਰ ਲਾਉਣ ਲਈ ੧੨੫) ਰੁਪਏ ਦੀ ਫੁਰਮਾਇਸ਼ ਹੈ। ਦੂਸਰਾ ਸੰਮਤ ੧੯੧੮ ਬਿਕਰਮੀ ਮਾਘ ਸੁਦੀ ੫ (੪ ਫ਼ਰਵਰੀ, ਸੰਨ ੧੮੬੨ ਈ.) ਦਾ ਸੰਗਤ ਕੰਤਨਗਰ, ਮਹੇਸੂਏ ਆਦਿ ਦੇ ਨਾਉਂ ਝੰਡੇ ਅਤੇ ਪਰਕਰਮਾ ਦੇ ਫ਼ਰਸ਼ ਦੀ ਸੇਵਾ ਸੰਬੰਧੀ ਹੈ। ਇਸ ਹੁਕਮਨਾਮੇ ਤੋਂ ਉਸ ਵੇਲੇ ਦੇ ਮਹੰਤ ਸਾਹਿਬ, ਪੁਜਾਰੀ ਸਿੰਘਾਂ, ਗਰੰਥੀ ਅਤੇ ਅਰਦਾਸੀਏ ਸਿੰਘਾਂ ਦੇ ਨਾਮਾਂ ਦਾ ਪਤਾ ਚਲਦਾ ਹੈ ਅਤੇ ਇਹ ਭੀ ਪਤਾ ਲਗਦਾ ਹੈ ਕਿ ਓਦੋਂ ਸ੍ਰੀ ਹਰਿਮੰਦਿਰ ਸਾਹਿਬ ਨੂੰ 'ਦਰਬਾਰ ਸ੍ਰੀ ਪੰਘੂੜਾ ਜੀ' ਭੀ ਕਹਿੰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਚਪਨ ਦਾ ਪੰਘੂੜਾ ਹੁਣ ਤਕ ਓਥੇ ਬਰਾਜਮਾਨ ਹੈ।

**ਆਰਥਕ ਵਾਕਫ਼ੀ**

ਇਸ ਸੰਚੀ ਵਿਚ ਸ਼ਾਮਲ ਹੁਕਮਨਾਮਿਆਂ ਤੋਂ ਜਿੱਥੇ ਅਨੇਕ ਤਰ੍ਹਾਂ ਦੀ ਇਤਿਹਾਸਕ, ਧਾਰਮਕ ਅਤੇ ਭਾਈਚਾਰਕ ਵਾਕਫ਼ੀ ਮਿਲਦੀ ਹੈ, ਉਥੇ ਕੁਝ ਕੁ ਆਰਥਕ ਵਾਕਫ਼ੀ ਭੀ ਮਿਲਦੀ ਹੈ। ਮਿਸਾਲ ਦੇ ਤੌਰ ਤੇ ਜਿਨ੍ਹਾਂ ਜਿਨ੍ਹਾਂ ਥਾਵਾਂ ਦੀਆਂ ਸੰਗਤਾਂ ਨੂੰ ਕੁਝ ਖ਼ਾਸ ਖ਼ਾਸ ਵਸਤਾਂ ਦੀ ਫ਼ਰਮਾਇਸ਼ ਪਾਈ ਗਈ ਹੈ ਉਨ੍ਹੀਂ ਥਾਈਂ ਉਹ ਖ਼ਾਸ ਚੰਗੀਆਂ ਬਣਦੀਆਂ ਜਾਂ ਪਰਾਪਤ ਹੁੰਦੀਆਂ ਸਨ ਜਿਵੇਂ ਕਿ :

ਜਨਦਰੀਸਤ ੨੦੨੧



ਢਾਕਾ

ਹਥਿਆਰ, ਤੇਗ਼ੇ (ਤਲਵਾਰਾਂ), ਢਾਲਾਂ (ਮੁੱਲ ਇਕ ਦਾ ਦਸ ਰੁਪਏ ਤੋਂ ਪੰਜਾਹ ਰੁਪਏ ਤਕ), ਕਪੜੇ, ਚੀਰੇ ਮੁਕੈਸ਼ੀ ਸੁਨਹਿਰੀ (ਮੁੱਲ ਇਕ ਦਾ ਚਾਲੀ ਰੁਪਏ ਤਕ), ਦੁਪੱਟੇ ਖਾਸਗੀ (੩੭, ੪੦) ਜੰਗੀ ਹਾਥੀ (੩੫)

ਬਨਾਰਸ

ਕਪੜੇ

ਭਾਈ ਰੂਪਾ (ਮਾਲਵਾ, ਪੰਜਾਬ)

ਬਲਦ (ਬੈਲ), ਊਂਠ (੪੪, ੬੪)

ਪਟਨਾ

ਇਲਾਚੇ, ਗਾੜ੍ਹੇ ਦਾ ਕਪੜਾ, ਖਾਰਵਾ, ਨਵਾਰ, ਤਣਾਵਾਂ, ਪਗੜੀਆਂ (੨, ੧੫, ੨੪)

ਮੀਨਾ ਪੁਰੀ ਬਾਸਨ, ਸੁਰਾਹੀਆਂ, ਪਿਆਲੇ (੨੪)

ਕੋਇਲਾਂ ਬੋਲਣ ਵਾਲੀਆਂ ਸਿਖਲਾਈਆਂ ਹੋਈਆਂ (੨)

ਕਬੂਤਰ ਚੰਗਾ ਦਮ ਭਰਨ ਵਾਲੇ (੨)

ਲਖਨਊ

ਤੋਪਾਂ ਅਤੇ ਉਨ੍ਹਾਂ ਦਾ ਸਾਜ਼ (੪੨)

ਸੰਮਤ ੧੭੫੬ ਫ਼ਗਣ ਦੇ ਮਹੀਨੇ (ਫ਼ਰਵਰੀ ਸੰਨ ੧੭੦੦ ਈ.) ਨੂੰ ਡੇਢ ਤੋਲੇ ਸੋਨੇ ਦਾ ਮੁੱਲ ਸਵਾ ਉਨੀ ਰੁਪਏ, ਅਰਥਾਤ ਇਕ ਤੋਲੇ ਦਾ ਮੁੱਲ ੧੨ ਰੁਪਏ ੮੩ ਪੈਸੇ ਸੀ (੫੦)। ਪਰ ਸੰਮਤ ੧੭੬੪ ਨੂੰ ਕਤਕ ਦੇ ਮਹੀਨੇ (ਅਕਤੂਬਰ ਸੰਨ ੧੭੦੭ ਈ.) ਵਿਚ ਇਹ ਭਾਉ ਚੜ੍ਹ ਕੇ ਵੀਹ ਰੁਪਏ ਤੋਲਾ ਹੋ ਗਿਆ (੬੩, ੬੪)। ਇਸ ਦਾ ਪਰਤੱਖ ਕਾਰਣ ਦੇਸ ਵਿਚ ਰਾਜਸੀ ਹਿਲ-ਜੁਲ ਅਤੇ ਵਪਾਰਕ ਬੇ-ਪਰਤੀਤੀ ਸੀ। ਸੰਨ ੧੭੦੦ ਈ. ਵਿਚ ਬਹੁਤ ਕਰਕੇ ਰਾਜਸੀ ਅਮਨ ਅਮਾਨ ਸੀ, ਪਰ ਅਕਤੂਬਰ ੧੭੦੭ ਵਿਚ ਹਿਲਜੁਲ ਮਚੀ ਹੋਈ ਸੀ। ਔਰੰਗਜ਼ੇਬ ਦੀ ਮੌਤ ਤੋਂ ਬਾਦ ਤਖ਼ਤ ਲਈ ਬਹਾਦੁਰ ਸ਼ਾਹ ਅਤੇ ਉਸ ਦੇ ਛੋਟੇ ਭਰਾ ਆਜ਼ਮ ਦੇ ਵਿਚਕਾਰ ਹੋਈ ਲੜਾਈ ਨੂੰ ਚਾਰ ਮਹੀਨੇ ਹੀ ਬੀਤੇ ਸਨ। ਬਾਦਸ਼ਾਹ ਰਾਜਪੂਤਾਨੇ ਵਲ ਧਾਈ ਕਰ ਰਿਹਾ ਸੀ ਅਤੇ ਦੱਖਣ ਵਿਚ ਬਗ਼ਾਵਤ ਹੋਣ ਦੀਆਂ ਖ਼ਬਰਾਂ ਉਡ ਰਹੀਆਂ ਸਨ। ਅਜਿਹੇ ਚਿੰਤਾ ਅਤੇ ਡਗ ਮਗ ਦੇ ਵੇਲੇ ਚੀਜ਼ਾਂ ਦੇ ਭਾਉ ਚੜ੍ਹ ਜਾਣੇ, ਅਤੇ ਖ਼ਾਸ ਕਰ ਸੋਨੇ ਦਾ ਜਿਸ ਨੂੰ ਅਜਿਹੇ ਸਮੇਂ ਹਰ ਕੋਈ ਕਾਬੂ ਕਰ ਲੈਣਾ ਚਾਹੁੰਦਾ ਹੈ, ਕੁਦਰਤੀ ਸਨ।

**ਹੁਕਮਨਾਮਿਆਂ ਦੀ ਬੋਲੀ ਅਤੇ ਲਿਪੀ**

ਸਾਰੇ ਹੁਕਮਨਾਮੇ ਵਾਰਤਾ ਵਿਚ ਲਿਖੇ ਹੋਏ ਹਨ ਅਤੇ ਬੋਲੀ ਬੜੀ ਸਰਲ ਅਤੇ ਸਪਸ਼ਟ ਹੈ। ਕਿਸੇ ਪਰਕਾਰ ਦੀ ਕਿਤੇ ਕੋਈ ਗੁੰਝਲ ਨਹੀਂ ਹੈ। ਇਹ ਠੀਕ ਹੈ ਕਿ ਕਈ

ਥਾਂ ਕੁਝ ਸ਼ਬਦ ਦੁਹਰਾਏ ਗਏ ਹਨ, ਪਰ ਲੋੜ ਅਨੁਸਾਰ ਜਿਨ੍ਹਾਂ ਗੱਲਾਂ ਉਤੇ ਜ਼ੋਰ ਦੇਣਾ ਲੋੜੀਂਦਾ ਸੀ, ਉਨ੍ਹਾਂ ਦਾ ਉਸ ਸਮੇਂ ਦੇ ਵਾਰਤਾ ਲਿਖਣ ਦੇ ਢੰਗ ਅਨੁਸਾਰ ਦੁਹਰਾਇਆ ਜਾਣਾ ਜ਼ਰੂਰੀ ਸੀ। ਇਨ੍ਹਾਂ ਹੁਕਮਨਾਮਿਆਂ ਦਾ ਢੰਗ ਇਸ ਕਰ ਕੇ ਅਨੋਖਾ ਹੈ ਕਿਉਂਕਿ ਇਹ ਗੁਰੂ ਜੀ ਵਲੋਂ ਆਪਣੇ ਸ਼ਰਧਾਲੂ ਸਿੱਖਾਂ ਨੂੰ, ਇਕੇ ਦੁੱਕੇ ਨੂੰ, ਜਾਂ ਸਮੂਹਕ ਤੌਰ ਤੇ ਉਨ੍ਹਾਂ ਦੀਆਂ ਸੰਗਤਾਂ ਨੂੰ, ਲਿਖੇ ਗਏ ਸਨ। ਸਮੇਂ ਦੇ ਬੀਤਦੇ ਜਾਣ ਨਾਲ ਸਿੱਖਾਂ ਅਤੇ ਸੰਗਤਾਂ ਦੇ ਨਾਮਾਂ ਵਿਚ ਭੀ ਤਬਦੀਲੀ ਹੁੰਦੀ ਰਹੀ ਹੈ, ਜਿਵੇਂ 'ਗੁਰੂ ਕੇ ਸਿੱਖ' ਤੋਂ 'ਗੁਰੂ ਜੀ ਕੇ ਖ਼ਾਲਸੇ' ਅਤੇ ਫੇਰ 'ਸ੍ਰੀ ਅਕਾਲ ਪੁਰਖ ਜੀ ਕੇ ਖ਼ਾਲਸੇ' ਹੋਏ। ਇਸੇ ਤਰ੍ਹਾਂ ਉਨ੍ਹਾਂ ਨੂੰ ਸੰਬੋਧਨ ਕਰਨ ਅਤੇ ਅਸੀਸ ਦੇਣ ਦੇ ਢੰਗ ਵਿਚ ਭੀ ਫ਼ਰਕ ਆਉਂਦਾ ਗਿਆ ਅਤੇ ਲਿਖਣ ਦੇ ਸਟਾਇਲ ਵਿਚ ਭੀ ਤਬਦੀਲੀ ਹੁੰਦੀ ਗਈ। ਪਹਿਲਿਆਂ ਹੁਕਮਨਾਮਿਆਂ ਦੇ ਅੰਤ ਤੇ ਤਾਰੀਖ਼ ਨਹੀਂ ਦਿੱਤੀ ਹੋਈ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਆਪਣੇ ਮੁਨਸ਼ੀਖ਼ਾਨੇ ਨੂੰ ਬਾਕਾਇਦਾ ਦਫ਼ਤਰੀ ਸ਼ਕਲ ਦਿੱਤੀ ਤਾਂ ਨਾ ਕੇਵਲ ਹੁਕਮਨਾਮਿਆਂ ਪਰ ਤਾਰੀਖ ਹੀ ਦੇਣੀ ਸ਼ੁਰੂ ਹੋ ਗਈ ਬਲਕਿ ਅੰਤ ਵਿਚ ਲਿਖਾਰੀ ਦੀ ਲਿਖਤ ਦੀਆਂ ਸਤਰਾਂ ਦੀ ਗਿਣਤੀ ਭੀ ਦਿੱਤੀ ਜਾਣ ਲਗ ਪਈ ਅਤੇ ਨੰਬਰ ਭੀ ਲਗਣੇ ਸ਼ੁਰੂ ਹੋ ਗਏ।

ਇਨ੍ਹਾਂ ਹੁਕਮਨਾਮਿਆਂ ਦੀ ਲਿਖਤ ਤੋਂ ਗੁਰਮੁਖੀ ਲਿਪੀ ਦਾ ਵਿਕਾਸ ਭੀ ਦੇਖਿਆ ਜਾ ਸਕਦਾ ਹੈ ਕਿ ਹੌਲੀ ਹੌਲੀ ਅੱਖਰਾਂ ਦੀ ਬਨਾਵਟ ਵਿਚ ਕਿਵੇਂ ਫ਼ਰਕ ਪੈਂਦਾ ਗਿਆ ਹੈ ਅਤੇ ਉਹ ਕਿਨ੍ਹਾਂ ਪੜਾਵਾਂ ਵਿਚ ਦੀ ਲੰਘ ਕੇ ਅਜ ਕਲ ਦੇ ਰੂਪ ਤਕ ਪੁੱਜੇ ਹਨ। ਜ਼ਿਲ੍ਹਾ ਲੁਧਿਆਣੇ ਦੇ ਹਠੂਰ ਪਿੰਡ ਦੀ ਇਕ ਪੁਰਾਣੀ ਬਾਉਲੀ ਦੀਆਂ ਪਉੜੀਆਂ ਦੀਆਂ ਕੰਧਾਂ ਉਪਰ ਪੁਰਾਤਨ ਪੰਜਾਬੀ ਲਿਖਤਾਂ ਮਿਲੀਆਂ ਹਨ ਜਿਨ੍ਹਾਂ ਸੰਬੰਧੀ ਖ਼ਿਆਲ ਇਹ ਹੈ ਕਿ ਇਹ ਗੁਰੂ ਨਾਨਕ ਤੋਂ ਭੀ ਪਹਿਲਾਂ ਦੀਆਂ ਹਨ। ਇਨ੍ਹਾਂ ਦੇ ਫ਼ੋਟੋਗ੍ਰਾਫ਼ ਸਰਕਾਰ ਹਿੰਦ ਦੇ ਆਰਕਿਲੋਜੀਕਲ ਮਹਿਕਮੇ ਨੇ ਲੈ ਲਏ ਹਨ ਅਤੇ ਇਨ੍ਹਾਂ ਸੰਬੰਧੀ ਖੋਜ ਹੋ ਰਹੀ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਤਕ ਦੀ ਪੂਰੀ ਪੈਂਤੀ ਦੀ ਸਾਡੇ ਪਾਸ ਕੋਈ ਯਕੀਨੀ ਲਿਖਤ ਮੌਜੂਦ ਨਹੀਂ। ਬਾਬਾ ਮੋਹਨ ਵਾਲੀਆਂ ਦੱਸੀਆਂ ਜਾਂਦੀਆਂ ਪੋਥੀਆਂ ਵਿਚੋਂ ਇਕ ਪਟਿਆਲੇ ਵਿਚ ਬਾਵਾ ਭਗਤ ਸਿੰਘ ਜੀ ਪਾਸ ਹੈ ਅਤੇ ਦੂਸਰੀ ਜ਼ਿਲ੍ਹਾ ਹੋਸ਼ਿਆਰਪੁਰ ਦੇ ਕਸਬਾ ਯਾਹੀਆਪੁਰ (ਅੱਹੀਆ ਪੁਰ) ਵਿਚ ਹੈ। ਇਹ ਕਿਸ ਦੇ ਹੱਥਾਂ ਦੀ ਲਿਖਤ ਹਨ, ਭਾਵੇਂ ਇਹ ਗੱਲ ਯਕੀਨੀ ਨਹੀਂ, ਪਰ ਤਾਂ ਭੀ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਤੋਂ ਪਹਿਲਾਂ ਦੇ ਅੱਖਰ ਹਨ ਅਤੇ ਗੁਰਮੁਖੀ ਲਿਖਤ ਦੀ ਪਰਾਚੀਨ ਪਰਨਾਲੀ ਦਾ ਇਕ ਚੰਗਾ ਨਮੂਨਾ ਹਨ। ਗੁਰੂ ਹਰਿਗੋਬਿੰਦ ਸਾਹਿਬ ਦੀ ਨਿਜੀ ਲਿਖਤ ਦੇ ਚਾਰ ਪਤਰੇ ਅਤੇ ਇਕੋ ਨਿਸ਼ਾਨ ਇਸ ਸੰਚੇ ਵਿਚ ਹਨ। ਗੁਰੂ ਤੇਗ ਬਹਾਦੁਰ ਜੀ ਦੀਆਂ ੨੩ ਲਿਖਤਾਂ ਹਨ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ੩੪। ਫ਼ੋਟੋਗ੍ਰਾਫ਼ਿਕ ਕੈਮਰੇ ਦੀ ਸਹਾਇਤਾ ਨਾਲ ਇਨ੍ਹਾਂ ਲਿਖਤਾਂ ਨੂੰ ਵੱਡੇ ਆਕਾਰ ਦਾ ਬਣਾ ਕੇ ਇਨ੍ਹਾਂ ਵਿਚੋਂ ਅੱਖਰ ਚੁਣ ਕੇ ਕੈਮਰੇ ਨਾਲ ਜਾਂ ਪਤਲੇ ਪਾਰਦਰਸ਼ਕ ਕਾਗ਼ਜ਼ ਪਰ ਉਨ੍ਹਾਂ ਦੀਆਂ ਰੇਖਾ ਚਿੱਤਰ ਕੇ ਇਨ੍ਹਾਂ

ਤੋਂ ਇਕੱਲੇ ਇਕੱਲੇ ਗੁਰੂ ਸਾਹਿਬ ਦੀ ਲਿਖਤ ਦੀ ਪੈਂਤੀ (ਵਰਨ ਮਾਲਾ) ਬਣਾਈ ਜਾ ਸਕਦੀ ਹੈ।

ਜਿਵੇਂ ਹੁਕਮਨਾਮਿਆਂ ਉਪਰ ਗੁਰੂ ਸਾਹਿਬਾਂ ਅਤੇ ਲਿਖਾਰੀਆਂ ਦੀਆਂ ਲਿਖਤਾਂ ਤੋਂ ਸਪਸ਼ਟ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਂ ਦੇ ਵੇਲੇ ਭੀ ਲਿਖਤ ਦੇ ਦੋ ਢੰਗ ਪਰਚਲਤ ਸਨ : ਇਕ ਹਰ ਕਿਸੇ ਦੀ ਵੱਖਰੀ ਵੱਖਰੀ ਨਿੱਜੀ ਲਿਖਤ ਅਤੇ ਦੂਸਰੀ ਮੁਨਸ਼ੀਆਨਾ ਲਿਖਾਰੀਆਂ (ਕਾਤਿਬਾਂ) ਦੀ ਲਿਖਤ, ਜਿਵੇਂ ਕਿ ਫ਼ਾਰਸੀ ਲਿਖਤਾਂ ਵਿਚ ਰਵਾਜ ਸੀ। ਆਮ ਲਿਖਤ ਚਲੰਤ ਹੁੰਦੀ ਸੀ, ਜਿਵੇਂ ਕਿ ਫ਼ਾਰਸੀ ਵਿਚ ਸ਼ਿਕਸਤਾ ਜਾਂ ਚਲੰਤ ਨਸਤਾਲੀਕ ਅਤੇ ਦੂਸਰੀ ਕਿਤਾਬੀ ਠੁੱਕ ਦੀ (ਨਸਤਾਲੀਕ ਕਿਤਾਬਤੀ)। ਇਨ੍ਹਾਂ ਦੋਹਾਂ ਲਿਖਣ-ਢੰਗਾਂ ਦੇ ਵਿਕਾਸ ਦੀ ਖੋਜ ਪੜਤਾਲ ਲਈ ਇਹ ਹੁਕਮਨਾਮੇ ਨਿੱਗਰ ਅਤੇ ਮਹੱਤਾ-ਪੂਰਨ ਸਹਾਇਤਾ ਦੇ ਸੋਮੇ ਹਨ।

ਲਿਖਤ ਦੇ ਦੋ ਢੰਗ — ਨਿਜੀ ਲਿਖਤ ਅਤੇ ਮੁਨਸ਼ੀਆਨਾ ਲਿਖਤ

# ਹੁਕਮਨਾਮਿਆਂ ਵਿਚ ਜ਼ਿਕਰ ਵਾਲੀਆਂ ਸਿੱਖ ਸੰਗਤਾਂ ਦੇ ਟਿਕਾਣੇ

## (ਅ)

ਹੁਕਮਨਾਮਿਆਂ ਵਿਚ ਜਿਨ੍ਹਾਂ ਸੰਗਤਾਂ ਦੇ ਟਿਕਾਣਿਆਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਦੀ ਸੂਚੀ ਹੇਠਾਂ ਦਿੱਤੀ ਜਾ ਰਹੀ ਹੈ। ਸਮੇਂ ਦੇ ਬੀਤਦੇ ਜਾਣ ਨਾਲ ਕੁਝ ਸੰਗਤਾਂ ਦੇ ਟਿਕਾਣੇ ਵੱਡੇ ਸ਼ਹਿਰਾਂ ਦਾ ਹੀ ਹਿੱਸਾ ਬਣ ਗਏ ਹਨ ਅਤੇ ਉਨ੍ਹਾਂ ਦੀ ਆਜ਼ਾਦ ਹਸਤੀ ਮਿਟ ਗਈ ਹੈ। ਸ਼ਾਇਦ ਕੁਝ ਕੁ ਦੇ ਨਾਉਂ ਭੀ ਬਦਲ ਗਏ ਹੋਣ ਜਿਸ ਕਰਕੇ ਅਜ ਕਲ ਉਨ੍ਹਾਂ ਦਾ ਪਤਾ ਲਗਣਾ ਔਖਾ ਹੈ, ਪਰ ਅਜਿਹੇ ਥਾਂ ਥੋੜੇ ਹਨ।

੧. ਆਲਮਗੰਜ (੨), ਸ਼ਹਿਰ ਪਟਨੇ ਦਾ ਹਿੱਸਾ

੨. ਸ਼ਹਜ਼ਾਦਪੁਰ (੧੫), ਚੜ੍ਹਦੇ ਬੰਗਾਲ ਦੇ ਜ਼ਿਲਾ ਪਬਨਾ ਵਿਚ

੩. ਸਾਦਲਪੁਰ (੮੭), ਇਹ ਅਸਥਾਨ ਜ਼ਿਲਾ ਪੂਰਨੀਆ, ਬਿਹਾਰ ਵਿਚ ਹੋਣਾ ਚਾਹੀਦਾ ਹੈ। ਜਿਸ ਹੁਕਮਨਾਮੇ ਵਿਚ ਇਸ ਦਾ ਜ਼ਿਕਰ ਹੈ ਉਹ ਲ਼ਕਸ਼ਮੀਪੁਰ ਜ਼ਿਲਾ ਪੂਰਨੀਆਂ ਵਿਚ ਹੈ।

੪. ਸਿਲਹਟ (੩੫, ੩੭), ਚੜ੍ਹਦੇ ਬੰਗਾਲ (ਪਾਕਿਸਤਾਨ) ਦਾ ਇਕ ਜ਼ਿਲਾ ਅਤੇ ਸ਼ਹਿਰ

੫. ਸੋਨਦੀਪ (੩੫, ੩੭), ਇਹ ਢਾਕੇ ਦੇ ਲਾਗੇ ਚੜ੍ਹਦੇ ਬੰਗਾਲ ਵਿਚ ਹੋਣਾ ਚਾਹੀਦਾ ਹੈ

੬. ਸੰਦਲਪੁਰ (੮੭), ਦੇਖੋ ਸਾਦਲ ਪੁਰ

੭. ਕਹਲੂਰ (੬੩, ੬੪), ਹਿਮਾਚਲ ਪ੍ਰਦੇਸ਼ ਵਿਚ ਪੁਰਾਣੀ ਰਿਆਸਤ ਬਿਲਾਸਪੁਰ ਦਾ ਇਲਾਕਾ

੮. ਕੰਤਨਗਰ (੮੭), ਕਾਂਤ ਨਗਰ ਚੜ੍ਹਦੇ ਬੰਗਾਲ ਦੇ ਦਿਨਾਜਪੁਰ ਜ਼ਿਲੇ ਦੇ ਠਾਕੁਰਗਾਉਂ ਦੇ ਇਲਾਕੇ ਵਿਚ ਇਕ ਪਿੰਡ ਹੈ ਜੋ ਇਕ ਹਿੰਦੂ ਤੀਰਥ ਹੈ

੯. ਖ਼ਾਰਾ (੬੪), ਜ਼ਿਲਾ ਅੰਮ੍ਰਿਤਸਰ ਵਿਚ ਸਰਹਾਲੀ ਤੋਂ ਦੱਖਣ-ਚੜ੍ਹਦੇ ਨੂੰ ਅਤੇ ਗੰਡੀਵਿੰਡ ਤੋਂ ਉਤਰ ਨੂੰ ਹੈ। ਇਸ ਦੇ ਚੜ੍ਹਦੇ ਪਾਸੇ ਪਿੰਡ ਚੋਲ੍ਹਾ ਹੈ।

੧੦. ਗਾਜ਼ੀਪੁਰ ਜ਼ਮਾਨੀਆ (੭੨), ਉੱਤਰ ਪ੍ਰਦੇਸ਼ ਵਿਚ ਬਨਾਰਸ ਦੇ ਉੱਤਰ ਨੂੰ ਗੰਗਾ ਦੇ ਕੰਢੇ ਦਾ ਇਕ ਸ਼ਹਿਰ ਅਤੇ ਜ਼ਿਲਾ

੧੧. ਚਿਟਗਾਵ (੩੫, ੩੭), ਚਿਟਾਗਾਂਗ, ਚੜ੍ਹਦੇ ਬੰਗਾਲ ਵਿਚ ਜ਼ਿਲ੍ਹਾ ਅਤੇ ਸ਼ਹਿਰ

੧੨. ਚਿਤੌਰੀਆ (੮੭), ਦੇਖੋ ਸਾਦਲਪੁਰ

੧੩. ਚੋਲ੍ਹਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਇਕ ਪਿੰਡ, ਸਰਹਾਲੀ ਤੋਂ ਦੱਖਣ-ਚੜ੍ਹਦੇ ਨੂੰ ਖਾਰਾ ਤੋਂ ਚੜ੍ਹਦੇ ਨੂੰ, ਰੱਤੋਕੇ ਤੋਂ ਉੱਤਰ-ਲਹਿੰਦੇ ਨੂੰ ਅਤੇ ਪੱਖੋਪੁਰੇ ਤੋਂ ਲਹਿੰਦੇ ਨੂੰ

੧੪. ਜਉਨਪੁਰ (੬੭), ਉੱਤਰ ਪ੍ਰਦੇਸ਼ ਦਾ ਜ਼ਿਲਾ ਅਤੇ ਸ਼ਹਿਰ

੧੫. ਜਮਾਲਪੁਰ (੩੦), ਚੜ੍ਹਦੇ ਬੰਗਾਲ ਦੇ ਮੈਮਨ ਸਿੰਘ ਜ਼ਿਲੇ ਵਿਚ ਇਕ ਕਸਬਾ, ਬਿਹਾਰ ਵਿਚ ਮੁੰਘੇਰ ਦੇ ਜ਼ਿਲੇ ਵਿਚ ਭੀ ਇਸ ਨਾਉਂ ਦਾ ਇਕ ਕਸਬਾ ਹੈ

੧੬. ਢਾਕਾ (੩੫, ੩੭, ੪੦, ੫੭), ਚੜ੍ਹਦੇ ਬੰਗਾਲ ਹੁਣ (ਪਾਕਿਸਤਾਨ) ਦੀ ਰਾਜਧਾਨੀ

੧੭. ਦਸੂਹਾ (੫੩), ਜ਼ਿਲਾ ਹੋਸ਼ਿਆਰਪੁਰ, ਪੰਜਾਬ ਦੀ ਇਕ ਤਹਿਸੀਲ

੧੮. ਦੇਹਰਾਦੂਨ (੫), ਜਿਥੇ ਬਾਬਾ ਰਾਮਰਾਇ ਦਾ ਡੇਰਾ ਹੈ

੧੯. ਨਉਸ਼ਹਰਾ (੪੮, ੫੨, ੫੮, ੮੩), ਨੌਸ਼ਹਿਰਾ ਜ਼ਿਲਾ ਅੰਮ੍ਰਿਤਸਰ, ਪੰਜਾਬ

੨੦. ਪਟਨ ਫ਼ਰੀਦ (੬, ੮, ੨੭, ੫੦, ੫੧, ੬੯, ੮੧, ੮੨, ੮੪, ੮੫), ਪਾਕ ਪਟਨ (ਹੁਣ ਪਾਕਿਸਤਾਨ) ਪੰਜਾਬ

੨੧. ਪਟਨਾ (੨, ੧੦, ੧੩, ੧੭, ੨੧-੨੩, ੬੮, ੭੭, ੭੯, ੮੦, ੮੬, ੮੭), ਬਿਹਾਰ ਪ੍ਰਦੇਸ਼ ਦੀ ਰਾਜਧਾਨੀ

੨੨. ਪਿਰਾਗ (੫੬), ਪਰਯਾਗ, ਅਲਾਹਬਾਦ, ਉੱਤਰ ਪ੍ਰਦੇਸ਼

੨੩. ਪੂਰੈਨੀਆ, ਪੂਰਨੀਆ (੮੭), ਬਿਹਾਰ ਪ੍ਰਦੇਸ਼ ਦਾ ਜ਼ਿਲਾ

੨੪. ਫਫੜੇ, ਫਫੜੇ ਭਾਈ ਕੇ (੪੭), ਜ਼ਿਲਾ ਬਠਿੰਡਾ ਦੀ ਤਹਿਸੀਲ ਮਾਨਸਾ ਵਿਚ ਇਕ ਪਿੰਡ, ਜੋ ਬਠਿੰਡੇ ਤੋਂ ਜਾਖਲ ਨੂੰ ਜਾਂਦੀ ਰੇਲ ਪਰ ਬੁਢਲਾਡਾ ਸਟੇਸ਼ਨ ਤੋਂ ਉੱਤਰ-ਲਹਿੰਦੇ, ਅਹਿਮਦਪੁਰ ਤੋਂ ਉੱਤਰ ਅਤੇ ਨਰਿੰਦਰਪੁਰੇ ਤੋਂ ਉੱਤਰ-ਚੜ੍ਹਦੇ ਨੂੰ ਹੈ। ਇਥੇ ਭਾਈ ਬਹਿਲੋਕੇ ਬਸਦੇ ਹਨ

੨੫. ਬਕਾਲਾ (੩੦), ਬਾਬਾ ਬਕਾਲਾ, ਜ਼ਿਲਾ ਅੰਮ੍ਰਿਤਸਰ, ਪੰਜਾਬ

੨੬. ਬਨਾਰਸ (੯, ੧੦, ੧੧, ੧੪, ੧੬, ੧੮, ੧੯, ੬੫, ੭੮), ਉੱਤਰ ਪ੍ਰਦੇਸ਼ ਦਾ ਪਰਸਿਧ ਹਿੰਦੂ ਤੀਰਥ ਅਸਥਾਨ ਜੋ ਵਾਰਾਣਸੀ ਅਤੇ ਕਾਸ਼ੀ ਕਰਕੇ ਭੀ ਪਰਸਿਧ ਹੈ

੨੭. ਬਹਿਰਖਾਲ (੮੭), ਦੇਖੋ ਸਾਦਲ ਪੁਰ

੨੮. ਬਿਹਾਰ (੧੫), ਪ੍ਰਦੇਸ ਜਿਸ ਦੀ ਰਾਜਧਾਨੀ ਪਟਨਾ ਹੈ

੨੯. ਬੈਰਾੜ (੬੨), ਇਲਾਕਾ, ਫ਼ਰੀਦਕੋਟ ਦੇ ਇਰਦ ਗਿਰਦ ਦਾ, ਜਿਥੇ ਬੈਰਾੜ ਕਬੀਲੇ ਦੇ ਜੱਟਾਂ ਦੇ ਪਿੰਡ ਹਨ

੩੦ ਭਵਾਨੀਪੁਰ (੮੭), ਇਲਾਕਾ ਪੂਰਨੀਆ (ਬਿਹਾਰ)

੩੧. ਭਾਈ ਰੂਪਾ (੩੩, ੪੪, ੫੯, ੬੨, ੬੬), ਪਟਿਆਲੇ ਤੋਂ ਬਠਿੰਡੇ ਨੂੰ ਜਾਂਦੀ ਰੇਲ ਦੇ ਫੂਲ ਮੰਡੀ ਸਟੇਸ਼ਨ ਤੋਂ ਉੱਤਰ ਨੂੰ ਦਸ ਗਿਆਰਾਂ ਮੀਲ ਪਰ। ਇਸ ਦੇ ਉੱਤਰ-ਚੜ੍ਹਦੇ ਨੂੰ ੭ ਮੀਲ ਤੇ ਭਦੌੜ ਹੈ ਅਤੇ ਲਹਿੰਦੇ ਨੂੰ ਤਿੰਨ ਕੁ ਮੀਲ ਤੇ ਪਿੰਡ ਗੁਮਟੀ ਕਲਾਂ ਹੈ।

੩੨. ਮਹੇਸੂਆ (੮੭), ਮਹੇਸ਼ਪੁਰ ਬੰਗਾਲ ਦੇ ਜੈਸੋਰ ਜ਼ਿਲੇ ਵਿਚ ਇਕ ਸ਼ਹਿਰ।

੩੩. ਮਾਛੀਵਾੜਾ (੪੬), ਜ਼ਿਲਾ ਲੁਧਿਆਣਾ, ਪੰਜਾਬ, ਵਿਚ ਸਤਲੁਜ ਦੇ ਕੰਢੇ ਇਕ ਛੋਟਾ ਕਸਬਾ

੩੪. ਮਿਰਜ਼ਾਪੁਰ (੨੦), ਉੱਤਰ ਪ੍ਰਦੇਸ਼ ਵਿਚ ਗੰਗਾ ਦੇ ਸੱਜੇ ਕੰਢੇ ਇਕ ਜ਼ਿਲਾ ਅਤੇ ਸ਼ਹਿਰ

੩੫. ਮੁੰਗੇਰ (੨, ੧੫, ੧੬), ਮੁੰਘੇਰ, ਬਿਹਾਰ ਵਿਚ ਇਕ ਸ਼ਹਿਰ

੩੬. ਰਕਾਬ ਗੰਜ (੬੯, ੮੦), ਪਟਨਾ ਸ਼ਹਿਰ ਦਾ ਹਿੱਸਾ

੩੭. ਰੂਪਾ, ਭਾਈ ਦੇਖੋ, ਭਾਈ ਰੂਪਾ

# ਨੀਸਾਨਾਂ ਅਤੇ ਹੁਕਮਨਾਮਿਆਂ ਦਾ ਵੇਰਵਾ

## ਆਰੰਭ ਵਿਚ - ਗੁਰੂ ਅਰਜਨ ਜੀ ਦਾ ਨੀਸਾਣ – ਨਹੀ ਹੈ

(ੲ)

੧ **ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਦੋ ਨੀਸ਼ਾਣੁ (ਹੱਥ-ਲਿਖਤ ਮੂਲ ਮੰਤ੍ਰ)**
(ਗੁਰਦੁਆਰਾ ਸ਼ੀਸ ਮਹਿਲ ਕਰਤਾਰਪੁਰ, ਅਤੇ ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਚ ਸੁਰੱਖਿਅਤ ਪ੍ਰਾਚੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ)

੨ **ਛੇਵੇਂ ਗੁਰੂ ਹਰਿ ਗੋਬਿੰਦ ਸਾਹਿਬ ਵਲੋਂ ਸੰਗਤਿ ਪਟਣ ਆਲਮਗੰਜ ਬੀਨਾ ਅਤੇ ਮੁੰਗੇਰ ਆਦਿ ਜੋਗ**
"...ਇਕ ਦਾਸੀ ਰਹਣਾ...ਸੰਗਤਿ ਸਰਬਤਿ ਇਕ ਮੱਜਤਿ ਹੋਇ ਤਿਵੈਂ ਰਹਿਣਾ..."
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ

੩ **ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦਾ ਹੁਕਮੁ**
"...ਪੂਰਬ ਦੀ ਸੰਗਤਿ ਗੁਰੂ ਕਾ ਖ਼ਾਲਸਾ ਹੇਇ... ਤੁਸਾਂ ਸਭਨਾ ਰਲ ਕੇ ਗੁਰਪੁਰਬ ਦੀ ਕਾਰ ਕਰਣੀ..."

੪ **ਸ੍ਰੀ ਬਾਬਾ ਗੁਰਦਿੱਤਾ ਜੀ ਵਲੋਂ ਭਾਈ ਜਾਪੂ ਤਥਾ ਗੁਰਦਾਸ ਜੋਗੁ**
"...ਸ੍ਰੀ ਗੁਰੂ ਕਾ ਹੁਕਮੁ ਹੈਇ ਗੁਰੂ ਕੇ ਨਾਵੇ ਵਿਚ ਰਹਣਾ ਜਿਸ ਤੇ ਜਨਮ ਸਵਰੇ..."
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

੫ **ਨੀਸ਼ਾਣੁ ਸਤਵੇਂ ਗੁਰੂ ਹਰਿ ਰਾਇ ਜੀ ਦਾ**
ਸੰਮਤ ੧੭੧੬ ਬਿ. (ਸੰਨ ੧੬੫੯ ਈ.) ਵਿਚ ਲਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ

੬ **ਅਠਵੇਂ ਗੁਰੂ ਹਰਿ ਕ੍ਰਿਸ਼ਨ ਜੀ ਦੀ ਆਗਿਆ ਸੰਗਤਿ ਪਟਣ (ਫਰੀਦ ਕੇ) ਦੀ ਜੋਗ**
"...ਸੰਗਤਿ ਧਰਮਸਾਲਿ ਆਵਦੇ ਰਹਣਾ ਆਰਤੀ ਸੋਹਲਾ ਕਰਣਾ..."
(ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ)

੭ **ਨੀਸਾਣੁ ਨੌਵੇਂ ਗੁਰੂ ਤੇਗ ਬਹਾਦੁਰ ਸਾਹਿਬ**
ਸੰ. ੧੭੨੮ ਬਿ. ਭਾਦੋਂ ੧੦ (੧੧ ਅਗਸਤ ੧੬੭੧) ਨੂੰ ਸੰਪੂਰਨ ਹੋਈ ਪੋਥੀ ਵਿਚੋਂ (ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ)

੭-੩੦ = ੨੪



੮ **ਨੌਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਵਲੋਂ ਸੰਗਤਿ ਪਟਣ ਕੀ ਜੋਗੁ**
ਸਰਬਤਿ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ...ਪਟਣ ਦੀ ਸੰਗਤਿ ਸ੍ਰੀ ਗੁਰੂ ਜੀਉ ਦਾ ਖ਼ਾਲਸਾ ਹੈ..."
(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)

੯ **ਨੌਵੇਂ ਗੁਰੂ ਤੇਗ਼ ਬਹਾਦਰ ਜੀ ਦਾ ਹੁਕਮ ਸੰਗਤਿ ਬਨਾਰਸ ਜੋਗੁ**
"...ਭਾਈ ਕਲਿਆਨ ਦਾਸੁ ਦਾ ਹਰਿ ਭਾਂਤਿ ਖਸਮਾਨਾ ਕਰਣਾ..."
(ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ)

੧੦ **ਨੌਵੇਂ ਗੁਰੂ ਤੇਗ਼ ਬਹਾਦੁਰ ਦਾ ਹੁਕਮ, ਭਾਈ ਜਵੇਹਰੀ ਸੰਗਤ** (ਬਨਾਰਸ) **ਜੋਗੁ**
"...ਸਿਰੀਧਰ ਕੀ ਸੰਗਤਿ ਸੇਵਾ ਕਰਣੀ ਅਲੂਫਾ...ਦੇਣਾ"
(ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ)

੧੧ **ਨੌਵੇਂ ਗੁਰੂ ਤੇਗ਼ ਬਹਾਦੁਰ ਦਾ ਹੁਕਮ ਸੰਗਤਿ ਬਨਾਰਸ ਜੋਗੁ**
"...ਕਾਰਬਾਰ ਲੋਚ ਕੇ ਸੰਗਤਿ ਭਾਈ ਜਵੇਹਰੀ ਨੋ ਦੇਣੀ...ਜਵੇਹਰੀ ਭਾਈ ਦਿਆਲ ਦਾਸ ਪਾਸ ਪਹੁਚਾਵੇਗਾ ਹਜੂਰਿ ਪਹੁਚੇਗੀ..."
(ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ)

੧੨ **ਨੌਵੇਂ ਗੁਰੂ ਤੇਗ਼ ਬਹਾਦਰ ਜੀ ਵਲੋਂ ਭਾਈ ਦਿਆਲ ਦਾਸ ਰਾਮ ਰਾਇ ਜੋਗੁ**
"...ਰਾਤ ਰਾਤ ਕਰਿ ਕੈ ਬਹੁਤ ਸਿਤਾਬੀ ਸਾਥ ਹਮਾਰੇ ਪਾਸ ਆਇ ਪਹੁਚਣਾ... ਢੀਲ ਪਾਉ ਘੜੀ ਕੀ ਨਾਹੀ ਕਰਣੀ..."
(ਜਾਂਦਿਆਂ ਰਾਹ ਮੁਕਾਮ ਤੋਂ)

੧੩ **ਨੌਵੇਂ ਗੁਰੂ ਜੀ ਵਲੋਂ ਸੰਗਤਿ ਪਟਣਾ ਦੇ ਨਾਮ**
"...ਅਸੀਂ ਪਰੈ ਰਾਜੇ ਜੀ ਕੇ ਸਾਥ ਗਏ ਹਾਂ ਕਬੀਲਾ ਹਮੋ ਪਟਣੈ ਮੋ ਛੋਡਾ ਹੈ...ਕੋਈ ਅਵਲ ਹਵੇਲੀ ਹੋਵੈ ਬਡੀ...ਤਿਸ ਮੋ ਕਬੀਲੇ ਹਮਾਰੇ ਰਖਣੈ..."
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

੧੪ **ਨੌਵੇਂ ਗੁਰੂ ਜੀ ਦਾ ਹੁਕਮ ਸੰਗਤਿ ਬਨਾਰਸ ਕੀ ਤੇ ਸੂਬੇ ਕੀ ਜੋਗੁ**
"...ਪਿਛੇ ਕਾਰ ਭਾਈ ਦਿਆਲ ਦਾਸ ਪਾਸ ਭੇਜੀ ਥੀ ਸਭ ਹਜੂਰਿ ਪਹੁਚੀ ਭਾਈ ਦਿਆਲ ਦਾਸ ਕਹੇ ਸੰਗਤਿ ਗੁਰੂ ਕਾ ਹੁਕਮੁ ਕਰਿ ਮੰਨਣਾ..."
(ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ)

੧੫ **ਨੌਵੇਂ ਗੁਰੂ ਤੇਗ਼ ਬਹਾਦੁਰ ਜੀ ਵਲੋਂ ਭਾਈ ਦਿਆਲ ਦਾਸ ਆਦਿ ਸੰਗਤਿ ਪਟਣਾ ਜੋਗੁ**
"...ਅਸਾਂ ਮੁਗੇਰ ਛਾਵਣੀ ਕੀਤੀ ਹੈ...ਭਾਈ ਜੀ ਪਰੇ ਕੇ ਜੁ ਤੁਮਾਰੇ ਸੂਬੇ ਕੇ ਮਸੰਦ ਹਨ ਸਰਬਤਿ ਸੰਗਤਿ ਪਰੇ ਕੀ ਲੈ ਕੇ ਦਰਸਨਿ ਆਵਣਾ..."
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

**੧੬ ਨੌਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਵਲੋਂ ਸੰਗਤਿ ਬਨਾਰਸ ਕੇ ਸੂਬੇ ਕੀ ਜੋਗੁ**

"...ਕਾਰਬਾਰ ਹੋਵੇ ਸੰਗਤਿ ਨੇ ਭਾਈ ਦਿਆਲ ਦਾਸ ਪਾਸ ਪਹੁਚਾਵਣੀ...ਮੁਗੇਰ ਛਾਵਣੀ ਹੋਈ ਹੈ ਜੋ ਸਿਖੁ ਦਰਸਨ ਕੋ ਆਵੈਗਾ ਤਿਸ ਕੇ ਮਨੋਰਥ ਗੁਰੂ ਪੂਰੇ ਕਰੇਗਾ..."

(ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ)

**੧੭ ਨੌਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਵਲੋਂ ਸੰਗਤਿ ਪਟਣੇ ਦੀ ਜੋਗੁ**

"...ਅਸੁਨ ਕੋਚ ਹੈ। ਸਤਰੀ ਰੁਪਯਾਂ ਕੀ ਵਸਤ ਲਿਖੀ ਹੈ ਡੇਰੇ ਕੇ ਵਾਸਤੇ ਹੁਕਮ ਦੇਖਦੇ ਹੀ ਭੇਜਣੀ..."

(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

**੧੮ ਨੌਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਵਲੋਂ ਸੰਗਤਿ ਬਨਾਰਸ ਜੋਗੁ**

"...ਅਸੀਹ ਰੁਪਯੇ ਕਾਰ ਕੇ ਪਹੁਚੇ..."

(ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ)

**੧੯ ਨੌਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਵਲੋਂ ਸੰਗਤਿ ਬਨਾਰਸ ਜੋਗੁ**

"...ਕਾਰ ਸੰਗਤਿ ਦੀ ਏਕ ਸਉ ਛਿਆਸਠ ਰੁਪਯੇ... ਹਜ਼ੂਰਿ ਆਏ..."

(ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ)

**੨੦ ਨੌਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਵਲੋਂ ਸੰਗਤਿ ਮਿਰਜ਼ਾਪੁਰ ਜੋਗੁ**

"...ਕਾਰਬਾਰ ਕਰਿ ਕੇ ਸੰਗਤਿ ਭਾਈ ਦਿਆਲ ਦਾਸ ਪਾਸ ਭੇਜਣੀ ਹਜੂਰਿ ਪਹੁਚੇਗੀ...ਪਿਛੇ ਕਾਰ ਦੀਈ ਥੀ ਸੁ ਪਹੁਚੀ..."

(ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ)

**੨੧ ਨੌਵੇਂ ਗੁਰੂ ਜੀ ਵਲੋਂ ਸੰਗਤਿ ਪਟਣਾ ਜੋਗੁ**

"...ਗੋਬਿੰਦ ਦਾਸ ਕੀ ਬਧਾਈ ਉਪਰਿ ਸੰਗਤਿ ਖਰਚ ਕੀਆ ਗੁਰੂ ਕੀ ਦਰਗਾਹ ਥਾਂਇ ਪਯਾ...ਸਰਪਾਉ ਭੇਜਿਆ ਹੈ ਪਟਣਾ ਗੁਰੂ ਕਾ ਘਰੁ ਹੈ..."

(ਸ੍ਰੀ ਹਰਿਮੰਦਰ ਸਾਹਿਬ ਪਟਣਾ)

**੨੨ ਨੌਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਵਲੋਂ ਸੰਗਤਿ ਪਟਣੇ ਕੀ ਜੋਗੁ**

"...ਕਾਰ ਭੇਟ ਕਪੜੇ ਭਾਈ ਮਿਹਰ ਚੰਦ ਭਾਈ ਕਲਿਆਨ ਰਾਇ ਹਥਿ ਭੇਜੀ ਥੀ ਸੋ ਹਜੂਰਿ ਪਹੁਚੀ...ਪਟਣਾ ਗੁਰੂ ਕਾ ਘਰੁ ਹੈ..."

(ਸ੍ਰੀ ਹਰਿਮੰਦਰ ਸਾਹਿਬ ਪਟਣਾ)

**੨੩ ਨੌਵੇਂ ਗੁਰੂ ਜੀ ਵਲੋਂ ਸੰਗਤਿ ਪਟਣੇ ਜੋਗੁ**

"...ਸੰਗਤਿ ਸੇਵਾ ਗੋਬਿੰਦ ਦਾਸ ਕੀ ਕਰਤੀ ਹੈ ਤੁਮਾਰੀ ਸੇਵਾ ਸੰਗਤਿ ਕੀ ਗੁਰੂ ਕੀ ਦਰਗਹ ਥਾਂਇ ਪੜੇਗੀ..."

(ਸ੍ਰੀ ਹਰਿਮੰਦਰ ਸਾਹਿਬ ਪਟਣਾ)

**੨੪ ਨੌਵੇਂ ਗੁਰੂ ਤੇਗ਼ ਬਹਾਦੁਰ ਦਾ ਹੁਕਮੁ ਭਾਈ ਦਿਆਲ ਦਾਸ ਭਾਈ ਰਾਮਰਾਇ ਜੋਗੁ**

"...ਪੰਜ ਖਾਂਚੇ ਬਾਸਣ ਮੀਨਾਪੁਰ ਕਿਆਂ ਕੇ...ਦਿਲੀ ਭਾਈ ਕਲਿਆਣੇ ਦੀ ਧਰਮਸਾਲਾ ਪਹੁਚਾਵਣੇ ਨਵਾਬ ਸੈਫ਼ ਖ਼ਾਂ ਨੋ ਦੇਣੇ ਹਨਿ..."

(ਸ੍ਰੀ ਹਰਿਮੰਦਰ ਸਾਹਿਬ ਪਟਣਾ)

**੨੫ ਨੌਵੇਂ ਗੁਰੂ ਤੇਗ਼ ਬਹਾਦੁਰ ਜੀ ਵਲੋਂ ਭਾਈ ਬਠਾ ਸਰਬਤਿ ਸੰਗਤਿ ਜੋਗੁ**

"...ਭਾਈ ਬਠਾ ਤੂ ਸ੍ਰੀ ਗੁਰੂ ਜੀ ਦਾ ਪੁਤੁ ਅਸਹਿ ਸੰਗਤਿ ਲੈ ਕੇ ਦਰਸਨਿ ਆਵਣਾ..."

(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)

**੨੬ ਨੌਵੇਂ ਗੁਰੂ ਤੇਗ਼ ਬਹਾਦੁਰ ਜੀ ਵਲੋਂ ਸੰਗਤਿ (ਪਟਣ ਫਰੀਦ ਕੇ) ਜੋਗੁ**

"...ਭਾਈ ਬਠਾ ਗੁਰੂ ਜੀ ਕਾ ਪੁਤੁ ਹੈ ਜੁ ਆਖੇ ਸੋ ਸੰਗਤਿ ਮੰਨਣਾ"

(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)

**੨੭ ਨੌਵੇਂ ਗੁਰੂ ਤੇਗ਼ ਬਹਾਦੁਰ ਜੀ ਵਲੋਂ ਸੰਗਤਿ ਪਟਣ ਜੋਗ**

"...ਭਾਈ ਬਠਾ ਤੁਸਾਂ ਦਰਸਨਿ ਆਵਣਾ..."

(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)

**੨੮ ਨੌਵੇਂ ਗੁਰੂ ਤੇਗ਼ ਬਹਾਦੁਰ ਜੀ ਵਲੋਂ ਭਾਈ ਬਠੇ ਜੋਗੁ**

"ਭਾਈ ਬਠਾ ਤੂੰ ਸ੍ਰੀ ਗੁਰੂ ਜੀ ਕਾ ਪੁਤੁ ਅਸਹਿ...
ਸਰਬਤਿ ਸੰਗਤਿ ਲੈ ਕੇ ਹਜ਼ੂਰਿ ਦਰਸਨਿ ਆਵਣਾ..."

(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ)

**੨੯ ਨੌਵੇਂ ਗੁਰੂ ਤੇਗ਼ ਬਹਾਦੁਰ ਜੀ ਵਲੋਂ ਪਟਣ ਦੀ ਸੰਗਤਿ ਜੋਗ**

"...ਜੁ ਸਿਖ ਭਾਈ ਬਠੇ ਨਾਲਿ ਦਰਸਨਿ ਆਵਗੁ ਸੋ ਨਿਹਾਲ ਹੋਗੁ ਸਿਖਾਂ ਪੁਤਾਂ ਦਾ ਸੇਵਾ ਦਾ ਵੇਲਾ ਹੈ..."

(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)

**੩੦ ਸ੍ਰੀ ਮਾਤਾ ਜੀ (?) ਵਲੋਂ ਭਾਈ ਮਲਾ ਭਾਈ ਬਾਘਾ ਜੋਗੁ**

-ਦੋ ਬੈਲਾਂ ਅਤੇ ਖੱਚਰ ਦੀ ਚੋਰੀ-

"...ਸਰਕਾਰ ਦੀ ਖਚਰ ਜਾਣੀ ਪਾਵੈ ਨਾਹੀ ਮੁਜਰਾ ਹੋਗੁ..."

(ਨਉਸ਼ਹਰਾ ਪੱਨੂਆਂ ਵਿਚ)

**੩੧ ਸ੍ਰੀ ਮਾਤਾ ਗੁਜਰੀ ਜੀ (?) ਵਲੋਂ ਸੰਗਤਿ ਧੀਰ ਬਸੀਆਂ ਜੋਗੁ**

"...ਨਾਇਕ ਜੀ ਤੁਸਾਡੀ ਅਰਦਾਸਿ ਆਈ ਚਿਰ ਹੋਇਆ ਹੈ ਹੁਣ ਮੇਵੜੇ ਭੇਜੇ ਹਨ ਕਾਰ ਭੇਟ... ਦੇਣਾ"

(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

**੩੨ ਨੀਸਾਣ ਪਾ. ੧੦**

ਬੜਾ ਬਾਬਾ (ਸ੍ਰੀ ਗੁਰੂ ਗ੍ਰੰਥ ਸਾਹਿਬ) ਸੰਮਤ ੧੭੪੮ ਹਾੜ ਸੁਦੀ ਤ੍ਰਿਓਦਸੀ ਦੇ ਲਿਖਤ ਵਿਚ।

**੩੩ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਮਿਹਰਚੰਦ ਰੂਪੇ ਜੋਗੁ**

"...ਤੁਸਾਂ ਆਵਣਾ ਰਹਣਾ ਨਾਹੀ"

(ਪਿੰਡ ਭਾਈ ਰੂਪੇ ਕੇ ਵਿਚ)

**੩੪ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਰੁਕਾ ਭਾਈ ਰੂਪੇ ਕਿਆਂ ਜੋਗੁ**

ਘੋੜੇ ਘੋੜੀਆਂ ਬਲਦ ਚਰਨ ਦੇਣੇ ਸੰਬੰਧੀ।

(ਪਿੰਡ ਭਾਈ ਰੂਪੇ ਕੇ ਵਿਚ)

**੩੫ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਢਾਕਾ ਚਟਗਾਵ ਆਦਿ ਜੋਗੁ**

"...ਹਛਾ ਹਾਥੀ ਜੰਗੀ ਭੇਜਣਾ..."

(ਸੰਗਤਿ ਗੁਰਦੁਆਰਾ ਢਾਕਾ ਵਿਚ)

**੩੬ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਗੁਰਦਾਸ ਜੋਗੁ**

ਮਾਘ ਸੁਦੀ ੯ ਸੰਮਤ ੧੭੪੮ ਬਿ., ੧੭ ਜਨਵਰੀ ੧੬੯੨ ਈ.

"...ਕਾਰ ਸੰਗਤਿ ਲੈ ਆਵਣਾ..."

(ਹਰਿਮੰਦਰ ਸਾਹਿਬ ਪਟਣਾ ਵਿਚ)

**੩੭ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਢਾਕੇ ਕੀ ਲਸ਼ਕਰ ਕੀ ਆਦਿ ਜੋਗੁ**

"...ਕਾਰ ਭੇਟ ਮੰਨਤ ਕਪੜਾ ਹਥਿਆਰ ਢਾਲ ਜੋ ਗੁਰੂ ਕੇ ਨਵਿਤ ਕੀ ਕਵਡੀ ਹੋਵੈ ਸੋ ਭਾਈ ਹੁਲਾਸ ਚੰਦ ਨੋ ਦੇਣੀ..."

(ਸੰਗਤਿ ਗੁਰਦੁਆਰਾ ਢਾਕਾ ਵਿਚ)

**੩੮ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਰਾਮਦਾਸ ਉਗਰ ਸੇਨ ਜੋਗੁ**

"...ਕਾਰ ਬਲਦ ਜੋੜੇ ਤੁਸਾ ਮਾਤਾ ਜੀ ਪਾਸ ਮੁਜਰਾ ਕੀਤਾ ਸਭ ਹਜੂਰ ਪਹੁਚਿਆ..."

(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)

**੩੯ ਦਸਵੇਂ ਗੁਰੂ ਵਲੋਂ ਭਾਈ ਰਾਮਰਾਇ ਅਤੇ ਦਾਈ ਲਾਡੋ ਦੇ ਨਾਮ**

ਗੁ. ਮੈਣੀ ਸੰਗਤਿ ਪਟਣਾ ਵਿਚ ਸੁਰਖਿਤ ਗੁਰੂ ਗ੍ਰੰਥ ਸਾਹਿਬ ਦੇ ੪੦ਵੇਂ ਪੱਤਰੇ ਉਤੇ ਚਸਪਾਂ ਹੈ।

(ਗੁ. ਮੈਣੀ ਸੰਗਤਿ ਪਟਣਾ ਵਿਚ)

**੪੦ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤ ਢਾਕੇ ਕੀ ਗਿਰਦ ਨਿਵਾਹੀ ਜੋਗੁ**

੧੭੪੮ ਬਿ. ਜੇਠ ਸੁਦੀ ੫, ੨੨ ਮਈ ੧੬੯੧ ਈ.

"...ਭਾਈ ਹੁਲਾਸ ਚੰਦ ਹਜੂਰ ਆਇਆ ਸੰਗਤਿ ਕਾ ਮੁਜਰਾ ਕੀਆ ਨਉ ਸੈ ਰੁਪਯੇ ਕੀ ਹੁੰਡੀ ਚੀਰੇ ਕਪੜੇ ਤੇਗੇ ਹਜੂਰਿ ਪਹੁਚੇ..."

(ਸੰਗਤਿ ਗੁਰਦੁਆਰਾ ਢਾਕਾ ਵਿਚ)

**੪੧ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਗੁਰਦਾਸ ਜੋਗੁ**
ਅੱਸੂ ਵਦੀ ੧੦, ਸੰਮਤ ੧੭੪੯ ਬਿ., ੯ ਅਕਤੂਰ ੧੭੯੨ ਈ.
"...ਇਕ ਬੁਲਗਾਰ ਬੋਇਦਾਰ ਭੇਜਣੀ..."
(ਸ੍ਰੀ ਹਰਿਮੰਦਰ ਸਾਹਿਬ਼ ਪਟਣਾ ਵਿਚ)

**੪੨ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਸੰਗਤੀਆ ਜੋਗੁ**
ਫਗਣ ਸੁਦੀ ੫ ਸੰਮਤ ੧੭੫੦, ੧੯ ਫਰਵਰੀ, ੧੬੯੪ ਈ.
"...ਸੰਗਤਿ ਬਿਸੋਏ ਨੋ ਦਰਸਨਿ ਆਵਣਾ...ਇਕ ਤੁਪਕ ਸਾਜ ਸੁਧਾ ਲੈ ਆਵਣਾ..."
(ਗੁ. ਅਹੀਆ ਗੰਜ ਲਖਨਊ)

**੪੩ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਤਲੋਕਾ ਭਾਈ ਰਾਮਾ ਜੋਗੁ**
ਭਾਦੋਂ ੨, ਸੰਮਤ ੧੭੫੩, ੨ ਅਗਸਤ, ੧੬੯੬ ਈ.
"...ਤੁਧ ਜਮੀਅਤ ਲੈ ਕੇ ਅਸਾਡੇ ਹਜੂਰ ਆਵਣਾ ਤੇਰਾ ਘਰੁ ਮੇਰਾ ਅਸੈ..."
(ਮਹਾਰਾਜਾ ਸਾਹਿਬ ਪਟਿਆਲਾ, ਬੁਰਜ ਬਾਬਾ ਆਲਾ ਸਿੰਘ, ਕਿਲਾ ਮੁਬਾਰਿਕ)

**੪੪ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਰੂਪੇ ਕੀ ਜੋਗੁ**
"...ਅਸਵਾਰ ਪਿਆਦੇ ਬੰਦੂਕੀ ਜਮੀਅਤ ਲੈ ਕੇ ਤੁਸਾਂ ਆਵਣਾ ਮੇਰੀ ਬਹੁਤ ਖ਼ੁਸ਼ੀ ਹੈ...ਸਿਤਾਬੀ ਆਵਣਾ..."
(ਪਿੰਡ ਭਾਈ ਰੂਪੇ ਕੇ ਵਿਚ)

**੪੫ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਸ਼ਾਹਜ਼ਾਦੇ ਅਜ਼ੀਮੁੱਦੀਨ ਦੇ ਲਸ਼ਕਰ ਕੀ ਦੇ ਨਾਮ**
ਸਾਵਣ ੨੪ ਸੰਮਤ ੧੭੫੫, ੨੪ ਜੁਲਾਈ ੧੬੯੮ ਈ.
"...ਭਾਈ ਮੁਹਕਮ ਸਿੰਘ ਜੀ ਭਾਈ ਸਤੀ ਦਾਸ...੧੦੦ ਸਉ ਤੋਲਾ ਸੋਨਾ ਫ਼ੁਰਮਾਇਸ਼ ਕਾ ਕਰਿ ਭੇਜਣਾ...ਤੁਸਾਡਾ ਘਰੁ ਮੇਰਾ ਅਸੈ..."
(ਉਚਲਾ ਪਿੰਡ, ਜ਼ਿਲਾ ਪੂਰਨਿਆਂ, ਦੇ ਗੁਰਦਵਾਰੇ ਵਿਚ)

**੪੬ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਮਾਛੀਵਾੜੇ ਕੀ ਜੋਗੁ**
੧੭੫੫ ਬਿ. ੧੪ ਚੇਤ, ੧੨ ਮਾਰਚ ੧੬੯੯ ਈ.
"...ਇਕ ਤੋਲੇ ਸੋਇਨੇ ਕਾ ਹੁਕਮੁ ਲਿਖਿਆ ਹੈ ਦੇਖਦੇ ਸਿਤਾਬੀ ਹਜ਼ੂਰ ਭੇਜਣਾ...ਗੋਲਕ ਦਸਵੰਧ ਮੰਨਤ ਸੋ ਹਜੂਰ ਆਪ ਲੈ ਆਵਣਾ ਮਸੰਦਾਂ ਨੋ ਮੰਨਣਾ ਨਾਹੀਂ...."
(ਸੈਂਟਰਲ ਸਿੱਖ ਅਜਾਇਬ ਘਰ, ਅੰਮ੍ਰਿਤਸਰ)

**੪੭ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਦੇਸ ਰਾਜ ਸੰਗਤਿ ਸਹਲੰਗੁ ਫਫੜਿਆਂ ਕੇ ਜੋਗੁ**
ਵੈਸਾਖ ੨੭ ਸੰਮਤ ੧੭੫੬ ਬਿ., ੨੫ ਅਪਰੈਲ ੧੬੯੯ ਈ.
"...ਕਾਰ ਸੰਗਤਿ ਭਾਈ ਦੇਸ ਰਾਜ ਨੂੰ ਦੇਣੀ..."
(ਪਿੰਡ ਫੱਫੜੇ ਭਾਈ ਕੇ ਵਿਚ)

੪੮ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਨਉਸ਼ਹਰੇ ਕੀ ਜੋਗੁ**
੧੭੫੬ ਬਿ. ੪ ਕਤਕ, ੫ ਅਕਤੂਬਰ ੧੬੯੯ ਈ.
"...ਸੰਗਤਿ ਦੀਵਾਲੀ ਨੋ ਦਰਸ਼ਨ ਆਵਣਾ...ਸੰਗਤਿ ਮੇਰੀ ਖ਼ਾਲਸਾ ਹੈ..."
(ਨਉਸਹਰਾ ਪੱਨੂਆਂ ਵਿਚ)

੪੯ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਸਾਰੰਗਦੇਉ ਜੋਗੁ**
੧੭੫੬ ਬਿ. ੪ ਕਤਕ, ੫ ਅਕਤੂਬਰ ੧੬੯੯ ਈ.
"...ਸੰਗਤਿ ਦੀਵਾਲੀ ਨੂੰ ਦਰਸਨਿ ਆਉਣਾ...ਤੁਸੀਂ ਮੇਰਾ ਖਾਲਸਾ ਹੋਇ..."
(ਪਿੰਡ ਸਿਰਹਾਲੀ ਵਿਚ)

੫੦ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਪਟਣ ਫਰੀਦ ਕੇ ਕੀ ਜੋਗੁ**
੧੭੫੬ ਬਿ. ੪ ਫੱਗਣ, ੧ ਫਰਵਰੀ ੧੭੦੦ ਈ.
"...ਸੰਗਤਿ ਮੇਰਾ ਖਾਲਸਾ ਹੈ ਗੁਰੂ ਕੇ ਨਵਿਤ ਕਾ ਹੋਵੇ ਸੋ ਵਿਸੋਏ ਨੂੰ ਹਜ਼ੂਰ ਲੈ ਕੇ ਦਰਸ਼ਨ ਆਵਣਾ...ਹੋਰਸ ਕਿਸੇ ਮਸੰਦ ਨੂੰ ਨਾਹੀ ਮੰਨਣਾ..."
(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)

੫੧ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਪਟਣ ਸ਼ੇਖ ਫਰੀਦ ਜੋਗੁ**
੧੭੫੭ ਬਿ. ਮੱਘਰੋਂ ੪, ੪ ਨਵੰਬਰ ੧੭੦੦ ਈ.
"...ਸੰਗਤਿ ਮੇਰਾ ਖ਼ਾਲਸਾ ਹੈ ਜੋ ਗੁਰੂ ਕੇ ਨਵਿਤ ਕਾ ਹੋਵੈ ਸੋ ਕਿਸੇ ਮਸੰਦ ਨੋ ਨਾਹੀ ਦੇਵਣਾ ਆਪਣੇ ਪਾਸ ਰਖਣਾ..."
(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)

੫੨ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਨਉਸ਼ਹਰਾ ਜੋਗੁ**
੧੭੫੭ ਬਿ. ੪ ਮੱਘਰ, ੪ ਨਵੰਬਰ ੧੭੦੦ ਈ.
"...ਸੰਗਤਿ ਮੇਰਾ ਖ਼ਾਲ਼ਸਾ ਹੈ ਜੋ ਗੁਰੂ ਕੇ ਨਵਿਤ ਕਾ ਹੋਇ ਸੋ ਹੋਰਸ ਕਿਸੇ ਨੋ ਨਾਹੀ ਦੇਣਾ ਆਪੋ ਆਪਣੇ ਪਾਸ ਰਖਣਾ...ਇਕ ਤੋਲਾ ਸੋਨਾ ਫ਼ੁਰਮਾਇਸ਼ੁ ਹੁੰਡੀ ਕਰਾਇ ਭੇਜਣੀ..."
(ਨਉਸ਼ਹਰਾ ਪੱਨੂਆਂ ਵਿਚ)

੫੩ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਦਸੂਹਾ ਜੋਗੁ**
੧੭੫੭ ਬਿ. ੪ ਮੱਘਰ, ੪ ਨਵੰਬਰ ੧੭੦੦ ਈ.
"...ਸੰਗਤਿ ਮੇਰਾ ਖ਼ਾਲਸਾ ਹੈ ਜੋ ਗੁਰੂ ਕੇ ਨਵਿਤ ਕਾ ਹੋਵੈ ਸੋ ਬਿਨੁ ਹੁਕਮ ਕਿਸੇ ਨੋ ਨਾਹੀ ਦੇਣਾ...ਫ਼ਰਮਾਇਸ਼ੁ ਸੋਨਾ ਤੋਲਾ ਡੇਢੁ ਲੋਚ ਕੈ ਦੇਣਾ..."
(ਸ੍ਰੀ ਹਰਿਮੰਦਰੁ ਸਾਹਿਬ ਪਟਣਾ ਵਿਚ)

੫੪ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਮਿਹਰ ਚੰਦੁ ਪੇਸ਼ਕਾਰ ਜੋਗੁ**
੧੭੫੮ ਬਿ. ੧੦ ਫੱਗਣ, ੬ ਫਰਵਰੀ ੧੭੦੨ ਈ.
"...ਪੇਸ਼ੁਕਾਰ ਖੁਤੀਏ ਨਵੀਸ ਕਾ ਮੇਰਾ ਖਾਲਸਾ ਹੈ...ਰੁਪਏ ੨੫ ਪੰਜੀਹ ਫੁਰਮਾਇਸ਼

ਲਿਖੀ ਹੈ...ਸ਼ਿਤਾਬੀ ਹੁੰਡੀ ਕਰਾਇ ਭੇਜਣੀ...ਅਰੁ ਹਥੀਆਰ ਬੰਨ੍ਹ ਕੇ ਦਰਸ਼ਨਿ ਆਵਣਾ..."
(ਗੁ. ਅਹੀਆ ਗੰਜ ਲਖਨਊ ਵਿਚ)

੫੫ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਮਿਹਰ ਚੰਦ ਧਰਮ ਚੰਦ ਜੋਗੁ**
੧੭੫੮ ਬਿ. ੧੦ ਫੱਗਣ, ੬ ਫਰਵਰੀ ੧੭੦੨ ਈ.
"...ਤੁਸੀਂ ਮੇਰਾ ਖਾਲਸਾ ਹੋ ਇਕੁ ਸਉ ਇਕੁ ੧੦੧ ਰੁਪਯਾ ਹਾਥੀ ਦੀ ਫੁਰਮਾਇਸ਼...ਸ਼ਿਤਾਬੀ ਹੁੰਡੀ ਕਰਾਇ ਭੇਜਣੀ. ਮਸੰਦੁ ਮਸੰਦੀਏ ਨਾਲਿ ਨਾਹੀ ਮਿਲਣਾ ਨਾਹੀ ਮੰਨਣਾ..."
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

੫੬ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਪਿਰਾਗ ਜੋਗੁ**
੧੭੫੮ ਬਿ. ੧੦ ਫੱਗਣ, ੬ ਫਰਵਰੀ ੧੭੦੨ ਈ.
"...੫ ਪੰਜ ਤੋਲੇ ਸੋਨਾ ਫੁਰਮਾਇਸ਼ ਲਿਖੀ ਹੈ...ਹੁਕਮ ਦੇਖਦੇ...ਹੁੰਡੀ ਕਰਾਇ ਭੇਜਣੀ ਜੋ ਕਿਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਹੋਰੁ ਕਿਸੇ ਨੋ ਨਾਹੀ ਦੇਣਾ ਹਜ਼ੂਰ ਪਹੁਚਾਵਣਾ ਆਪ ਵਿਚ ਪਿਆਰ ਕਰਨਾ ਸੰਗਤਿ ਹਥਿਆਰ ਬੰਨ੍ਹ ਕੈ ਦਰਸਨਿ ਆਵਣਾ..."
(ਗੁ. ਅਹੀਆ ਗੰਜ ਲਖਨਊ ਵਿਚ)

੫੭ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਬਿੰਦ੍ਰਾਬਨ ਗੁਲਾਲ ਚੰਦ ਜੋਗੁ**
੧੭੫੮ ਬਿ. ੧੦ ਫੱਗਣ, ੬ ਫਰਵਰੀ ੧੭੦੨ ਈ.
"...ਤੁਸੀਂ ਮੇਰਾ ਖਾਲਸਾ ਹੋ ੧੦੧ ਇਕ ਸਉ ਇਕ ਰੁਪਯਾ ਫੁਰਮਾਇਸ਼ ਹੁਕਮ ਦੇਖਦੇ ਹੀ ਹੁੰਡੀ ਕਰਾਇ ਭੇਜਣੀ...ਜੋ ਹਥਿਆਰ ਬੰਨ੍ਹ ਕੈ ਦਰਸ਼ਨਿ ਆਵਗੁ ਨਿਹਾਲੁ ਹੋਗੁ..."
(ਸੰਗਤਿ ਗੁਰਦੁਆਰਾ ਢਾਕਾ ਵਿਚ)

੫੮ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਨਉਸ਼ਹਰੇ ਕੀ ਜੋਗੁ**
੧੭੫੮ ਬਿ. ੧੦ ਫੱਗਣ, ੬ ਫਰਵਰੀ, ੧੭੦੨ ਈ.
"...ਸਰਬਤ ਸੰਗਤਿ ਮੇਰਾ ਖਾਲਸਾ ਹੈ ਸੰਗਤਿ ਮਸੰਦ ਮਸੰਦੀਏ ਨਾਲ ਨਾਹੀ ਮਿਲਣਾ...ਜੋ ਸਿੱਖ ਮਿਲੇ ਸੋ ਮੇਲ ਲੈਣਾ ਹੋਰ ਦਿਗਤਿ ਕੋਈ ਨਾਹੀ ਕਰਨੀ ਪਿਆਰ ਕਰਣਾ ਮੇਰੀ ਖੁਸ਼ੀ ਹੈ"
(ਨਉਸ਼ਹਰਾ ਪੱਨੂਆਂ ਵਿਚ)

੫੯ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਰੂਪੇਆਣੇ ਕੀ ਜੋਗੁ**
੧੭੫੯ ਬਿ., ੧੭੦੨ ਈ.
"...ਸਰਬਤਿ ਸੰਗਤਿ ਮੇਰਾ ਖ਼ਾਲਸਾ ਹੈ..." ਮਸੰਦ ਮਸੰਦੀਏ ਨੋ ਨਾਹੀ ਮਿਲਣਾ

ਜੋ ਮਿਲੇ ਸੋ ਮੇਲ ਲੈਣਾ..."
(ਭਾਈ ਦੁਰਗਾ ਸਿੰਘ ਪਟਿਆਲਾ)

੬੦ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਸੁਖੀਆ ਭਾਈ ਪਰਸਾ ਜੋਗੁ**
੧੭੬੧ ਬਿ., ੧੭੦੪ ਈ.
"...ਸੰਗਤਿ ਮੇਰਾ ਖਾਲਸਾ ਹੈ ਅਸਵਾਰ ਪਿਆਦੇ ਬੰਦੂਕਚੀ ਭਲੇ ਭਲੇ ਜੁਆਨ ਸਾਥ ਲੈ ਕੇ ਹਜ਼ੂਰ ਆਵਣਾ..."
(ਭਾਈ ਦੁਰਗਾ ਸਿੰਘ ਪਟਿਆਲਾ)

੬੧ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਚੋਲ੍ਹੇ (ਮਾੜੇ) ਦੀ ਜੋਗੁ**
(੧੭੬੨ ਬਿ. ਚੇਤੋਂ ੬, ੪ ਮਾਰਚ ੧੭੦੬ ਈ.)
"...ਰੁਪਯੇ ੨੦ ਬੀਹ ਹਜੂਰਿ ਭੇਜਣੇ ਪੈਸੇ ਸਿੱਖਾਂ ਨੇ ਖਰਚਣ ਨੋ ਚਾਹੀਦੇ ਹੈਨ ਜੋ ਸਿੱਖ ਹਥਿਆਰ ਬੰਨ੍ਹ ਕੇ ਹਜੂਰ ਆਵੇਗਾ ਨਿਹਾਲ ਹੋਗੁ..."
(ਨਉਸ਼ਹਰਾ ਪੱਨੂਆਂ ਵਿਚ)

੬੨ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਬੈਰਾੜਾਂ ਅਤੇ ਭਾਈ ਰੂਪੇ ਕੀ ਸੰਗਤਿ ਦੇ ਨਾਮ**
੧੭੬੩ ਬਿ. ਕਤਕੋਂ ੨੦, ੨੧ ਅਕਤੂਬਰ ੧੭੦੬ ਈ.
"...ਅਸੀਂ ਦੱਖਣ ਨੋ ਕੂਚ ਕੀਤਾ ਹੈ ਜਿਨਿ ਸਿਖ ਸਾਡੇ ਨਾਲਿ ਚਲਣਾ ਹੋਇ ਤਿਨਿ ਹੁਕਮੁ ਦੇਖਦਿਆਂ ਹਜੂਰ ਆਵਣਾ..."
(ਪਿੰਡ ਭਾਈ ਰੂਪੇਕੇ)

੬੩ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਧਉਲ ਕੀ ਸੰਗਤਿ ਜੋਗੁ**
੧੭੬੪ ਬਿ. ਕਤਕ ੧, ੨ ਅਕਤੂਰ ੧੭੦੭ ਈ.
ਪਾਤਸ਼ਾਹ ਬਹਾਦੁਰ ਸ਼ਾਹ ਨਾਲ ਮੁਲਾਕਾਤ "...ਅਸੀਂ ਭੀ ਥੋੜੇ ਹੀ ਦਿਨਾਂ ਨੂੰ ਆਵਤੇ...ਜਦਿ ਅਸੀਂ ਕਹਲੂਰ ਆਵਤੇ ਤਦਿ ਸੂਬਤਿ ਖਾਲਸੇ ਹਥਿਆਰ ਬੰਨ੍ਹ ਕੇ ਹਜੂਰਿ ਆਵਣਾ..."

੬੪ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਖਾਰਾ ਜੋਗੁ**
ਲਗਭਗ ੧੭੬੪ ਬਿ. ਕਤਕ ੧, ੨ ਅਕਤੂਬਰ ੧੭੦੭ ਈ.
ਪਾਤਸ਼ਾਹ ਬਹਾਦੁਰ ਸ਼ਾਹ ਨਾਲ ਮੁਲਾਕਾਤ। ਕਹਲੂਰ ਪੁੱਜਣ ਪਰ ਖ਼ਾਲਸੇ ਨੂੰ ਆਉਣ ਲਈ ਹੁਕਮੁ
(ਭਾਈ ਬੱਨੋਆਣੀਆਂ ਪਾਸ ਬੜੌਤ ਉਤਰ ਪ੍ਰਦੇਸ਼ ਵਿਚ)

੬੫ **ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਬਨਾਰਸ ਜੋਗੁ**
੧੭੬੪ ਬਿ. ੬ ਫੱਗਣ, ੩ ਫਰਵਰੀ, ੧੭੦੮ ਈ.
"...੪੦ ਚਾਲੀਸ ਰੁਪਏ ਕਿਰਪਾ ਸਿੰਘ ਨੋ ਬਖ਼ਸ਼ੇ ਹਨ

...ਹੁਕਮ ਦੇਖਦੇ ਡੇਰੇ ਦੇਣੇ..."
(ਗੁ. ਬੜੀ ਸੰਗਤਿ ਬਨਾਰਸ ਵਿਚ)

੬੬ **ਬਾਬਾ ਬੰਦਾ ਸਿੰਘ ਜੀ ਵਲੋਂ ਭਾਈ ਧਰਮ ਸਿੰਘ ਪਰਮ ਸਿੰਘ ਵਾਸੀ ਰੂਪੇ ਕੇ ਜੋਗੁ**
"...ਸਰਬਤ ਅਕਾਲ ਪੁਰਖ ਜੀਉ ਦਾ ਖ਼ਾਲਸਾ ਹੈ...ਹੁਕਮੁ ਦੇਖਦਿਆਂ ਈ ਪੰਜੇ ਹਥਿਆਰ ਬੰਧਿ ਆਵਣਾ..."
(ਪਿੰਡ ਭਾਈ ਰੂਪੇ ਕੇ ਵਿਚ)

੬੭ **ਬਾਬਾ ਬੰਦਾ ਸਿੰਘ ਵਲੋਂ ਸਰਬਤ ਖਾਲਸਾ ਜਉਨਪੁਰ ਜੋਗੁ**
੧੨ ਪੋਹ ਸੰਮਤ ੧੭੬੭ ਬਿ., ੧੨ ਦਸੰਬਰ ੧੭੧੦ ਈ.
"...ਪੰਜ ਹਥਿਆਰ ਬੰਨ੍ਹ ਕੇ ਹੁਕਮ ਦੇਖਦਿਆਂ ਦਰਸਨ ਆਵਣਾ...ਖਾਲਸੇ ਦੀ ਰਹਤ ਰਹਿਣਾ...ਦਾਰੂ ਅਮਲ ਕੋਈ ਨਹੀਂ ਖਾਣਾ...।"
(ਡਾਕਟਰ ਗੰਡਾ ਸਿੰਘ, ਪਟਿਆਲਾ)

੬੮ **ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸੰਗਤਿ ਵਾਸੀ ਪਟਣੇ ਕੀ ਜੋਗੁ**
੧੭੭੪ ਬਿ. ਕੱਤਕ ੧੧, ੧੨ ਅਕਤੂਬਰ ੧੭੧੭ ਈ.
"...੨੦੦ ਦੁਇ ਸੈ ਰੁਪਈਐ ਲੰਗਰ ਕੇ ਖਰਚ ਵਾਸਤੇ...ਹੁਕਮ ਦੇਖਦੇ ਹੁੰਡੀ ਕਰਾਇ ਭੇਜਣੇ...ਤੁਸੀਂ ਮੇਰੇ ਪੁਤ ਫ਼ਰਜੰਦ ਹੋ..."
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

੬੯ **ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸਰਬਤਿ ਖਾਲਸਾ ਵਾਸੀ ਪਟਣਾ ਜੋਗੁ**
੧੭੭੮ ਬਿ. ਵੈਸਾਖ ੧, ੨੯ ਮਾਰਚ ੧੭੨੧ ਈ.
"...ਭਾਈ ਚੇਤ ਸਿੰਘ ਸਰਕਾਰ ਦਾ ਮੇਵੜਾ ਹਜੂਰਿ ਪਹੁਤਾ ਅਰਦਾਸ ਤੁਮਾਰੀ ਗੁਜਰਾਨੀ... ਇਸ ਤੇ ਪਿਛੇ ਕਾਰਭੇਟ ਸ੍ਰੀ ਗੁਰੂ ਜੀ ਕੇ ਨਮਿਤ ਕੀ...ਹਜੂਰ ਭੇਜੀ ਥੀ ਸੋ ਮਾਫਕ ਅਰਦਾਸਾਂ ਸਭ ਪਹੁਤਾ..."
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

੭੦ **ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸੰਗਤਿ ਵਾਸੀ ਪਟਣੇ ਜੋਗੁ**
੧੭੭੯ ਬਿ. ਅੱਸੂ ੧੯, ੨੦ ਸਤੰਬਰ ੧੭੨੨ ਈ.
"...੨੦੦ ਦੁਇ ਸੈ ਰੁਪਯੇ ਲੰਗਰ ਕੇ ਖਰਚ ਨੋ...ਹੁੰਡੀ ਕਰਾਇ ਕੇ...ਭੇਜਣੀ।"
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

੭੧ **ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸਰਬਤਿ ਖਾਲਸਾ ਵਾਸੀ ਪਟਣਾ ਜੋਗੁ**
੧੭੭੯ ਬਿ. ਅੱਸੂ ੧੯, ੨੦ ਸਤੰਬਰ ੧੭੨੨ ਈ.
"...ਕਾਰ ਭੇਟ ਸੁਖ ਮੰਨਤ ਦਸਉਂਧ ਚਲੀਹਾ ਗੋਲਕ....ਹੋਵੇ ਸੋ ਲੰਗਰ ਦੇ ਖਰਚ ਨੋ ਛਿਮਾਹੀ ਦੀ ਛਿਮਾਂਹੀ ਹਜੂਰ ਭੇਜਿਆ ਕਰਣੀ..."
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

**੭੨ ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸੰਗਤਿ ਗਾਜ਼ੀਪੁਰ-ਜ਼ਮਾਨੀਆ ਜੋਗੁ**
੧੭੮੦ ਬਿ. ੩ ਹਾੜ, ੨ ਜੂਨ ੧੭੨੩ ਈ.
"...੫੦ ਪਚਾਸ ਰੁਪਯੇ ਲੰਗਰ ਦੇ ਖਰਚ ਨੋ ਤੁਸਾਂ ਉਪਰ ਫੁਰਮਾਇਸ਼ ਹੋਈ ਹੈ... ਹੁੰਡੀ ਕਰਾਇ ਕੇ ਸਿਤਾਬੀ...ਹਜੂਰ ਭੇਜਣੀ...."
(ਗੁ. ਗਊ ਘਾਟ ਪਟਣਾ ਵਿਚ)

**੭੩ ਸ੍ਰੀ ਮਾਤਾ ਸੁੰਦਰੀ ਜੀ ਵਲੋਂ ਭਾਈ ਚੈਨ ਸਿੰਘ ਭਾਈ ਆਲਮ ਸਿੰਘ ਜੋਗੁ**
੧੭੮੦ ਬਿ. ਕੱਤਕ ੧੬, ੧੮ ਅਕਤੂਬਰ ੧੭੨੩ ਈ.
"ਭਾਈ ਲਾਲ ਪਾਲਾ ਤੁਮਾਰੇ ਪਾਸ ਆਏ ਹੈਨ ਭਾਈ ਸੰਗੋ ਨਾਲ ਇਨ ਕਾ ਲੇਖਾ ਹੈ ਧਰਮ ਨਿਆਉ ਕਰ ਕੇ ਫ਼ੈਸਲਾ ਕਰ ਦੇਵਣਾ..."
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

**੭੪ ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਸਰਬਤਿ ਕਬੀਲਾ ਭਾਈ ਰਾਮੇ ਕਾ ਜੋਗੁ**
੧੭੮... ੧੭...ਈ.
"...ਭਾਈ ਦੂਨਾ ਸੱਭਾ ਤੁਸੀਂ ਜੋ ਅਸਾਡੀ ਵਲੋਂ ਫਿਰਿ ਰਹੇ ਹੋ ਅਰੁ ਕਾਰ ਭੇਟ ਲੰਗਰ ਕੋ ਕਦੀ ਕਿਛੁ ਨਹੀਂ ਭੇਜਦੇ...."
(ਭਾਈ ਦੁਰਗਾ ਸਿੰਘ ਪਟਿਆਲਾ ਪਾਸ)

**੭੫ ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਭਾਈ ਆਲਮ ਸਿੰਘ ਜਮਾਇਤਦਾਰ ਜੋਗੁ**
੧੭੮੩ ਬਿ. ਅੱਸੂ ਵਦੀ ੧੦, ੧੦ ਸਤੰਬਰ ੧੭੨੬ ਈ.
"...ਗੁਰੂ ਪੂਰਾ ਤੁਸਾਡੀ ਤੇਗ ਦੇਗ ਫਤਹ ਕਰੇ... ਲੰਗਰ ਵਾਸਤੇ ਫ਼ੁਰਮਾਇਸ਼ ਦੇਖਦੇ ਹੀ ਸਿੰਘਾਂ ਪਾਸੋਂ ਕਾਰ ਕਰਿ ਕੈ ਹੁੰਡੀ ਕਰਵਾਇ ਗੁਰਬਖ਼ਸ਼ ਭਗਤੇ ਮੇਵੜੇ ਕੇ ਹਵਾਲੇ ਕਰਣੀ..."
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

**੭੬ ਸ੍ਰੀ ਮਾਤਾ ਸੁੰਦਰੀ ਜੀ ਵਲੋਂ ਕਬੀਲਾ ਭਾਈ ਰਾਮੇ ਕਾ ਜੋਗੁ**
੧੭੮੫ ਬਿ. ੧੩ ਅੱਸੂ, ੧੩ ਸਤੰਬਰ ੧੭੨੮ ਈ.
"...੨੧ ਇਕੀ ਰੁਪਯੇ ਤੁਸਾਡੇ ਸੂਰੇ ਮੇਵੜੇ ਕੀ ਮਾਰਫਤਿ ਹਜੂਰਿ ਪਹੁਤੇ..."
(ਪਿੰਡ ਭਾਈ ਰੂਪੇਕੇ ਵਿਚ)

**੭੭ ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਸੰਗਤਿ ਪਟਣਾ ਜੋਗੁ**
੧੭੮੫ ਬਿ. ਚੇਤ ਸੁਦੀ ੯, ੨੭ ਮਾਰਚ ੧੭੨੯ ਈ.
"...ਤੁਸੀਂ ਮੇਰੇ ਪੁਤ ਫ਼ਰਜ਼ੰਦ ਹਹੁ ਗੁਰੂ ਪੂਰਾ ਤੁਸਾਡੀ ਹਰ ਬਾਬ ਰਖਿਆ ਕਰੇ ਰੁਪਯੇ ਤਿਹਤਰ ਤੇਰਾ ਆਨੇ, ੭੩ ।।।-ਮਾਰਫ਼ਤਿ ਸਿੰਧੂ ਸਿੰਘ ਹਜੂਰ ਪਹੁਚੇ..."
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

੭੮ **ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਸਰਬਤਿ ਖਾਲਸਾ ਵਾਸੀ ਬਨਾਰਸ ਜੋਗੁ**
੧੭੮੬ ਬਿ. ਚੇਤ ਸੁਦੀ ੧੧, ੧੯ ਮਾਰਚ ੧੭੩੦ ਈ.
"...ਲੰਗਰ ਵਾਸਤੇ ਰੁਪੈ ੫੦ ਪੰਜਾਹਿ ਫੁਰਮਾਇਸ਼ ਕਾਰ ਕਰਿ ਹੁੰਡੀ ਮਾਰਫਤ ਭਾਈ ਸਿੱਧੂ ਸਿੰਘ ਮੇਵੜਾ ਹਜੂਰ ਭੇਜਣੀ..."
(ਗੁ. ਬੜੀ ਸੰਗਤਿ ਬਨਾਰਸ ਵਿਚ)

੭੯ **ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸਰਬਤਿ ਖਾਲਸਾ ਵਾਸੀ ਪਟਣੇ ਜੋਗੁ**
੧੭੮੭ ਬਿ. ੧੯ ਜੇਠ, ੧੭ ਮਈ ੧੭੩੦ ਈ
"...੨੧ ਇਕੀਸ ਰੁਪਯੇ ਕੀ ਹੁੰਡੀ ਤੁਸਾਂ ਭੇਜੀ, ਸੋ ਹਜੂਰਿ ਪਹੁਤੀ..."
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

੮੦ **ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸਰਬਤ ਖਾਲਸਾ ਵਾਸੀ ਪਟਣਾ ਜੋਗੁ**
੧੭੮੭ ਬਿ. ਭਾਦਉ ੯, ੧੦ ਅਗਸਤ ੧੭੩੦ ਈ.
"...ਪਚੀਸ ਰੁਪਯੇ ਬੇਬੇ ਨੂਪੀ ਕੀ ਲੜਕੀ ਨੋ ਬਿਆਹ ਨੋ ਬਖਸ਼ੇ ਹੈਨ ਤੁਸਾਂ ਹੁਕਮੁ ਦੇਖਦੇ ਨੂਪੀ ਨੋ ਦੇਵਣੇ !!!"
(ਸ੍ਰੀ ਹਰਿਮੰਦਰ ਸਾਹਿਬ ਪਟਣਾ ਵਿਚ)

੮੧ **ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਖਾਲਸਾ ਵਾਸੀ ਪਟਣ ਸ਼ੇਖ ਫਰੀਦ ਜੋਗੁ**
੧੭੮੭ ਪੋਹ ੭, ਦਸੰਬਰ ੭, ੧੭੩੦ ਈ.
"...ਗੁਰੂ ਕੇ ਨਮਿਤ ਕੀ...ਕਉਡੀ ਦਮੜੀ ਜੋ ਹੋਵੈ ਸੋ ਹੁੰਡੀ ਕਰਾਇ ਭੇਜਣੀ..."
(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)

੮੨ **ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਖ਼ਾਲਸਾ ਪਟਣ ਸ਼ੇਖ ਫਰੀਦ ਜੋਗੁ**
੧੭੮੮ ਪੋਹੋ ੨੩, ਦਸੰਬਰ ੨੩, ੧੭੩੧ ਈ.
"...੫ ਪੰਜ ਰੁਪਯੇ ਤੁਸਾਡੇ ਭਾਈ ਮਾਨ ਸਿੰਘ ਮੇਵੜੇ ਕੀ ਮਾਰਫਤ ਹਜੂਰ ਪਹੁਤੇ..."
(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)

੮੩ **ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਖ਼ਾਲਸਾ ਵਾਸੀ ਨਉਸ਼ਹਰਾ ਪੱਨੂਆਂ ਜੋਗੁ**
੧੭੮੯ ਬਿ. ਹਾੜ ੧, ੩੦ ਮਈ ੧੭੩੨ ਈ.
"...ਯਾਰਹ ਰੁਪਯੇ ਲੰਗਰ ਦੇ ਖਰਚ ਨੋ...ਸੋ ਹੁੰਡੀ ਕਰਾਇ ਕੇ ਰਾਮ ਸਿੰਘ ਮੇਵੜੇ ਕੇ ਮਾਰਫਤ ਹਜੂਰਿ ਭੇਜਣੀ..."
(ਨਉਸ਼ਹਰਾ ਪੱਨੂਆਂ ਵਿਚ)

੮੪ **ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਖਾਲਸਾ ਵਾਸੀ ਪਟਣ ਸ਼ੇਖ ਫਰੀਦ ਕਾ ਜੋਗੁ**
੧੭੮੯ ਬਿ. ੧੭ ਮੱਘਰ, ੧੭ ਨਵੰਬਰ ੧੭੩੨ ਈ.

"...੧੪ ਚਉਦਹ ਰੁਪਯੇ ਤੁਸਾਡੇ ਭਾਈ ਮਾਣ ਸਿੰਘ ਕੀ ਮਾਰਫਤ ਹਜੂਰਿ ਪਹੁਚੇ..."
(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)

੮੫ **ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਭਾਈ ਮਾਨ ਸਿੰਘ ਜੋਗੁ**
ਸ਼ੇਖ ਫਰੀਦ ਕਾ ਜੋਗੁ
੧੭੯੯ ਬਿ. ਮਾਘ ੧, ੩੦ ਦਸੰਬਰ ੧੭੩੪ ਈ.
"...ਭਾਈ ਬਿਨਤੇ ਦੀ ਮਾਰਫਤ ਖੂਹ ਪਟਣ ਸ਼ੇਖ ਫਰੀਦ ਦੇ ਵਿਚ ਨਵਾਂ ਬਣਵਾਇ ਦੇਵਣਾ ਜੋ ਕੁਛ ਲਗੈ ਸੋ ਸਰਕਾਰ ਦੇ ਲੇਖੇ ਲਾਵਣਾ..."
(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)

੮੬ **ਸ੍ਰੀ ਅਕਾਲ ਪੁਰਖ ਕੇ ਖਾਲਸੇ ਜੀ ਵਲੋਂ ਸਮੂਹ ਵਾਸੀ ਪਟਣ ਕੀ ਜੋਗੁ**
੧੮੧੬ ਬਿ. ਵਿਸਾਖ ੩, ੧੨ ਅਪਰੈਲ ੧੭੫੯ ਈ.
"...ਰੁਪਯੇ ਸਵਾ ਸਉ ੧੨੫) ...ਭਾਈ ਦਿਆਲ ਸਿੰਘ ਜੋਗ ਦੇਵਣੇ... ਹੋਰ ਗੁਰੂ ਕਾ ਦਸਵੰਦੁ ਚਲੀਹਾ ਕਾਰ ਭੇਟ... ਦੀਪਮਾਲਾ ਉਤੇ ਲੈ ਆਵਣਾ..."
(ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ)


੮੭ **ਤਖਤ ਸ੍ਰੀ ਹਰਿਮੰਦਰ ਸਾਹਿਬ ਪਟਣਾ ਵਲੋਂ ਸੰਗਤਿ ਵਾਸੀ ਕੰਤਨਗਰ ਮਹੇਸੂਏ ਆਦਿ ਜੋਗ**
੧੯੧੮ ਬਿ. ਮਾ ਸੁਦੀ ੫, ੪ ਫਰਵਰੀ, ੧੮੬੨ ਈ.
"...ਬਹੁਤ ਰੋਜ ਸੇ ਆਪ ਸਭਿ ਪਿਆਰੇ ਕੀ ਟਹਲ ਭਾਵਨੀ ਹਜੂਰ ਮੈ ਦਾਖਿਲ ਨਹੀਂ ਹੁਈ ਹੈ। ਹੋਰ ਈਹਾ ਝੰਡੇ ਜੀ ਸਾਹਿਬ ਕੀ ਔਰ ਪ੍ਰਕਰਮੇ ਕੇ ਫ਼੍ਰਸ ਕੀ ਟਹਲ ਹੋਨੀ ਬਹੁਤ ਜ਼ਰੂਰ ਹੈ ਸੋ ਆਪ ਸ੍ਰਬਤ ਕੀ ਕ੍ਰਿਤ ਭਾਵਨੀ ਸੇ ਹੋਗਾ...."
(ਗੁ. ਲਕਸ਼ਮੀਪੁਰ, ਜ਼ਿਲਾ ਪੂਰਨੀਆ ਵਿਚ)

# ਹੁਕਮਨਾਮੇ


ੴ
ਸਤਿਨਾਮੁ ਕਰਤਾ ਪੁਰਖ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ

੧

## ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਨੀਸ਼ਾਣੁ – ਮੂਲ ਮੰਤ੍ਰ



ਕਰਤਾਰਪੁਰ ਵਿਚ ਸੁਰੱਖਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਲਿਖੀ ਬੀੜ ਵਿਚੋਂ



ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਚ ਸੁਰੱਖਿਤ ਪ੍ਰਾਚੀਨ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ

੧


ੴ
ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿ-
ਰ ਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਸੈਭੰ
ਗੁਰ ਪਰਸਾਦਿ

ੴ
ਸਤਿਨਾਮੁ ਕਰਤਾ ਪੁਰਖੁ ਨਿਰ
ਭਉ ਨਿਰਵੈਰੁ ਅਕਾਲ ਮੂ
ਰਤਿ ਅਜੂਨੀ ਸੈਭੰ ਗੁਰ ਪ
ਰਸਾਦਿ —

## ੨

# ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਸੰਗਤਿ ਪਟਣ, ਆਲਮਗੰਜ, ਬੀਨਾ ਤੇ ਮੰਗੇਰ ਆਦਿ ਜੋਗ

"...ਇਕ ਦਾਸੀ ਰਹਣਾ...ਸੰਗਤਿ ਸਰਬਤਿ ਇਕ ਮੱਜਿਤਿ ਹੋਇ ਤਿਵੈਂ ਰਹਿਣਾ..."



[ਇਸ ਤੋਂ ਅਗਲੇ ਹਿੱਸੇ ਲਈ ਦੇਖੋ ਪੰਨਾ ੬੪]

੨


ਲਾਲ ਦਾਸ ਦੀ ੧ਓ ਗੁਰੁ ਸਤਿ
ਧੀ ਆਇਗੀ ਹੋਇ ਤਾਰਾ ਚੰਦ ਦਾ
ਬੋਹਤੁ ਮਾਨ ਰਖ ਖਸਮਾਨਾ
ਣਾ ਸੇਵਾ ਕਰਣੀ ਕਰਣਾ


ਭਾਈ ਜਾਪੁ ਭਾਈ ਗੁਰੁਦਾਸ ਭਾਈ ਲਾਲ ਭਾਈ ਸੰਗ
ਤੀਏ ਭਾਈ ਅਨੰਤਾ ਭਾਈ ਸਾਮਦਾਸੁ ਭਾਈ ਨਥਾ ਭਾਈ ਬਨਵਾਲੀ
ਭਾਈ ਨੀਨਾ ਭਾਈ ਗੁਜ਼ਭਾਨ ਭਾਈ ਸੇਠ ਜੈਤਾ ਭਾਈ ਮਥਰੇ ਅਨੰ
ਤੇ ਭਾਈ ਹਰਿਰਾਮ ਭਾਈ ਕੇਵਲ ਰਾਮੁ ਭਾਈ ਰਾਮਰਾਉ ਭਾਈ ਦਰਗਹ ਕੇਸੁ
ਭਾਈ ਮਨੋਹਰੇ ਭਾਈ ਪਖਰੀਏ ਭਾਈ ਜਗਜੀਵਨੁ ਭਾਈ ਰਾਮੁਰਾਇ
ਭਾਈ ਗੋਪੀ ਭਾਈ ਕਿਰਪਾਲੇ ਭਾਈ ਬਨਾਰਸੀਏ ॥ ਕਲਿਆਣੇ
ਭਾਈ ਗੰਗੇ ॥ ਜਗ ਜੀਵਨ ਭਾਈ ਬਾਲੇ ॥ ਸੁਕੇਰ ॥ ਜੈਰਾਮੁ ॥
ਹਰਿਦੇ ਰਾਮ ॥ ਡੇਡੇ ॥ ਬਿਹਾਰੀ ॥ ਦਿਆਲੇ ॥ ਬਲ ॥ ਜਗ ਦਾਸੁ
ਮਹੇਸੇ ॥ ਚੇਤੂ ॥ ਕਲਿਆਣੇ ॥ ਉਤਮ ॥ ਦਿਆਲ ਚਢਾ ॥ ਉਤਮ ਹਰੁ
ਦੁਆਰੇ ॥ ਦੁਆਰਕਾ ਦਾਸੁ ॥ ਮੋਹਣ ਦਾਸੁ ॥ ਨਿਹਾਲ ॥ ਗੋਪੀ ॥ ਸੁੰਦਰੁ
ਸੰਗਤੀਏ ॥ ਜਾਪੁ ॥ ਸੁੰਦਰ ਗੁਰੁਦਾਸ ਬਾਸੁ ॥ ਕਿਸਨ ॥ ਧਰਮਾ
ਪਿਰਥੀ ਮਲ ॥ ਦਰਗਹ ਮਲ ॥ ਹਰਦਾਸੁ ॥ ਫਿਰੰਦੇ ॥ ਰਾਊ ॥

ਗੁਰਦਾਸ ॥ ਸਾਈਦਿੱਤਾ ॥ ਸਰਬਤ ਸੰਗਤਿ ਪਟਣੇ ਕੀ ਤਥਾ ਆਲ-
ਮ ਗੰਜ ਦੀ ॥ ਸ਼ੇਰਪੁਰ ਕੀ ॥ ਬੀਨੇ ॥ ਮੁਗੇਰ ਕੀ ਸੰਗਤਿ
ਪਰਮਾਨੰਦ ਕੇ ਵਾੜੇ ਪਾਸੇ ਲਿਖਤੇ ਗੁਰੂ ਹਰਿ ਗੁਬਿੰਦ

[ਇਸ ਤੋਂ ਅਗਲੇ ਹਿੱਸੇ ਲਈ ਦੇਖੋ ਪੰਨਾ ੬੫]

[ਪੰਨਾ ੬੨ ਤੋਂ ਅੱਗੇ]





[ਸ੍ਰੀ ਹਰਮੰਦਿਰ ਸਾਹਿਬ ਪਟਨਾ ਵਿਚ]


[ਪੰਨਾ ੬੩ ਤੋਂ ਅੱਗੇ]

ਕਰਤਾਰ ਕਰਤਾਰ ਵਾਚਣੀ ਗੁਰੂ ਤੁਸਾਡੀ ਲਾਜ ਰ
ਖਗੁ ਗੁਰੂ ਗੁਰੂ ਜਪਣਾ ਜਨਮੁ ਸਵਰੁ ਸੰਗ
ਤ ਦੀ ਕਾਮਨਾ ਗੁਰੂ ਪੂਰੀ ਕਰੇਂਗੇ ਸੰਗਤੀ ਦਾ
ਰੁਜ਼ਗਾਰੁ ਹੋਗੁ ਇਕ ਦਾਸੀ ਰਹਣਾ ਮਾਸੁ ਮਛੀ ਦੇ ਨੇੜੇ
ਨਹੀ ਆਵਣਾ ਸੰਗਤਿ ਦੀ ਚੀਠੀ ਪਹੁਤੀ ਹਕੀਕਤਿ ਸਭ
ਮਾਲੂਮ ਹੋਈ ਸੰਗਤਿ ਦੀ ਮਨਸਾ ਪੂਰੀ ਹੋਗੁ ਗੁਰੂ
ਦੀ ਆਗਿਆ ਹੋਇ ਸੰਗਤਿ ਸਰਬਤਿ ਇਕ ਮਜ
ਤਿ ਹੋਹਿ ਤਿਵੇ ਰਹਣਾ ਜਾਪੇ ਗੁਰਦਾਸ ਨਾਲ ਲਾਗ ਰਹ
ਣਾ ਕਾਰਵਾਰ ਇਨਾ ਨੋ ਦੇਂਦਿਆਂ ਰਹਣਾ ਸੰਗਤੀ ਉਪ
ਰਿ ਗੁਰੂ ਦੀ ਖਰੀ ਖੁਸੀ ਹੋਇ ਸੰਗਤੀ ਦਾ ਰੁਜਗਾਰੁ ਹੋ
ਗਾ ਸੰਗਤਿ ਆਪ ਵਿਚਿ ਇਕਤੁ ਕਰਣਾ ਸੰਗ
ਤੀ ਦੀ ਖਰੀ ਖੁਸੀ ਗੁਰੂ ਦੀਨਾ ਦੇ ਹੋਂਦੇ ਹੋਇ ਸਭ ਮੇਰੇ
ਪੁਤ ਹੈਨਿ ਸਭਨਾ ਇਕਤੇ ਜੀਐ ਹੋਣਾ
ਆਗੇ ਕਾਰਵਾਰੁ ਲੇ ਦੇ ਹਥ ਲਿਖਿ ਭੇਜੀ ਹੋਇ ਓਹ
ਸਭ ਕਾਰ ਕਰਿ ਭੇਜਣੀ ॥ ਇਲਾਇਚੇ ਮੁਲ ਦਹਾ
ਦਸ ੧੦ ਮੈਥੇ ਭੇਜਣੇ ॥ ਇਕੇ ਬਾਸਲਾ ਗਾ
ੜੇ ਦਾ ਭਰਿ ਭੇਜਣਾ ਜਿਥਹੁ ਕਿਥਹੁ ਟੋਲ ਭੇਜਣੇ
ਇਕ ਜੋੜੀ ਕੋਇਲ ਦੇ ਬਚੇ ਪਾਲਣੇ ਵਡੇ ਹੋਨਿ ਬੋਲ
ਣਿ ਲਗਨਿ ਤਾਂ ਪਿੰਜਰੇ ਵਿਚਿ ਪਾਇ ਕੇ ਭੇਜਣੇ ਇਕ
ਜੋੜਾ ਪਟਣੇ ਦੇ ਕੁਕੋ ਕਬੂਤਰ ਭੇਜਣੇ ਬਹੁਤ
ਦਮ ਪਕੜਨਿ ਟੋਲ ਕੇ ਭਾਲ ਭੇਜਣੇ
ਭਾਈ ਦਿਆਲੇ ਗੁਰੂ ਤੇਰੀ ਰਖੇਗੇ ਤੇਰਾ ਪਗਟ ਪਹੁਤਾ
ਗੁਰੂ ਥਾਇ ਪਾਇਆ ਬਾਈਹ ਰੁਪਯੇ ਭੇਟ ਪਹੁਤੀ ੨੨) ੧੫)
ਗੁਰੂ ਸਭ ਥਾਇ ਭਾਈ ਤੁਸਾਡਾ ਜੀਉ ਪਿੰਡ ਸਭ ਗੁ
ਰੂ ਦਾ ਹੋਇ

## ੩

# ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦਾ ਹੁਕਮੁ

"...ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹੋਇ...
...ਤੁਸਾਂ ਸਭਨਾਂ ਰਲ ਕੇ ਗੁਰਪੁਰਬ ਦੀ ਕਾਰ ਕਰਣੀ......"



[ਸ੍ਰੀ ਹਰਿਮੰਦਿਰ ਸਾਹਿਬ ਪਟਨਾ ਸ਼ਹਿਰ]

## ੩

ਗੁਰੂ ਗੁਰੂ ਜਪਣਾ
ਜਨਮੁ ਸ
ਵਰੂ

੧ ਓ ਸਤਿ ਗੁਰੂ


ਦੁਇ ਜੋੜੀ ਕੁਕੋ ਖਰੇ ਭਾਲਿ ਬਹੁਤ ਦਮ ਪਕੜਦੇ ਹੋਨ ਉਹ ਟੋਲ ਕੇ ਭੇਜਣੇ ਜਹ ਕਹਾ ਤੇ
ਭੇਜਣੇ ਚਗੇ ਟੋਲ ਕੇ ਭੇਜਣੇ

ਭਾਈ ਜਾਪੂ ਭਾਈ ਗੁਰਦਾਸੁ ਭਾਈ ਮੁਰਾਰੀ ਭਾਈ ਜੈਤਾ ਭਾਈ ਦਿਆਲਾ
ਗੁਰੂ ਗੁਰੂ ਜਪਣਾ ਜਨਮੁ ਸਵਰੈ । ਸੰਗਤਿ ਦੀ ਕਾਮਨਾ ਪੂਰੀ ਹੋਗੁ
ਸੰਗਤੀ ਦਾ ਰੁਜਗਾਰੁ ਹੋਗੁ ਸੰਗਤਿ ਕੀ ਕਾਰ ਜੁ ਲੇਹਗੁ ਗੁਰੂ ਦੀ ਆ
ਗਿਆ ਹੋਇ ਕੀਰਤਨੁ ਕਰਣਾ ਇਕ ਦਾਸ ਭਲੀ ਜੁਗਤਿ ਰਹਣਾ ਮਾਸੁ
ਮਛੀ ਦੇ ਨੇੜੇ ਨਹੀਂ ਆਵਣਾ । ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ
ਹੈਇ ਉਪਰੰਤਿ ਗੁਰੂ ਦੀ ਆਗਿਆ ਹੈਇ ਭਾਈ ਜਾਪੂ ਭਾਈ ਗੁਰਦਾਸੁ ਤੁਸਾ ਸ
ਭਨਾ ਰਲਕੇ ਗੁਰਪੁਰਬ ਦੀ ਕਾਰ ਕਰਣੀ ਜਿਸ ਦਾ ਰੁਪਯਾ ਗੁਰੂ ਦੀ ਕਾਰ ਵਿ
ਚਿ ਪਵੈਗੁ ਤਿਸ ਦਾ ਗੁਰੂ ਦੀ ਦਰਗਹ ਥਾਇ ਪਵਗੁ ਤਿਸੁ ਨੋ ਕਦੇ ਕਿਛੁ ਥੁੜ
ਨ ਹੋਸਉ ਏ ਹਵਾਲ ਸਵ ਕੀ ਹੋਇ ਰੁਪਯੇ ਸਇ ਸਤਿ ਦੀ ਹੁੰਡੀ ਕਰਿ ਭੇਜਣੀ
ਪੰਦਰਹ ਜੋੜੇ ਮੈਨੋ ਸਵਾਇ ਭੇਜਣਾ ਪੰਦਰਹ ਬਾਬਾ ਜੀਉ ਨੋ ਸਵਾਇ ਭੇਜਣਾ

## ੪

## ਸ੍ਰੀ ਬਾਬਾ ਗੁਰਦਿੱਤਾ ਜੀ ਵਲੋਂ ਭਾਈ ਜਾਪੁ ਤਥ ਗੁਰਦਾਸ ਜੋਗੁ

"...ਸ੍ਰੀ ਗੁਰੂ ਕਾ ਹੁਕਮ ਹੋਇ ਗੁਰੂ ਕੇ ਨਾਵੇ ਵਿਚ ਰਹਣਾ ਜਿਸ ਤੇ ਜਨਮ ਸਵਰੇ......"



[ਸ੍ਰੀ ਹਰਿਮੰਦਿਰ ਸਾਹਿਬ ਪਟਨਾ ਵਿਚ]

## ੪

ਗੁਰ ਰਖਗ

ਗੁਰੂ ਗੁਰੂ ਜ
ਪਣਾ ਜਨਮੁ
ਸਵਰੇ ਸਹੀ ਕਰ ਮਨਣਾ


੧ ਓ ਸਤਿਗੁਰੂ

ਮਹਾ ਸ੍ਰੀ ਭਾਈ ਜਾਪੂ ਤਥਾ ਗੁਰਦਾਸ ਤ
ਥਾ ਸ੍ਰਬਤ ਸੰਗਤੀ ਪਾਸੇ ਲਿਖਤੇ ਸ੍ਰੀ
ਗੁਰਦਿਤਾ ਜੀ ਕਰਤਾਰ ਕਰਤਾਰ ਵਾਚਣੀ
ਉਪਰੰਤਿ ਸ੍ਰੀ ਗੁਰੂ ਕਾ ਹੁਕਮੁ ਹੈਇ
ਗੁਰੂ ਕੇ ਨਾਵੈ ਵਿਚਿ ਰਹਣਾ ਜਿਸ ਤੇ
ਜਨਮ ਸਵਰੇ ਗੁਰਦਿਤੇ ਮੁੰਜਹ

## ੫

## ਨੀਸ਼ਾਣੁ ਸੱਤਵੇਂ ਗੁਰੂ ਹਰਿ ਰਾਇ ਜੀ ਦਾ

ਸੰਮਤ ੧੭੧੬ ਬਿ. (ਸਨ ੧੬੫੯ ਈ.) ਵਿਚ ਲਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ



[ਸ੍ਰੀ ਬਾਬਾ ਰਾਮਰਾਇ ਸਾਹਿਬ ਜੀ ਦੇ ਡੇਰੇ ਦੇਹਰਾਦੂਨ ਵਿਚੋਂ ਉਲੀਕ
ਜੀ. ਬੀ. ਸਿੰਘ, ੯੫/੨]

# ੫

ੴ


ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥

੬

ਹਰਿਕਿਸਨ

## ਅਠਵੇਂ ਗੁਰੂ ਹਰਿ ਕ੍ਰਿਸ਼ਨ ਜੀ ਦੀ ਆਗਿਆ
## ਸੰਗਤਿ ਪਟਣ [ਫਰੀਦ ਕੇ] ਦੀ ਜੋਗ

"...ਸੰਗਤਿ ਧਰਮਸਾਲਿ ਆਵਦੇ ਰਹਣਾ ਆਰਤੀ ਸੋਹਲਾ ਕਰਣਾ..."


੧ਓ ਸਤਿਗੁਰੁ

[ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ]

ਇਸ ਹੁਕਮਨਾਮੇ ਦੀ ਲਿਖਾਈ ਗੁਰੂ ਹਰਿਕਿਸਨ ਜੀ ਦੀ ਨਹੀ,
ਕਿਸੇ ਲਿਖਾਰੀ ਦੀ ਹੈ

# ੬


ੴ ਸਤਿਗੁਰੂ

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀਉ ਦੀ ਆਗਿਆ ਹੈ ਭਾਈ ਅਣੀ ਰਾਇ ਭਾਈ ਜਸੁ ਭਾਈ ਰੰਗਾ ਭਾਈ ਹਜ਼ੂਰੀ ਭਾਈ ਨਿਹਚਲੁ ਸਰਬਤ ਸੰਗਤਿ ਪਟਣ ਦੀ ਤੁਸਾ ਭੇਟ ਭਾਈ ਬਠੇ ਹਥਿ ਭੇਜੀ ਸੀ ਸੋ ਪਹੁਤੀ ਹਜ਼ੂਰਿ ਮੁਜਰਾ ਹੋਆ ਸ੍ਰੀ ਗਰੂ ਜੀਉ ਦੀ ਖੁਸ਼ੀ ਹੋਈ ਨਿਹਾਲੁ ਹੋਏ ਗੁਰੂ ਸੰਗਤਿ ਦੀ ਬਾਹੁੜੀ ਕਰੈਗਾ ਸੰਗਤ ਦਾ ਗੁਰੂ ਰੁਜਗਾਰੁ ਕਰੈਗਾ ਸਭ ਮੁਨੋਰਥ ਪੂਰੇ ਹੋਨਗੇ ਭੇਜਦੇ ਰਹਣਾ ਭੇਟ ਸੰਗਤ ਧਰਮਸਾਲ ਆਵਦੇ ਰਹਣਾ ਆਰਤੀ ਸੋਹਲਾ ਕਰਣਾ ਸ੍ਰੀ ਗੁਰੁ ਜੀਉ ਦੀ ਖਰੀ ਖੁਸੀ ਹੈ ਗੁਰੂ ਸੰਗਤ ਦੀ ਬਾਹੁੜੀਕਰੈਗਾ ਤੁਸਾ ਉਪਰਿ ਖੁਸ਼ੀ ਹੈ ॥

੭

# ਨੀਸਾਣੁ ਗੁਰੂ ਤੇਗ ਬਹਾਦੁਰ

ਸੰ. ੧੭੨੮ ਬਿ. ਭਾਦੋਂ ੧੦ (੧੧ ਅਗਸਤ, ੧੬੭੧ ਈ.) ਨੂੰ ਸੰਪੂਰਨ ਹੋਈ ਪੋਥੀ ਵਿਚੋਂ



[ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ]

੭


ੴ ਗੁਰਸਤਿ

ਸਤਿ ਨਾਮੁ ਕਰਤਾ
ਪੁਰਖ ਨਿਰਭਉ
ਨਿਰਵੈਰ ਅਕਾਲ
ਮੂਰਤਿ ਅਜੂਨੀ
ਸੈਭੰ ਗੁਰ ਪਰਸਾਦਿ

੮

## ਨੌਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਵਲੋਂ ਸੰਗਤਿ ਪਟਣ ਕੀ ਜੋਗੁ

''ਸਰਬਤਿ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ...
ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਦਾ ਖਾਲਸਾ ਹੈ...''



[ਸਿੱਖ ਰੈਫਰੈਂਸ ਲਾਇਬਰੇਰੀ-ਅੰਮ੍ਰਿਤਸਰ]

## ੮

[ਗੁਰੂ ਜੀ ਦੀ ਲਿਖਤ]

ਗੁਰੂ ਰਖੇਗਾ ਭਾਈ ਬਠਾ ਸਰਬਤਿ ਸੰਗਤਿ ਪਟਣ ਦੀ
ਗੁਰੂ ਸੰਗਤਿ ਕੀ ਬਾਹੁੜੀ ਕਰੇਗਾ ਸੰਗਤੁ ਦਾ
ਗੁਰੂ ਰੁਜਗਾਰੁ ਕਰੇਗਾ ਸਭੁ ਮਨੋਰਥ ਪੂਰੇ
ਹੋਨਗੇ ਸਰਬਤਿ ਸੰਗਤਿ ਦੀਵਾ
ਲੀ ਨੋ ਦਰਸਨਿ ਆਵਣਾ ਜੁ
ਸਿਖ ਦਰਸਨਿ ਆਵਗੁ ਸੋ ਨਿਹਾਲ ਹੋਗੁ
ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਕਾ ਖਾ
ਲਸਾ ਹੇ ਗੁਰੂ ਸਰਬ ਸੁਖ ਦੇਗੁ ਭਾਈ ਬਠਾ
ਸ੍ਰੀ ਗੁਰੂ ਜੀ ਕਾ ਪੁਤੁ ਹੇ ਜੁ ਆਖੇ ਸਰਬਤਿ ਸੰਗਤਿ ਮਨਣਾ ਬਾਹੁੜੀ

[ਲਿਖਾਰੀ ਦੀ ਲਿਖਤ]


੧ਓ ਸਤਿਗੁਰੂ

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਬਠਾ ਸਰਬਤ ਸੰਗਤਿ ਪਟਣ ਦੀ ਗੁਰੂ ਸੰਗਤਿ ਦੀ ਬਾਹੁੜੀ ਕਰੈਗਾ ਸੰਗਤ ਦਾ ਗੁਰੂ ਰੁਜਗਾਰੁ ਕਰੈਗਾ ਸਭ ਮਨੋਰਥ ਪੂਰੇ ਹੋਨਗੇ ਸਰਬਤ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ ਜੋ ਸਿਖ ਦਰਸਨਿ ਆਵਗੁ ਸੋ ਨਿਹਾਲੁ ਹੋਗੁ ਪਟਣ ਦੀ ਸੰਗਤਿ ਸ੍ਰੀ ਗੁਰੂ ਜੀਉ ਦਾ ਖਾਲਸਾ ਹੈ ਗੁਰੂ ਸੰਗਤਿ ਨੋ ਸਰਬ ਸੁਖ ਦੇਗੁ ਭਾਈ ਬਠਾ ਸ੍ਰੀ ਗੁਰੂ ਪੁਤੁ ਹੈ ਜੁ ਆਖੈ ਸਰਬਤਿ ਸੰਗਤਿ ਮਨਣਾ ਖੁਸੀ ਹੈ

# ੯

## ਨੌਂਵੇਂ ਗੁਰੂ ਤੇਗ ਬਹਾਦੁਰ ਜੀ ਦਾ ਹੁਕਮ ਸੰਗਤਿ ਬਨਾਰਸ ਜੋਗੁ

"...ਭਾਈ ਕਲਿਆਨ ਦਾਸੁ ਦਾ ਹਰਿ ਭਾਂਤਿ ਖਸਮਾਨਾ ਕਰਣਾ.."



[ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ]

## ੯


ਗੁਰੂ ਸਤਿ

ਭਾਈ ਜਵੇਹਰਿ ਮਲੁ ਸਰਬਤਿ ਸੰਗਤਿ ਬਨਾਰਸ ਕੀ ਗੁ.
ਰੂ ਰਖੈਗਾ ਭਾਈ ਕਲਿਆਣਿ ਦਾਸੁ ਹਜੂਰਿ ਆਇਆ ਸੰਗ
ਤਿ ਕਾ ਮੁਜਰਾ ਦਿਤਾ ਭਾਈ ਕਲਿਆਨ ਦਾਸੁ ਦਾ ਹਰਿ ਭਾਂਤਿ
ਖਸਮਾਨਾ ਕਰਣਾ ਨਿਹਾਲੁ ਹੋਏ

## ੧੦

# ਨੌਵੇਂ ਗੁਰੂ ਤੇਗ਼ ਬਹਾਦੁਰ ਦਾ ਹੁਕਮ, ਭਾਈ ਜਵੇਹਰੀ ਸੰਗਤ (ਬਨਾਰਸ) ਜੋਗੁ

"...ਸਿਰੀਧਰ ਕੀ ਸੰਗਤਿ ਸੇਵਾ ਕਰਣੀ ਅਲੂਫਾ...ਦੇਣਾ..."



[ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ]

## ੧੦

ੴ ਸਤਿ

ਭਾਈ ਜਵੇਹਰੀ ਸਰਬਤਿ ਸੰਗਤਿ ਗੁਰੂ ਰਖੈਗਾ
ਸਿਰੀਧਰ ਕੀ ਸੰਗਤਿ ਸੇਵਾ ਕਰਣੀ ਅਲੂਫਾ
ਸਿਰੀਧਰ ਨੋ ਦੇਣਾ ਸਿਰੀਧਰ ਜਿਤ ਵੇਲਾ ਚੰਗਾ
ਹੋਵੇਗਾ ਤਾ ਪਟਣੇ ਪਹੁਚਾਇ ਦੇਣਾ
ਸੰਗਤਿ ਕਾ ਭਲਾ ਹੋਗੁ

ਅਲੂਫਾ ਸਰਬਤਿ ਸੰਗਤਿ

ਸੰਗਤਿ ਕਾ ਭਲਾ ਹੋਗੁ


ਅਲੂਫਾ

ਸਿਰੀਧਰ ਨੋ ਦੇਣਾ

## ੧੧

# ਨੌਵੇਂ ਗੁਰੂ ਤੇਗ ਬਹਾਦੁਰ ਦਾ ਹੁਕਮ ਸੰਗਤਿ ਬਨਾਰਸ ਜੋਗੁ

"...ਕਾਰਬਾਰ ਲੋਚ ਕੇ ਸੰਗਤਿ ਭਾਈ ਜਵੇਹਰੀ ਨੋ ਦੇਣੀ...ਜਵੇਹਰੀ ਭਾਈ ਦਿਆਲ ਦਾਸ ਪਾਸ ਪਹੁਚਾਵੇਗਾ ਹਜੂਰਿ ਪਹੁਚੇਗੀ..."



[ਗੁਰਦਆਰਾ ਬੜੀ ਸੰਗਤਿ ਬਨਾਰਸ ਵਿਚ]

## ੧੧

ੴ ਸ੍ਰੀ ਸਤਿਗੁਰ ਪ੍ਰਸਾਦਿ ।

ਗੁਰਸਤਿ

ਭਾਈ ਜਵੇਹਰੀ ਭਾਈ ਕਿਰਪਾਲ ਦਾਸ ਭਾਈ ਜਟਮਲੁ
ਭਾਈ ਰਾਮਾ ਜਾਦੋ ਘਾਸੀ
ਭਾਈ ਕਲਿਆਨ ਦਾਸ ਭੋਤੀ ਸੇਠੇ ਭਾਈ ਬਾਬੂ ਰਾਇ
ਭਿਖਾਰੀ ਦਾਸ ਮਹਾਰਾਜ ਦਲਪਤਿ ਦਾਸ ਹੀਰਾ ਮੰਨ ਦੁਰਗ ਦਾਸ
ਗੰਗਾ ਰਾਮ ਰਘੁਨਾਥ ਮਹਾਂਨੰਦ ਸਰਬਤਿ ਸੰਗਤਿ ਬਨਾਰਸ ਕੀ
ਗੁਰੂ ਰਖੇਗਾ ਕਾਰਬਾਰ ਲੋਚ ਕੇ ਸੰਗਤਿ ਭਾਈ ਜਵੇਹਰੀ ਨੋ ਦੇਣੀ
ਜਵੇਹਰੀ ਭਾਈ ਦਿਆਲ ਦਾਸ ਪਾਸ ਪਹੁਚਾਵੇਗਾ ਹਜੂਰਿ ਪਹੁਚੇਗੀ
ਸੰਗਤਿ ਕਾ ਭਲਾ ਹੋਗੁ ਸੇਵਾ ਕੀ ਵੇਲਾ ਹੇ

## ੧੨


# ਨੌਵੇਂ ਗੁਰੂ ਤੇਗ ਬਹਾਦੁਰ ਜੀ ਵਲੋਂ
## ਭਾਈ ਦਿਆਲ ਦਾਸ ਰਾਮਰਾਇ ਜੋਗੁ

"...ਕੂਚ ਕੀਏ ਹਮ ਕੋ ਚਾਰ ਦਿਨ ਹੋਏ ਹਹਿ ਰਾਜੇ ਜੀ ਕੇ ਕੂਚ ਕੀਏ ਸਾਤ ਰੋਜ਼ ਹੂਏ ਹੇ...ਰਾਤ ਰਾਤ ਕਰਿ ਕੈ ਬਹੁਤ ਸਿਤਾਬੀ ਸਾਥ ਹਮਾਰੇ ਪਾਸ ਆਇ ਪਹੁਚਣਾ... ਢੀਲ ਪਾਉ ਘੜੀ ਕੀ ਨਾਹੀ ਕਰਣੀ..."

[ਜਾਂਦਿਆਂ ਰਾਹ-ਮੁਕਾਮ ਤੋਂ]

ਤੀ

ਸਿਤਾਬੀ



ਪਾਉਘੜੀ

[ਹਰਿਮੰਦਿਰ ਸਾਹਿਬ ਪਟਣਾ ਸ਼ਹਿਰ]

## ੧੨

ਹਮ ਤੁਮਾਰਾ ਬੈਠੇ ਰਾਹ ਦੇ
ਖੜੇ ਹਾ ਬਹੁਤ
ਸਿਤਾਬ ਆਵਣਾ
ਗੁਰੂ ਸੰਗਤਿ ਦੀ ਬਾਹੁੜੀ ਕਰੇਗਾ


੧ ਓ ਗੁਰੂ ਸਤਿ

ਭਾਈ ਦਿਆਲਦਾਸੁ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਡੇਡਮਲ
ਸਰਬਤਿ ਸੰਗਤਿ ਗੁਰੂ ਰਖੇਗਾ
ਕੂਚ ਕੀਏ ਹਮ ਕੋ ਚਾਰ ਦਿਨ ਹੋਏ ਹਹਿ ਰਾਜੇ ਜੀ ਕੇ ਕੂਚ ਕੀਏ ਸਾਤ ਰੋਜ
ਹੂਏ ਤੁ ਤੁਮਾਰੇ ਵਾਸਤੈ
ਹਮੋ ਨੇ ਮੁਕਾਮ ਕੀਏ ਹੈ ਰਾਤ ਰਾਤ ਕਰਿ-ਕੈ ਬਹੁਤ ਸਿਤਾਬੀ ਸਾਥ ਹਮਾਰੇ
ਪਾਸ ਆਇ ਪਹੁਚਣਾ
ਦਉੜਨ ਵਾਲਾ ਕੋਸਾ ਕਰਿ-ਕੇ ਆਠ ਪਹਰ ਮੋ ਆਇ ਪਹੁਚਣਾ ਢੀਲ ਪਾਉ
ਘੜੀ ਕੀ ਨਾਹੀ ਕਰਣੀ।

## ੧੩

# ਨੌਵੇਂ ਗੁਰੂ ਤੇਗ ਬਹਾਦਰ ਜੀ ਵਲੋਂ ਸੰਗਤਿ ਪਟਣਾ ਦੇ ਨਾਮ

"...ਅਸੀਂ ਪਰੈ ਰਾਜੇ ਜੀ ਕੇ ਸਾਥ ਗਏ ਹਾਂ...
ਕਬੀਲਾ ਹਮੋ ਪਟਣੇ ਮੋ ਛੋਡਾ ਹੈ... ਕੋਈ ਅਵਲ ਹਵੇਲੀ ਹੋਵੇ ਬਡੀ...
ਤਿਸ ਮੋ ਕਬੀਲੇ ਹਮਾਰੇ ਰਖਣੈ..."



[ਹਰਿਮੰਦਿਰ ਸਾਹਿਬ ਪਟਨਾ ਸ਼ਹਿਰ]

## ੧੩

ਕੋਈ ਅਵਲ ਹਵੇਲੀ
ਹੋਵੈ ਬਡੀ ਹੋਵੈ ਤਿਸ ਮੋ
ਕਬੀਲੇ ਹਮਾਰੇ ਰਖਣੈ
ਸੰਗਤਿ ਕੇ ਗੁਰੂ ਰੁਜਗਾਰ ਮੋ
ਬਰਕਤਿ ਕਰੈਗਾ ਸੇਵਾ
ਕੀ ਵੇਲਾ ਹੈ


ਗੁਰੂ ਸਤਿ

ਭਾਈ ਦਿਆਲ ਦਾਸੁ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖ
ਭਾਈ ਮਿਹਰਚੰਦ ਭਾਈ ਸੋਭ ਚੰਦੁ
ਭਾਈ ਜੇਠਮਲੁ ਭਾਈ ਡੇਡਮਲੁ ਭਾਈ ਪਹਲਾਦ ਦਾਸੁ ਭਾਈ ਬੰਸੀ
ਭਾਈ ਮੁਰਲੀਧਰੁ ਭਾਈ ਰਾਘੋ ਦਾਸੁ ਭਾਈ ਦੀਨਾ ਨਾਥ
ਭਾਈ ਮੋਹਨਦਾਸੁ ਭਾਈ ਪਰੀਤਮਦਾਸੁ ਭਾਈ ਨੰਦ ਕੁਆਰ ਭਾਈ ਮਿਹਰਚੰਦੁ
ਭਾਈ ਪਰਾਨ ਨਾਥ ਭਾਈ ਮੁਰਲੀਧਰ ਭਾਈ
ਸਿੰਘਾ ਭਾਈ ਸਦਾਨੰਦ ਭਾਈ ਕਲਵਨੈਨ ਭਾਈ ਰਾਮਰਾਇ ਭਾਈ ਲਾਲਮਨ
ਭਾਈ ਛਬੀਲ ਦਾਸੁ ਭਾਈ ਬਾਲ ਗੋਬਿੰਦ
ਭਾਈ ਅਮਾਲੀਆ ਭਾਈ ਕਿਰਪਾਲੁ ਭਾਈ ਬੈਜਨਾਥੁ ਭਾਈ ਸੰਗਤਿ ਦਾਸੁ
ਭਾਈ ਝਬਰ ਸਿੰਘ ਬੇਬੇ ਪੇੜੀ ਬਾਈ
ਭਾਈ ਰਾਮਚੰਦੁ ਭਾਈ ਭਗਵਾਨ ਦਾਸੁ ਗੁਜਰਮਲੁ ਭਾਈ ਜਗਦੇਉ
ਭਾਈ ਭੋਜਰਾਇ ਭਾਈ ਦਲਪਤ ਦਾਸੁ ਭਾਰਾ ਦਰੀਆ
ਚਿੰਤਾ ਬਿੰਦਰਾਬਨ ਪਰਾਨ ਨਾਥ ਸਰਬਤਿ ਸੰਗਤਿ ਪਟਣੇ ਕੀ ਸੂਬੇ ਕੀ ਗੁਰੂ
ਰਖੈਗਾ ਜਿਨ ਸਿਖ ਵਾਹਗੁਰੂ
ਕੀਤਾ ਹੈ ਤਿਸ ਕੇ ਮਨੋਰਥ ਗੁਰੂ ਪੂਰੇ ਕਰੈਗਾ ਅਸੀ ਪਰੈ ਰਾਜੇ ਜੀ ਕੇ ਸਾਥ
ਗਏ ਹਾਂ ਕਬੀਲਾ ਹਮੋ ਪਟਣੈ
ਮੋ ਛੋਡਾ ਹੈ ਜਿਨ ਸਿਖ ਵਾਹਗੁਰੂ ਕੀਆ ਹੈ ਤਿਨ ਸੇਵਾ ਕਰਣੀ ਪੈਸੇ ਕੀ
ਮੁਹਰ ਥਾਇ ਪੜੈਗੀ ਸੰਗਤ
ਕੀ ਸੇਵਾ ਕੀ ਵੇਲਾ ਹੈ ਜੁ ਸਿਖ ਸੇਵਾ ਕਰੇਗਾ ਤਿਸ ਕੇ ਰੁਜਗਾਰ ਮੋ ਬਰਕਤਿ
ਹੋਵੇਗੀ ਸੇਵਾ ਕਾ ਵਖਤ ਹੈ

## ੧੪

## ਨੌਵੇਂ ਗੁਰੂ ਜੀ ਦਾ ਹੁਕਮ ਸੰਗਤਿ ਬਨਾਰਸ ਕੀ ਤੇ ਸੂਬੇ ਕੀ ਜੋਗ

"...ਪਿਛੇ ਕਾਰ ਭਾਈ ਦਿਆਲ ਦਾਸ ਪਾਸ ਭੇਜੀ ਥੀ ਸਭ ਹਜੂਰਿ ਪਹੁੰਚੀ ਭਾਈ ਦਿਆਲ ਦਾਸ ਕਹੇ ਸੰਗਤਿ ਗੁਰੂ ਕਾ ਹੁਕਮੁ ਕਰਿ ਮੰਨਣਾ..."



[ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ]

## ੧੪

੧ੴ ਸਤਿਗੁਰੂ

ਦਾਸ ਕਹੇ ਸੰਗਤਿ ਗੁਰੂ ਕਾ
ਹੁਕਮ ਕਰਿ ਮਨਣਾ ਆਗੈ
ਜਿਸ ਸਿਖ ਪਾਸ ਗੁਰੂ ਕੇ ਨਮਿਤ
ਕੀ ਵਥੁਤੀ ਹੋਵੇ ਕਾਰ ਭੇਟ
ਸਭ ਭਾਈ ਦਿਆਲ ਦਾਸ
ਪਾਸ ਪਹੁਚਾਵਣੀ ਸੰਗਤ ਕੇ ਰੁਜ਼ਗਾਰ
ਵਿਚਿ ਗੁਰੂ ਬਰਕਤਿ ਕਰੇਗਾ


ਗੁਰੂ ਸਤਿ

ਭਾਈ ਜਵੇਹਰ ਮਲੁ ਮਸੰਦ ਭਾਈ ਕਿਰਪਾਲ ਦਾਸ ਭਾਈ
ਜਟਮਲ ਭੋਤੀ ਸੇਠ ਭਾਈ ਕਲਿਆਨ ਮਲ ਭਾਈ ਮਹਾਨੰਦ
ਭਾਈ ਬਾਬੂ ਰਾਇ ਭਾਈ ਮਹਾਰਾਜ ਭਾਈ ਭਿਖਾਰੀ ਦ
ਲਪਤਿ ਦਾਸ ਭਾਈ ਰਾਮਾਨੰਦ ਭਾਈ ਮਾਨਜੀ ਭਾਈ ਮਾਨ ਸਿੰਘ
ਫਾਗੂ ਸਾਹ ਭਾਈ ਬਾਲ ਕਿਸਨ ਭਾਈ ਛੁਟਮਲ ਭਾਈ ਮਨੀ
ਰਾਮ ਸਰਬਤ ਸੰਗਤਿ ਬਨਾਰਸ ਕੀ ਬਨਾਰਸ ਕੇ ਸੂਬੇ ਕੀ ਗੁਰੂ
ਸੰਗਤ ਕੇ ਮਨੋਰਥ ਪੂਰੇ ਕਰੇਗਾ ਪਿਛੇ ਕਾਰ ਭਾਈ ਦਿਆਲ
ਦਾਸ ਪਾਸ ਭੇਜੀ ਥੀ ਸਭ ਹਜੂਰਿ ਪਹੁਚੀ ਭਾਈ ਦਿਆਲ

## ੧੫

## ਨੌਵੇਂ ਗੁਰੂ ਤੇਗ ਬਹਾਦੁਰ ਜੀ ਵਲੋਂ ਭਾਈ ਦਿਆਲ ਦਾਸ ਆਦਿ ਸੰਗਤਿ ਪਟਣਾ ਜੋਗੁ

"...ਅਸਾਂ ਮੁਗੇਰ ਛਾਵਣੀ ਕੀਤੀ ਹੈ...
ਭਾਈ ਜੀ ਪਰੇ ਕੇ ਜੁ ਤੁਮਾਰੇ ਸੂਬੇ ਕੇ ਮਸੰਦ ਹਨਿ
ਸਰਬਤਿ ਸੰਗਤਿ ਪਰੇ ਕੀ ਲੇ ਕੇ ਦਰਸਨਿ ਆਵਣਾ ..."



[ਸ੍ਰੀ ਹਰਿਮੰਦਿਰ ਸਾਹਿਬ ਪਟਨਾ ਵਿਚ]

## ੧੫

੧ੴ ਗੁਰੂ ਸਤਿ


ਭਾਈ ਦਿਆਲਦਾਸੁ ਭਾਈ ਰਾਮੇਰਾਇ ਭਾਈ ਦਰਬਾਰੀ ਭਾਈ ਚੈਨਸੁਖੁ
ਭਾਈ ਮਿਹਰਚੰਦ ਸੋਭਾਚੰਦ ਭਾਈ ਜੈਠ ਮਲੁ ਭਾਈ
ਡੇਡਮਲੁ ਭਾਈ ਨੰਦਕੁਆਰ ਭਾਈ ਪਹਲਾਦ ਦਾਸ ਭਾਈ ਬੰਸੀ ਭਾਈ ਮੁਰਲੀ
ਭਾਈ ਪਰੀਤਮਦਾਸੁ ਭਾਈ ਰਾਘੋ
ਦਾਸੁ ਭਾਈ ਮੋਹਨ ਦਾਸੁ ਬੇਬੇ ਪੇੜੀਬਾਈ ਸਰਬਤਿ ਸੰਗਤਿ ਸਿਖਾ ਕੈ ਮਨੋਰਥੁ
ਗੁਰੂ ਪੂਰੈਗਾ ਭਾਈ
ਜੀ ਅਸਾ ਮੁੰਗੇਰ ਛਾਵਣੀ ਕੀਤੀ ਹੈ ਸੰਗਤਿ ਕੀ ਸੇਵਾ ਕੀ ਵੇਲਾ ਹੈ
ਭਾਈ ਜੀ ਪਰੇ ਕੇ ਜੁ ਤੁਮਾਰੇ ਸੂਬੇ

ਕੇ ਮਸੰਦ ਹਨਿ
ਸਰਬਤ ਸੰਗਤ ਪਰੇ ਕੀ
ਲੈ ਕੇ ਦਰਸਨਿ ਆ
ਵਣਾ ਜੋ ਸਿਖ ਆਵੈਗਾ
ਤਿਸ ਕਾ ਰੁਜਗਾਰ ਹੋਗ ਸੰਗਤਿ ਕੀ ਸੇਵਾ ਕੀ ਵੇਲਾ ਹੈ
ਭਾਈ ਦਿਆਲਦਾਸੁ ਕਹੈ ਸੰਗਤਿ ਗੁਰੂ ਕਾ ਹੁਕਮ ਕਰਿ ਮਨਣਾ
ਸੰਗਤਿ ਕਾ ਗੁਰੂ ਰੁਜਗਾਰ ਕਰੇਗਾ ਅਉਰ ਭਾਈ ਜੀ
ਸਹਜਾਦਪੁਰ ਕੋ ਡੇਰੇ ਕੇ ਖੇਮੇ ਕੇ ਵਾਸਤੇ
ਲਿਖਿਆ ਚਾਹਤੇ ਹਹਿ
ਜਿਉ ਤੁਮ ਕਹਿ ਭੇਜਹ
ਤਿਉ ਹਮ ਹੁਕਮ ਨਾਵਾ ਸੰਗਤਿ
ਕੋ ਲਿਖਹ ਦੋ ਕੋੜੀਆ ਪਗਾ
ਬਿਹਾਰ ਕੀ ਭੇਜਣੀ
ਏਕ ਕੋੜੀ ਪਗਾ ਕੀ
ਚਾਲੀਸ ਰੁਪਯੇ
ਕੀ ਭੇਜਣੀ
ਸੰਗਤਿ ਕਾ ਰੁਜਗਾ
ਰੁ ਹੋਗੁ

## ੧੬

# ਨੌਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਵਲੋਂ ਸੰਗਤਿ ਬਨਾਰਸ ਕੇ ਸੂਬੇ ਕੀ ਜੋਗੁ

''....ਕਾਰਬਾਰ ਹੋਵੇ ਸੰਗਤਿ ਨੇ ਭਾਈ ਦਿਆਲ ਦਾਸ ਪਾਸ ਪਹੁਚਾਵਣੀ ...ਮੁਗੇਰ ਛਾਵਣੀ ਹੋਈ ਹੈ ਜੋ ਸਿਖੁ ਦਰਸਨ ਕੋ ਆਵੇਗਾ ਤਿਸ ਕੇ ਮਨੋਰਥ ਗੁਰੂ ਪੂਰੇ ਕਰੇਗਾ...''



[ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ]

## ੧੬

ਸੰਗਤਿ ਨੇ ਭਾਈ ਦਿਆ
ਲ ਦਾਸ ਪਾਸ ਪਹੁਚਾਵਣੀ
ਹਜੂਰ ਪਹੁਚੇਗੀ ਸੰਗਤਿ ਕਾ ਭਲਾ
ਹੋਗੁ
ਮੁਗੇਰ ਛਾਵ
ਣੀ ਹੋਈ ਹੇ ਜੋ ਸਿਖੁ ਦਰਸ
ਨ ਕੋ ਆਵੈਗਾ ਤਿਸ ਕੇ ਮਨੋ
ਰਥ ਗੁਰੂ ਪੂਰੇ ਕਰੇਗਾ

ਗੁਰੂ ਸਤਿ


ਭਾਈ ਜਵੇਹਰ ਮਲ ਭਾਈ ਭੇਤੀ ਸੇਠ ਭਾਈ ਕਿਰਪਾਲ ਦਾਸ
ਭਾਈ ਜਟ ਮਲ ਭਾਈ ਕਲਆਨ ਮਲ ਭਾਈ ਬਾਬੂ ਮਨੀ
ਭਿਖਾਰੀ ਮਾਨ ਸਿੰਘ ਮਹਾਰਾਜ ਰਾਮਾ ਜਾਦੋ ਘਾਸੀ
ਕੋਕਾ ਮਾਨਾ ਬਾਲਕਿਸਨ ਸੁਖਦੇਉ ਫਗੂਸ਼ਾਹ
ਛੁਟਮਨ ਰੂਪ ਨਰਾਇਣ ਸਰਬਤਿ ਸੰਗਤਿ
ਬਨਾਰਸ ਕੇ ਸੂਬੇ ਕੀ ਗੁਰੂ ਰਖੇਗਾ ਕਾਰਬਾਰ ਹੋਵੇ

# ਜੋ ਸਿਖੁ ਦਰਸਨ ਕੋ ਆਵੈਗਾ ਤਿਸਕੇ ਮਨੋਰਥ ਗੁਰੂ ਪੂਰੇ ਕਰੇਗਾ
ਸਿੰਘ - ਮਾਨਸਿੰਘ

## ੧੭

## ਨੌਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਵਲੋਂ ਸੰਗਤਿ ਪਟਣੇ ਦੀ ਜੋਗੁ

'' . ਅਸੂਨ ਕੋਚ ਹੈ। ਸਤਰੀ ਰੁਪਯਾਂ ਕੀ ਵਸਤ ਲਿਖੀ ਹੈ ਡੇਰੇ ਕੈ ਵਾਸਤੇ ਹੁਕਮ ਦੇਖਦੇ ਹੀ ਭੇਜਣੀ...''



[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

## ੧੮

ਸਰਬਤਿ ਸੰਗਤਿ ਗੁਰੂ ਮਨੋਰਥ ਪੂਰੇ
ਕਰੇਗਾ ਅਸੁਨ ਕੋਚ ਹੈਂ ਸਤਰੀ ਰੁਪਯਾ ਕੀ
ਵਸਤ ਲਿਖੀ ਹੈ ਡੇਰੇ ਕੇ ਵਾਸਤੈ ਹੁਕਮੁ ਦੇਖਦੇ
ਹੀ ਵਸਤ ਭੇਜਣੀ ਸਿਤਾਬੀ ਸਾਥ ਡੇਰਾ ਤਯਾਰ ਹੋ
ਣਾ ਹੈ ਸੰਗਤਿ ਸਰਬਤ ਲੇ ਕੇ ਭੁਯਾ ਜੀ
ਤੁਮੋ ਦਰਸਨ ਕਰ ਜਾਣਾ
ਸਿਤਾਬ ਆਵਣਾ
ਸੰਗਤਿ ਕਾ ਗੁਰੂ ਰੁਜਗਾਰ ਮੋ
ਬਰਕਤਿ ਕਰੈਗਾ
ਪਟਣਾ ਗੁਰੂ
ਕਾ ਘਰੁ ਹੈ


ਗੁਰੂ ਸਤਿ

ਭਾਈ ਦਿਆਲ ਦਾਸੁ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖ
ਭਾਈ ਮਿਹਰਚੰਦ ਭਾਈ ਸੁਭਾ ਚੰਦ
ਭਾਈ ਜੇਠਮਲੁ ਭਾਈ ਡੇਡਮਲੁ ਭਾਈ ਰਾਘੋਦਾਸੁ ਭਾਈ ਪਹਲਾਦ ਦਾਸੁ
ਭਾਈ ਮੋਹਨ ਦਾਸੁ ਭਾਈ ਨੰਦ ਕੁਆਰ
ਭਾਈ ਪਰੀਤਮਦਾਸੁ ਭਾਈ ਘਨਿਸਿਆਮੁ ਜਗਮੰਨੁ ਮੁਰਲੀਧਰ ਭਾਈ ਬੰਸੀ
ਭਾਈ ਮੁਰਲੀ ਭਾਈ ਸਿੰਘਾ
ਸਦਾਨੰਦ ਕਵਲਨੈਨ ਰਾਮਰਾਇ ਲਾਲਮੰਨ ਛਬੀਲਦਾਸੁ ਬਾਲ ਗੋਬਿੰਦ
ਅਮਾਲੀਆ ਫੇਹੂ ਕਿਰਪਾਲ
ਸੰਗਤਿ ਦਾਸ ਬੈਜਨਾਥ ਝਬਰ ਸਿੰਘ ਭਗਵਾਨੁ ਗੁਜਰਮਲ ਪੰੜੀ ਬਾਈ
ਰਾਮਚੰਦੁ ਦੀਨਾਨਾਥੁ ਪਰਾਨ ਨਾਥੁ
ਜਗਦੇਉ ਭੋਜਰਾਜ ਦਲਪਤ ਦਾਸੁ ਭਾਰਾ ਦਰੀਆ ਚਿੰਤਾ ਬਿੰਦਰਾਬਨ
ਪਰਾਨਨਾਥੁ ਮਿਹਰਚੰਦ ਹੀਰਾ ਨੰਦੁ ਪਰਾਨਨਾਥੁ

## ੧੮

# ਨੌਵੇਂ ਗੁਰੂ ਤੇਗ ਬਹਾਦੁਰ ਸਾਹਿਬ ਵਲੋਂ ਸੰਗਤਿ ਬਨਾਰਸ ਜੋਗੁ

"...ਅਸੀਹ ਰੁਪਯੇ ਕਾਰ ਕੇ ਪਹੁਚੇ..."



[ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ]

## ੧੮

ਅਸੀਹ ਰੁਪਯੇ ਕਾਰ ਕੇ
ਪਹੁਚੇ ਆਗੇ ਕਾਰਬਾਰ ਹੋ
ਇ ਸੰਗਤਿ ਭਾਈ ਦਿ
ਆਲ ਦਾਸ ਕੋ ਲੋਚ ਕੇ ਦੇਣੀ
ਹਜੂਰਿ ਪਹੁਚੇਗੀ ਸੰਗਤਿ ਕੇ
ਰੁਜਗਾਰ ਮੋ ਬਰਕਤ ਹੋਗੁ
ਸੇਵਾ ਕੀ ਵੇਲਾ ਹੈ


ਗੁਰੂ ਸਤਿ

ਭਾਈ ਜਵੇਹਰ ਦਾਸ ਭਾਈ ਕਿਰਪਾਲ ਦਾਸ ਭਾਈ ਕਲਿਆਨ ਮਲੁ ਭਾਈ ਭੋਤੀ ਭਾਈ ਸੇਠ ਬਾਬੂ ਰਾਇ ਭਾਈ ਭਿਖਾਰੀ ਮਹਾਰਾਜ ਰਾਮਾ ਬਾਲ-ਕਿਸਨ ਮਾਨ ਸਿੰਘ ਛੁਟਮਲ ਨਦਰੂਪ ਸਰਬਤ ਸੰਗਤਿ ਬਨਾਰਸ ਕੀ ਗਿਰਦ ਨਿਵਾਹੀ ਕੀ ਗੁਰੂ ਰਖੈਂਗਾ ਗੁਰੂ ਗੁਰੂ ਜਪਣਾ ਜਨਮੁ ਸਉਰੇ

# ੧੯

## ਨੌਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਵਲੋਂ ਸੰਗਤਿ ਬਨਾਰਸ ਜੋਗੁ

"...ਕਾਰ ਸੰਗਤਿ ਦੀ ਏਕ ਸਉ ਛਿਆਸਠ ਰੁਪਯੇ...ਹਜ਼ੂਰਿ ਆਏ..."



[ਗੁ. ਬੜੀ ਸੰਗਤਿ ਬਨਾਰਸ ਵਿਚ]

## ੧੯


ਗੁਰੂ ਸਤਿ

ਭਾਈ ਦਿਆਲ ਦਾਸ ਭਾਈ ਰਾਮਰਾਇ ਭਾਈ ਜਵੇਹਰੀ ਭਾਈ ਕਿਰਪਾਲ ਦਾਸ
ਭਾਈ ਭੋਤੀ ਕਲਿਆਨ ਦਾਸ ਭਾਈ
ਸਿਭੂ ਸੇਠ ਦਲਪਤ ਭਾਈ ਬਾਬੂਰਾਇ ਭਾਈ ਭਿਖਾਰੀ ਦਾਸ ਸਰਬਤ ਸੰਗਤ
ਬਨਾਰਸ ਕੀ ਗੁਰੂ ਜਪਣਾ
ਜਨਮੁ ਸਉਰੇ ਸੰਗਤ ਕੇ ਮਨੋਰਥ ਗੁਰੂ ਪੂਰੇ ਕਰੇਗਾ ਕਾਰ ਸੰਗਤ ਕੀ ਏਕ ਸਉ
ਛਿਆਸਠ ਰੁਪਯੇ ਸੰਗਤ
ਨੇ ਭਾਈ ਦਿਆਲ ਦਾਸ ਪਾਸਿ ਭੇਜੇ ਥੇ ਸੋ ਹਜੂਰਿ ਆਏ ਸੰਗਤ ਕੀ ਬਹੁੜੀ
ਹੋਈ ਆਗੇ ਕਾਰਭੇਟ ਮਨਤ
ਸਭ ਭਾਈ ਦਿਆਲਦਾਸ ਕੋ ਸੰਗਤ ਨੇ ਲੋਚ ਕੇ ਦੇਣਾ ਸੰਗਤ ਕਾ ਰਿਜਕ
ਵਧੇਗਾ ਮਨੋਰਥ ਪੂਰੇ ਗੁਰੂ ਕਰੇਗਾ

## ੨੦

## ਨੌਂਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਵਲੋਂ ਸੰਗਤਿ ਮਿਰਜ਼ਾਪੁਰ ਜੋਗੁ

"...ਕਾਰਬਾਰ ਕਰਿ ਕੇ ਸੰਗਤਿ ਭਾਈ ਦਿਆਲ ਦਾਸ ਪਾਸੁ ਭੇਜਣੀ
ਹਜ਼ੂਰਿ ਪਹੁਚੈਗੀ .. ਪਿਛੈ ਕਾਰ ਦੀਈ ਥੀ ਸੁ ਪਹੁਚੀ..."



[ਗੁ. ਬੜੀ ਸੰਗਤਿ ਬਨਾਰਸ ਵਿਚ]

## ੨੦


ਗੁਰੂ ਸਤਿ

ਭਾਈ ਬਾਲ ਚੰਦੁ ਭਾਈ ਹਰਕਿਸਨ ਭਾਈ ਚਤਰ ਭੋਜ
ਭਾਈ ਲਾਲੂ ਸਰਬਤਿ ਸੰਗਤਿ ਮਿਰਜਾਪੁਰ ਕੀ
ਗੁਰੂ ਰਖੈਗਾ ਕਾਰਬਾਰ ਕਰਿ ਕੇ ਸੰਗਤਿ ਭਾਈ
ਦਿਆਲ ਦਾਸ ਪਾਸਿ ਭੇਜਣੀ ਹਜੂਰਿ
ਪਹੁਚੇਗੀ ਸੰਗਤਿ ਕਾ ਰੁਜਗਾਰ ਹੋਗ ਪਿਛੇ ਕਾਰ
ਦੀਈ ਥੀ ਸੁ ਪਹੁਚੀ

## ੨੧

# ਨੌਵੇਂ ਗੁਰੂ ਤੇਗ ਬਹਾਦੁਰ ਜੀ ਵਲੋਂ ਸੰਗਤਿ ਪਟਣਾ ਜੋਗੁ

"...ਗੋਬਿੰਦ ਦਾਸ ਕੀ ਬਧਾਈ ਊਪਰਿ ਸੰਗਤਿ ਖਰਚ ਕੀਆ ਗੁਰੂ ਕੀ ਦਰਗਾਹ ਥਾਇ ਪਯਾ...ਸਰਪਾਉ ਭੇਜਾ ਹੈ...ਪਟਣਾ ਗੁਰੂ ਕਾ ਘਰੁ ਹੈ..."



[ਹਰਿਮੰਦਿਰ ਸਾਹਿਬ ਪਟਣਾ ਸਹਿਰ]

## ੨੧


ਗੁਰੂ ਸਤਿ

ਭਾਈ ਦਿਆਲਦਾਸ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖ
ਭਾਈ ਮਿਹਰਚੰਦ ਭਾਈ ਸੁਭਾ ਚੰਦੁ
ਭਾਈ ਜੇਠ ਮਲੁ ਭਾਈ ਡੇਡਮਲੁ ਭਾਈ ਨੰਦਕੁਆਰ ਭਾਈ ਦੀਨ ਦਿਆਲ
ਭਾਈ ਮਿਹਰ ਚੰਦੁ...
ਨਾਥ ਭਾਈ ਹੀਰਾਨੰਦ ਭਾਈ ਰਾਘੋ ਦਾਸ ਭਾਈ ਪਹਲਾਦ ਦਾਸੁ ਭਾਈ
ਬੰਸੀਧਰ ਭਾਈ ਮੁਰਲੀਧਰ
ਮੋਹਨਦਾਸੁ ਭਾਈ ਨੈਨਸੁਖ ਭਾਈ ਹਰਕੇਸੁ ਭਾਈ ਛਬੀਲਦਾਸ ਭਾਈ
ਭਗਵਾਨ ਦਾਸੁ ਭਾਈ...
ਭਾਈ ਸਦਾਨੰਦ ਭਾਈ ਘਨਿਸਿਆਮੁ ਭਾਈ ਕਵਲਨੈਨ ਭਾਈ ਰਾਮਰਾਇ
ਭਾਈ ਮੁਰਲੀਧਰ ਭਾਈ...
ਭਾਈ ਸਿੰਘਾ ਭਾਈ ਸੰਗਤਿ ਦਾਸੁ ਭਾਈ ਬੈਜਨਾਥ ਭਾਈ ਸੁਖਦੇਉ ਭਾਈ
ਝਬਰ ਸਿੰਘ ਭਾਈ...
ਮੁ ਭਾਈ ਜਗਮੰਨ ਭਾਈ ਛਬੀਲਦਾਸੁ ਭਾਈ ਰੂਪਨ ਭਾਈ ਲਾਲਮੰਨ ਭਾਈ
ਅਨੰਤਦਾਸ ਭਾਈ ਸੁਫੇਰ ਚੰਦ ਭਾਈ ਨੈਨਸੁਖ ਗੁਲਾਲਚੰਦ ਬਾਲਗੋਬਿੰਦੁ
ਭਾਈ ਭਗਤਾ ਬਿੰਦਰਾਬਨੁ...
ਪਾਲਾ ਫੇਰੂ ਬੰਸੀਧਰ ਸੁਖਦੇਉ ਮਾਛੀ ਸੁਚਾ ਰਾਮ ਚੈਨਸੁਖ ਹੀਰਾ ਨੰਦ ਪਰਸਰਾਮੁ...
ਮਿਤਰ ਸੈਣ ਗੰਜਮਲ ਜਗਦੇਉ ਦਲਪਤ ਦਾਸੁ ਭਾਈ ਮਲੂਕ ਦਾਸੀਆ ਚੇਤਨੁ...
ਲਛੂਆ ਰਘੁਨਾਥ ਫਤਹਚੰਦ ਬੇਬੇ ਪੇੜੀ ਬਾਈ ਦੀਨਾਨਾਥ ਪਰਾਨਨਾਥ...
ਸਰਬਤ ਸੰਗਤਿ ਪਟਣੇ ਕੀ ਜਿਨਿ ਸਿਖ
ਵਾਹਗੁਰੂ ਕੀਆ ਹੈ ਤਿਸ ਕੇ
ਮਨੋਰਥ ਪੂਰੇ ਹੋਵਹਿਗੇ ਗੋਬਿੰਦ
ਦਾਸ ਕੀ ਬਧਾਈ ਉਪਰਿ ਸੰਗਤਿ
ਖਰਚ ਕੀਆ ਗੁਰੂ ਕੀ ਦਰਗਹ ਥਾਇ
ਪਯਾ ਰੁਪਯੇ ਕੀ ਮੁਹਰ ਥਾਇ ਪੜੀ
ਪੀਛੇ ਸੇਵਾ ਕੀਤੀ ਸੋ ਥਾ
ਇ ਪਈ ਆਗੇ ਜੁ ਸੇਵਾ ਕਰੇਗਾ
ਤਿਸਕਾ ਭਲਾ ਹੋਗੁ ਸੰਗਤ ਕੇ ਰੁਜਗਾਰ ਮੋ ਬਰ
ਕਤਿ ਹੋਗੁ ਭਾਈ ਜੀ ਸਰਪਾਉ ਭੇਜਿਆ ਹੈ
ਪਟਣਾ ਗੁਰੂ ਕਾ ਘਰ ਹੈ ਸੰਗਤਿ ਕਾ ਭਲਾ ਹੋਗੁ

## ੨੨

## ਨੌਵੇਂ ਗੁਰੂ ਤੇਗ਼ ਬਹਾਦੁਰ ਜੀ ਵਲੋਂ ਸੰਗਤਿ ਪਟਨੇ ਜੀ ਜੋਗੁ

"...ਕਾਰ ਭੇਟ ਕਪੜੇ ਭਾਈ ਮਿਹਰਚੰਦ ਭਾਈ ਕਲਿਆਨ ਰਾਇ ਹਥਿ ਭੇਜੀ ਥੀ ਸੋ ਹਜੂਰਿ ਪਹੁਚੀ... ਪਟਣਾ ਗੁਰੂ ਕਾ ਘਰੁ ਹੈ..."



[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

# ੨੨


ਗੁਰੂ ਸਤਿ

ਭਾਈ ਦਿਆਲਦਾਸੁ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖ ਭਾਈ
ਮਿਹਰਚੰਦੁ ਭਾਈ ਸੁਭਾਚੰਦੁ
ਭਾਈ ਜੈ ਸਿੰਘ ਭਾਈ ਚਿਮਨਾ ਭਾਈ ਲਾਲਮੰਨ ਭਾਈ ਜੇਠਮਲ ਭਾਈ ਡੇਡਮਲ
ਭਾਈ ਪਹਲਾਦ ਦਾਸੁ ਭਾਈ
ਬੰਸੀਧਰ ਭਾਈ ਮੁਰਲੀ ਭਾਈ ਰਾਘੋਦਾਸੁ ਭਾਈ ਸੇਠ ਛਬੀਲਦਾਸ ਭਾਈ ਪਰੀਤਮ
ਦਾਸੁ ਭਾਈ ਨੰਦ ਲਾਲ
ਭਾਈ ਪਰਾਨ ਨਾਥ ਬਖਸ਼ੀ ਮੁਰਲੀਧਰ ਭਾਈ ਹੀਰਾਨੰਦੁ ਭਾਈ ਸੰਗਤਿ ਦਾਸੁ
ਭਾਈ ਝਬਰ ਭਾਈ ਗੁਰਦਾਸੁ ਪਰ
ਸਰਾਮ ਮੋਹਨਦਾਸੁ ਨੈਨਸੁਖ ਬਾਲਗੋਬਿੰਦੁ ਸੰਕਰਦਾਸੁ ਸਦਾਨੰਦੁ ਸੂਜਾਰਾਮੁ
ਭਗਵਾਨ ਦਾਸ ਗੁਜਰ
ਮਲੁ ਸੰਕਰਦਾਸੁ ਨੰਦਲਾਲ ਛਜੂਮਲੁ ਨੰਦ ਕੁਆਰ ਭਾਈ ਜਸੋਧਾ ਨੰਦਨ
ਮਿਹਰਚੰਦੁ ਪਰਾਨ ਨਾਥ ਬਲੀ-
ਰਾਮ ਸਭਾਚੰਦ ਜਗਦੇਉ ਦਲਪਤਿਰਾਇ ਅਨੀਰਾਇ ਘਨਸਿਆਮੁ ਸੁਖਦੇਉ
ਗਜਮਲੁ ਗਜੂਆ ਭਾਗੁ ਮਲ
ਛਬੀਲਦਾਸੁ ਸੁਫੇਰਾ ਅਮਾਲੀਆ ਫੇਰੂ ਕਿਰਪਾਲਾ ਬੰਸੀ ਸੁਖਦੇਉ ਪੇੜੀ ਬਾਈ
ਰਾਮਚੰਦ ਹਰਕੇਸੁ
ਛਬੀਲਦਾਸ ਸੁਭਕਰਣ ਕੇਵਲਰਾਮ ਭਾਗੁ ਅਨੰਤਾ ਮਨਸੁਖ ਬਸੰਤਰਾਇ ਲਛੂਆ
ਬਾਲਾ ਸਦਾਨੰਦ ਸਾਧੂ
ਸਰਬਤ ਸੰਗਤਿ ਪਟਣੇ ਕੀ ਗੁਰ ਰਖੈਗਾ ਗੁਰੂ ਗੁਰੂ
ਜਪਣਾ ਜਨਮੁ ਸਉਹੇ ਸੰਗਤਿ ਕਾ ਭਲਾ ਹੋਵੈ ਕਾਰ
ਭੇਟ ਕਪੜੇ ਭਾਈ ਮਿਹਰਚੰਦ ਭਾਈ ਕਲਿਆਨਿ ਰਾਇ
ਹਥਿ ਭੇਜੀ ਥੀ ਸੋ ਹਜੂਰਿ ਪਹੁਚੀ ਸੰਗਤਿ
ਕੇ ਰੁਜਗਾਰ ਵਿਚਿ ਗੁਰੂ ਬਰਕ
ਤਿ ਕਰੈਗਾ ਪਟਣਾ ਗੁਰੂ
ਕਾ ਘਰੁ ਹੈ ਸੰਗਤਿ ਕਾ ਭਲਾ ਹੋਵੈਗਾ

## ੨੩

## ਨੌਵੇਂ ਗੁਰੂ ਤੇਗ ਬਹਾਦੁਰ ਜੀ ਵਲੋਂ ਸੰਗਤਿ ਪਟਣੇ ਕੀ ਜੋਗੁ

"...ਸੰਗਤਿ ਸੇਵਾ ਗੋਬਿੰਦ ਦਾਸ ਕੀ ਕਰਤੀ ਹੈ ਤੁਮਾਰੀ ਸੇਵਾ ਸੰਗਤਿ ਕੀ ਗੁਰੂ ਕੀ ਦਰਗਹ ਥਾਇ ਪੜੇਗੀ..."



੮

[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਸ਼ਹਿਰ]

## ੨੩

ਗੁਰ ਸਤਿ


ਭਾਈ ਦਿਆਲਦਾਸ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨ ਸੁਖ ਭਾਈ
ਮਿਹਰਚੰਦੁ ਭਾਈ ਸੋਭਾਚੰਦੁ ਭਾਈ ਜੇਠ ਮਲੁ ਭਾਈ ਡੇਡਮਲ
ਭਾਈ ਨੰਦਕੁਆਰ ਭਾਈ ਦੀਨਦਿਆਲ ਭਾਈ ਮਿਹਰਚੰਦੁ ਭਾਈ ਪਰਾਨਨਾਥ
ਭਾਈ ਹੀਰਾਨੰਦ ਭਾਈ ਸੰਭਾਚੰਦੁ ਭਾਈ ਕਵਲਨੈਨ ਭਾਈ ਰਾਘੋ ਦਾਸੁ
ਭਾਈ ਪਹਲਾਦ ਦਾਸੁ ਭਾਈ ਮੁਰਲੀ ਭਾਈ ਮੋਹਨਦਾਸੁ ਭਾਈ ਭਗਵਾਨਦਾਸੁ
ਭਾਈ ਹਰਜੀਮਲੁ ਭਾਈ ਸਦਾਨੰਦੁ ਭਾਈ ਕਵਲਨੈਨ ਭਾਈ ਰਾਮਰਾਇ
ਭਾਈ ਨੰਦਲਾਲ ਭਾਈ ਬਾਲੁਗੋਬਿੰਦ ਭਾਈ ਜਗਮੰਨ ਭਾਈ ਸੰਗਤ ਦਾਸੁ ਭਾਈ
ਬੈਜਨਾਥੁ ਭਾਈ ਝਬਰ ਸਿੰਘ ਅਮਾਲੀਆ ਕਿਰ
ਪਾਲ ਫੇਰੂ ਭਾਈ ਬਿੰਦਰਾਬਨ ਭਾਈ ਲਾਲਮੰਨ ਛਬੀਲਾ ਨੈਨਮੁਖ ਭਾਈ ਮੂਲਾ
ਭਾਈ ਮਿਹਰਚੰਦ ਭਾਈ ਚੇਤਨ ਜਾਦੋ ਬੇਬੇ
ਪੇੜੀ ਬਾਈ ਭਾਰਾ ਮਲੂਕਾ ਲਛੂਆ ਭਾਈ ਪਰਾਨਨਾਥੁ ਸਰਬਤਿ ਸੰਗਤਿ ਪਟਣੇ
ਕੀ ਗੁਰੂ ਰਖੈਗਾ ਗੁਰੂ ਗੁਰੂ ਗੁਰੂ ਗੁਰੂ
ਜਪਣਾ ਜਨਮ ਸਉਰੇ ਸੰਗਤਿ ਕਾ ਭਲਾ ਹੋਵੈ ਜਿਨਸਿਖ ਵਾਹਗੁਰੂ ਕੀਆ ਹੈ
ਸਭਨਾ ਕੇ ਮਨੋਰਥ ਗੁਰੂ ਪੂਰੇ ਕਰੇਗਾ
ਪਟਣਾ ਗੁਰੂ ਕਾ ਘਰ ਹੈ ਸੰਗਤਿ ਕੀ ਬਾਹੁੜੀ ਹੋਗੁ ਸੰਗਤਿ ਸੇਵਾ ਗੋਬਿੰਦ ਦਾਸ
ਕੀ ਕਰਤੀ ਹੈ ਤੁਮਾਰੀ ਸੇਵਾ ਸੰਗਤਿ

ਕੀ ਗੁਰੂ ਕੀ ਦਰਗਹ
ਥਾਇ ਪੜੇਗੀ ਸੰਗਤ
ਕਾ ਭਲਾ ਹੋਗੁ ਜੋ ਪਰੇ ਤੇ ਭਾਈ
ਰਾਜਾ ਦੇ ਪਾਸ ਤੇ ਡੇਰਾ ਆਇਆ ਹੋਵੇ
ਤਾ ਭੇਜਣਾ ਇਕ ਸੁਹੇਲਾ ਤਿਨ ਕਨਾਤਾਂ
ਇਕ ਸੇਹਤਖਾਨਾ ਖਾਸੇ ਡੇਰੇ ਨੂੰ ਭੇਜਣਾ
ਤਿਨ ਕਨਾਤਾਂ ਇਕੁ ਕਲੰਦਰੀ ਰਸੋਇ
ਨੋ ਭੇਜਣੀ ਇਕੁ ਰਾਵਟੀ ਪੰਜ
ਗਜੀ ਹੋਰ ਭੇਜਣੀ
ਅੰਦਰ ਦਾ ਡੇਰਾ ਕਨਾਤਾਂ ਹੋਰ ਸਾਜ
ਭਾਈ ਮਲੂ ਮਿਹਰੇ ਕੇ ਹਵਾਲੇ ਕਰਣਾ
ਗੁਰੂ ਸੰਗਤਿ ਕੀ ਬਾਹੁੜੀ ਕਰੇਗਾ
ਪਟਣਾ ਗੁਰੂ ਕਾ ਘਰ ਹੇ

## ੨੪

# ਨੌਵੇਂ ਗੁਰੂ ਤੇਗ਼ ਬਹਾਦੁਰ ਦਾ ਹੁਕਮੁ
# ਭਾਈ ਦਿਆਲ ਦਾਸ ਭਾਈ ਰਾਮਰਾਇ ਜੋਗੁ

"...ਪੰਜ ਖਾਚੇ ਬਾਸਣ ਮੀਨਾਪੁਰ ਕਿਆ ਕੇ... ਦਿਲੀ ਭਾਈ ਕਲਿਆਣੇ ਦੀ ਧਰਮਸਾਲਾ ਪਹੁਚਾਵਣੇ ਨਵਾਬ ਸੈਫ ਖ਼ਾਂ ਨੋ ਦੇਣੇ ਹਨਿ..."



[ਸ੍ਰੀ ਹਰਿਮੰਦਿਰ ਸਾਹਿਬ ਪਟਣਾ]

## ੨੪

### ਗੁਰੂ ਸਤਿ


ਭਾਈ ਦਿਆਲਦਾਸੁ ਭਾਈ ਰਾਮਰਾਇ ਭਾਈ ਦਰਬਾਰੀ ਚੈਨਸੁਖ
ਮਿਹਰਚੰਦੁ ਸੁਭਾਚੰਦ ਭਾਈ ਡੇਡਮਲ ਭਾਈ ਜੇਠਮਲ ਸਰਬਤਿ
ਸੰਗਤਿ ਗੁਰੂ ਬਾਹੁੜੀ ਕਰੈਗਾ ਪੰਜ ਖਾਂਚੇ ਬਾਸਣਾ...
ਸੁਰਾਹੀ ਪਿਆਲੇ ਹਛੇ ਕਹਾਰਾਂ ਨੋ ਦੇ ਕੇ ਦਿਲੀ ਭਾਈ
ਕਲਿਆਣੇ ਦੀ ਧਰਮਸਾਲਾ ਪਹੁਚਾਵਣੇ

ਨਬਾਬ ਸੈਫ਼ ਖਾਂ ਨੋ
ਦੇਣੇ ਹਨਿ
ਹਛੇ ਬਾਸਣ ਭੇਜਣੇ
ਸੰਗਤਿ ਕੀ ਬਾਹੜੀ ਹੋਗੁ
ਛਿਅ ਰੇਜੇ ਖਾਰਵੇ ਕੇ
ਸਉ ਗਜਾ ਕੋਰਾ
ਦਹਸੇਰ ਤਣਾਵਾ
ਦਹਸੇਰ ਨਵਾਰ ਭੇ
ਜਣੀ
ਧਰਮੇ ਕੀ
ਕੁੜਮਾਈ ਕਰਾਇ ਕੇ
ਰੁਪਯੇ ਭੇਜਣੇ

## ੨੫

## ਨੌਵੇਂ ਗੁਰੂ ਤੇਗ਼ ਬਹਾਦੁਰ ਜੀ ਵਲੋਂ ਭਾਈ ਬਠਾ ਸਰਬਤਿ ਸੰਗਤਿ ਜੋਗੁ

"...ਭਾਈ ਬਠਾ ਤੂ ਸ੍ਰੀ ਗੁਰੂ ਜੀ ਦਾ ਪੁਤੁ ਅਸਹਿ
ਸੰਗਤਿ ਲੈ ਕੇ ਦਰਸਨਿ ਆਵਣਾ..."



[ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ]

## ੨੫

[ਗੁਰੂ ਜੀ ਦੀ ਲਿਖਤ]

[ਗੁਰੂ] ਰਖੇਗਾ ਭਾਈ ਬਠਾ ਸਰਬਤਿ
[ਸੰ] ਗਤਿ ਗੁਰੂ ਬਾਹੁੜੀ ਕਰੇਗਾ
[ਭਾ] ਈ ਬਠਾ ਤੂੰ ਸ੍ਰੀ ਗੁਰੂ ਜੀ ਕਾ ਪੁ
[ਤ] ਅਸਹਿ ਸਰਬਤਿ ਸੰ
[ਗ] ਤਿ ਲੇ ਕੇ ਹਜੂਰਿ ਦਰ
ਸਨਿ ਆਵਣਾ ਭਾਈ ਬਠਾ
[ਆਂ] ਖੇ ਸੋ ਸੂਬਤਿ ਸੰਗਤਿ ਮੰਨਣਾ


[ਲਿਖਾਰੀ ਦੀ ਲਿਖਤ]

ੴ ਸਤਿ ਗੁਰੂ

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਬਠਾ ਸਰਬਤ ਸੰਗਤਿ ਗੁਰੂ ਸੰਗਤਿ ਦੀ ਬਾਹੁੜੀ ਕਰੈਗਾ ਸੰਗਤਿ ਦਾ ਗੁਰੂ ਰੁਜਗਾਰੁ ਕਰੈਗਾ ਸਭ ਮਨੋਰਥ ਪੂਰੇ ਹੋਨਗੇ ਭਾਈ ਬਠਾ ਤੂੰ ਸਿਖ ਅਸਹਿ ਸੰਗਤਿ ਲੈ ਕੈ ਦਰਸਨਿ ਆਵਣਾ ਜੁ ਸਿਖ ਭਾਈ ਬਠੇ ਨਾਲਿ ਦਰਸਨਿ ਆਵਗੁ ਸੋ ਨਿਹਾਲੁ ਹੋਗੁ ਗੁਰੂ ਓਸ ਦੇ ਸਭ ਕੰਮ ਰਾਸਿ ਕਰੈਗਾ ਭਾਈ ਬਠਾ ਸ੍ਰੀ ਗੁਰੂ ਜੀਉ ਦਾ ਪੁਤੁ ਹੈ ਆਖੈ ਸੁ ਸਰਬਤਿ ਸੰਗਤਿ ਮੰਨਣਾ। ਗੁਰੂ ਸੰਗਤਿ ਦੀ ਕਿਰਤਿ ਵਿਚਿ ਬਰਕਤਿ ਕਰੈਗਾ ਨਿਹਾਲੁ ਹੋਵਹੁਗੇ

## ੨੬

## ਨੌਵੇਂ ਗੁਰੂ ਤੇਗ਼ ਬਹਾਦੁਰ ਜੀ ਵਲੋਂ ਸੰਗਤਿ (ਪਟਣ ਫਰੀਦ ਕੇ ਦੀ) ਜੋਗੁ



[ਸਿੱਖ-ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ]

## ੨੬


ੴ ਸਤਿਗੁਰੂ

ਗੁਰੂ ਰਖੇਗਾ ਭਾਈ ਬਠਾ ਸਰਬਤਿ
ਸੰਗਤਿ ਦਰਸਨ ਆਵਣਾ
ਜੋ ਆਵਗੁ ਸੋ ਨਿਹਾਲ ਹੋਗੁ
ਭਾਈ ਬਠਾ ਸ੍ਰੀ ਗੁਰੂ ਜੀ ਕਾ ਪੁਤੁ
ਹੈ ਜੁ ਆਖੇ ਸੋ ਸੰਗਤਿ ਮਨਣਾ

# ੨੭

## ਨੌਵੇਂ ਗੁਰੂ ਤੇਗ ਬਹਾਦੁਰ ਜੀ ਵਲੋਂ ਸੰਗਤਿ ਪਟਣ ਜੋਗੁ

"...ਭਾਈ ਬਠਾ ਤੁਸਾ ਦਰਸਨਿ ਆਵਣਾ..."




[ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ]

## ੨੭

[ਗੁਰੂ ਜੀ ਦੀ ਲਿਖਤ]

ਗੁਰੂ ਰਖੇਗਾ ਭਾਈ ਬਠਾ ਸਰਬਤਿ ਸੰਗਤਿ
ਦਰਸਨਿ ਆਵਣਾ ਜੁ ਆਵੈਗਾ
ਸੋ ਨਿਹਾਲ ਹੋਗੁ ਭਾਈ ਬਠਾ ਸ੍ਰੀ ਗੁਰੂ
ਜੀ ਕਾ ਪੁਤ ਹੈ ਜੁ ਆਖੇ ਸੁ ਸ੍ਰ
ਬਤ੍ਰਿ ਸੰਗਤਿ ਮੰਨਣਾ ਪਟਣ
ਕੀ ਸ੍ਰਬਤਿ ਸੰਗਤਿ ਨਿਹਾਲੁ ਹੋਈ

[ਲਿਖਾਰੀ ਦੀ ਲਿਖਤ]


ੴ ਸਤਿਗੁਰੂ

ਸ੍ਰੀ ਗੁਰੂ ਜੀਉ ਦੀ ਆਗਿਆ·ਭਾਈ ਬਠਾ ਸਰਬਤ ਸੰਗਤਿ ਗੁਰੂ ਸੰਗਤਿ ਕੀ ਬਾਹੁੜੀ
ਕਰੈਗਾ·ਸੰਗਤ ਕਾ·ਗੁਰੂ ਰੁਜਗਾਰੁ ਕਰੈਗਾ·ਸਭ ਮਨੋਰਥ ਪੂਰੇ ਹੋਨਗੇ ਭਾਈ ਬਠਾ·ਤੁਸਾ·
ਦਰਸਨਿ ਆਵਣਾ·ਜੋ ਸਿਖੁ ਭਾਈ ਬਠੇ ਨਾਲਿ ਦਰਸਨਿ ਆਵਗੁ ਗੁਰੂ ਓਸ ਦੇ
ਸਭ ਕੰਮ ਰਾਸਿ ਕਰੈਗਾ·ਭਾਈ ਬਠਾ·ਸ੍ਰੀ ਗੁਰੂ ਜੀਉ ਦਾ·ਪੁਤੁ ਹੈ ਆਖੈ ਸਰਬਤ ਸੰਗਤਿ
ਸ੍ਰੀ ਗੁਰੂ ਜੀਉ ਦਾ·ਹੁਕਮੁ ਕਰਕੇ ਮੰਨਣਾ ਗੁਰੂ ਸੰਗਤਿ ਕੀ ਕਿਰਤਿ ਵਿਚ ਬਰਕਤਿ
ਕਰੈਗਾ·ਗੁਰੂ ਸੰਗਤਿ ਨੋ ਸਰਬ ਸੁਖ ਦੇਗੁ ਪਟਣ ਦੀ ਸੰਗਤਿ ਸਭ ਨਿਹਾਲ ਹੋਈ
ਸ੍ਰੀ ਗੁਰੂ ਜੀਉ ਦੀ ਤੁਸਾਂ ਉਪਰਿ ਖੁਸ਼ੀ ਹੈ ਗੁਰੂ ਸੰਗਤ ਦਾ·ਵਾਧਾ·ਕਰੈਗਾ·ਦਰਸਨਿ
ਆਵਣਾ

## ੨੮

## ਨੌਵੇਂ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਵਲੋਂ ਭਾਈ ਬਠੇ ਜੋਗੁ

"ਭਾਈ ਬਠਾ ਤੂੰ ਸ੍ਰੀ ਗੁਰੂ ਜੀ ਕਾ ਪੁਤੁ ਅਸਹਿ...
ਸਰਬਤਿ ਸੰਗਤਿ ਲੈ ਕੇ ਹਜ਼ੂਰਿ ਦਰਸਨਿ ਆਵਣਾ..."



[ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ]

## ੨੮

[ਗੁਰੂ ਜੀ ਦੀ ਲਿਖਤ]

[ਗੁਰੂ] ਰਖੇਗਾ ਭਾਈ ਬਠਾ ਸਰਬਤਿ
[ਸੰ] ਗਤਿ ਗੁਰ ਬਾਹੜੀ ਕਰੇਗਾ
[ਭਾ] ਈ ਬਠਾ ਤੂੰ ਸ੍ਰੀ ਗੁਰੂ ਜੀ ਕਾ ਪੁ
[ਤ] ਅਸਹਿ ਸਰਬਤਿ ਸੰ
ਗਤਿ ਲੇ ਕੇ ਹਜੂਰ ਦਰ
ਸਨਿ ਆਵਣਾ ਭਾਈ ਬਠਾ
ਆਖੇ ਸੋ ਸੁਬਤਿ ਸੰਗਤ ਮੰਨਣਾ

[ਲਿਖਾਰੀ ਦੀ ਲਿਖਤ]


ੴ ਸਤਿਗੁਰੂ

ਸ੍ਰੀ ਗੁਰੂ ਜੀਉ ਦੀ ਆਗਿਆ· ਹੈ ਭਾਈ ਬਠਾ· ਸਰਬਤ ਸੰਗਤਿ ਗੁਰੂ ਸੰਗਤਿ ਦੀ ਬਾਹੁੜੀ ਕਰੈਗਾ। ਸੰਗਤ ਦਾ ਗੁਰੂ ਰੁਜਗਾਰੁ ਕਰੈਗਾ। ਸਭ ਮਨੋਰਥ ਪੂਰੇ ਹੋਨਗੇ ਭਾਈ ਬਠਾ। ਤੂੰ ਸਿਖੁ ਅਸਹਿ ਸੰਗਤਿ ਲੈ ਕੈ ਦਰਸਨਿ ਆਵਣਾ ਜੁ ਸਿਖੁ ਭਾਈ ਬਠੇ ਨਾਲਿ ਦਰਸਨਿ ਆਵਗੁ ਸੋ ਨਿਹਾਲੁ ਹੋਗੁ ਗੁਰੂ ਓਸ ਦੇ ਸਭ ਕੰਮ ਰਾਸਿ ਕਰੈਗਾ। ਭਾਈ ਬਠਾ ਸ੍ਰੀ ਗੁਰੂ ਜੀਉ ਦਾ ਪੁਤੁ ਹੈ ਆਖੈ ਸੋ ਸਰਬਤ ਸੰਗਤਿ ਮੰਨਣਾ। ਗੁਰੂ ਸੰਗਤਿ ਦੀ ਕਿਰਤਿ ਵਿਚਿ ਬਰਕਤਿ ਕਰੈਗਾ ਨਿਹਾਲੁ ਹੋਵਹੁਗੇ

## ੨੯

## ਨੌਵੇਂ ਗੁਰੂ ਤੇਗ ਬਹਾਦੁਰ ਜੀ ਵਲੋਂ ਪਟਣ ਦੀ ਸੰਗਤਿ ਜੋਗੁ

"...ਜੁ ਸਿਖ ਭਾਈ ਬਠੇ ਨਾਲਿ ਦਰਸਨਿ ਆਵਗੁ ਸੋ ਨਿਹਾਲ ਹੋਗੁ
ਸਿਖਾਂ ਪੁਤਾ ਦਾ ਸੇਵਾ ਦਾ ਵੇਲਾ ਹੈ..."



[ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ]

ਨਾਲਿ

ਸੰਗਤਿ (੧੮੭) ਸਿਖੁ (੨੨) ਸਿਖਾਂ (੧੦) ਲੋਚਨ੍ਹਾ ਸਿਖਾਂ ਪੁਤਾਂ ਦੀ
ਪੁਤ੍ਰ (੧੬) ਨਾਲਿ (੨੪੬) ਪੁਤ੍ਰਾਂ (੩)
ਦਰਸਨਿ (੨੭) ਨਿਹਾਲੁ (੨੬) ਖੁਸੀ (੨੧)
ਜੁ (੦੫) ਤੇਗੁ (੨੧) ਦੇਗੁ

# ੨੯

## [ਗੁਰੂ ਜੀ ਦੀ ਲਿਖਤ]

[ਰਖੇ] ਗਾ ਭਾਈ ਬਠਾ ਸਰਬਤਿ ਸੰ
[ਗਤਿ ਪ] ਟਣ ਦੀ ਗੁਰੂ ਸੰਗਤਿ ਕੀ ਬਾਹੁ
[ੜੀ ਕਰੇ] ਗਾ, ਗੁਰੂ ਸੰਗਤਿ ਕੇ ਮਨੋਰਥ
[ਪੂਰੇ ਕਰੇ] ਗਾ, ਸਰਬਤਿ ਸੰਗਤਿ
[ਪਟਣ] ਦੀ ਦਰਸਨਿ ਆਵਣਾ
[ਜੁ] ...ਭਾਈ ਬਠੇ ਨਾਲ ਆ,
[ਵੇਗਾ ਨਿ] ਹਾਲੁ ਹੋਵੇਗਾ, ਸਿਖਾਂ
[ਕੇ ਸੇ] ਵਾ ਕਾ ਵੇਲਾ ਹੈ...

## [ਲਿਖਾਰੀ ਦੀ ਲਿਖਤ]

ੴ ਸਤਿਗੁਰੂ


ਸ੍ਰੀ ਗੁਰੂ ਜੀਉ ਦੀ ਆਗਿਆ, ਹੈ ਭਾਈ ਬਠਾ, ਸਰਬਤ ਸੰਗਤਿ ਪਟਣ ਦੀ ਗੁਰੂ ਸੰਗਤਿ ਦੀ ਬਾਹੁੜੀ ਕਰੈਗਾ ਸੰਗਤਿ ਦਾ ਗੁਰੂ ਰੁਜਗਾਰੁ ਕਰੈਗਾ, ਸਭ ਮਨੋਰਥ ਪੂਰੇ ਹੋਨਗੇ ਭਾਈ ਬਠਾ, ਤੂੰ ਸ੍ਰੀ ਗੁਰੂ ਜੀ ਦਾ, ਪੁਤੁ ਅਸਿਹ ਸਰਬਤਿ ਸੰਗਤੁ ਪਟਣ ਦੀ ਲੈ ਕੇ ਦਰਸਨਿ ਆਵਣਾ, ਜੋ ਸਿਖੁ ਭਾ, ਈ ਬਠੇ ਨਾਲਿ ਦਰਸਨਿ ਆਵਗੁ ਸੋ ਨਿਹਾਲੁ ਹੋਗੁ ਸਿਖਾ ਪੁਤਾ ਦਾ ਸੇ ਵਾ, ਦਾ, ਵੇਲਾ ਹੈ ਜੇਹਾ ਲੋਚਹੁਗੇ ਤੇਹਾ, ਸੰਗਤਿ ਦਾ ਰਿਜਕੁ ਵਧੈਗਾ ਸ੍ਰੀ ਗੁਰੂ ਜੀਉ ਦੀ ਖੁਸ਼ੀ ਹੈ ਗੁਰੂ ਸੰਗਤਿ ਨੋ ਸਰਬ ਸੁਖ ਦੇਗੁ ਖੁਸੀ ਹੋਈ

ਗੁਰੂ ਜੀ ਵਲੋਂ ਮਸੰਦਾਂ ਨੂੰ ੩੦

## ਸ੍ਰੀ ਮਾਤਾ (?) ਵਲੋਂ ਭਾਈ ਮਲਾ ਭਾਈ ਬਾਘਾ ਜੋਗੁ

—ਦੋ ਬੈਲਾਂ ਅਤੇ ਖਚਰ ਦੀ ਚੋਰੀ—

"...ਸਰਕਾਰ ਦੀ ਖਚਰ ਜਾਣੀ ਪਾਵੈ ਨਾਹੀ ਮੁਜਰਾ ਹੋਗੁ..."



[ਨਉਸ਼ਹਰਾ ਪੱਨੂਆਂ ਵਿਚ]

## ੩੦

ਗੁਰੂ ਰਖੈਗਾ ਸਰਕਾ
ਰ ਦੀ ਖਚਰ ਜਾਣੀ ਪਾ
ਵੈ ਨਾਹੀ ਮੁਜਰਾ ਹੋਗੁ

[ਲਿਖਾਰੀ ਦੀ ਲਿਖਤ]


ੴ ਸਤਿਗੁਰੂ

ਸ੍ਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਮਲਾ ਭਾਈ ਬਾਘਾ
ਸ੍ਰਬਤ ਸੰਗਤਿ ਗੁਰੂ ਬਾਹੁੜੀ ਕਰੈਗਾ ਸਭ ਮਨੋਰਥ ਪੂਰੇ
ਹੋਨਗੇ ਭਾਈ ਬਾਘਾ ਭਾਈ ਮਲਾ ਸਰਕਾਰ ਦੀ ਖਚਰ ਅਰੁ ਬੈ
ਲ ੨ ਚੋਰਾ ਧਰਦੇਆਂ ਦੇ ਚੁਰਾਏ ਜਮਾਲਪੁਰ ਤੇ ਸੋ ਤੁਸਾਨੋ ਅਗੈ
ਭੀ ਜ਼ਾਹਰ ਹੈ ਸੋ ਖਚਰ ਬਕਾਲੇ ਵਿਚਿ ਧਰਦੇਆਲੇ ਹੈ ਅਰੁ
ਬੈਲ ਚੋਰਟਿਆਂ ਤੇ ਅਗੈ ਖੋਹੇ ਹੈਨਿ ਤੁਸਾਡਾ ਮੁਜਰਾ ਹੈ ਖ
ਚਰ ਭੇਜਾਵਣੀ ਜਾਣਾ ਪਾਵੈ ਨਾਹੀ ਗੁਰੂ ਸੰਗਤ ਕਾ ਵਾਧਾ ਕਰੈਗਾ
ਤੁਸਾਡੇ ਮੁਜਰੇ ਦੀ ਵੇਲਾ ਹੈ ਮੇਰੀ ਤੁਸਾ ਉਪਰਿ ਖਰੀ ਖੁਸੀ ਹੈ

## ੩੧

## ਸ੍ਰੀ ਮਾਤਾ ਗੁਜਰੀ (?) ਜੀ ਵਲੋਂ ਸੰਗਤਿ ਧੀਰ ਬਸੀਆਂ ਜੋਗੁ

"...ਨਾਇਕ ਜੀ ਤੁਸਾਡੀ ਅਰਦਾਸਿ ਆਈ ਚਿਰ ਹੋਇਆ ਹੈ ਹੁਣ ਮੇਵੜੇ ਭੇਜੇ ਹਨ ਕਾਰ ਭੇਂਟ... ਦੇਣਾ..."



[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

## ੩੧

[ਮਾਤਾ ਜੀ ਦੀ ਲਿਖਤ]

ਨਾਇਕ ਹਰਿਦਾਸੁ ਸਰਬਤਿ ਸੰਗਤਿ ਗੁਰੂ ਤੁਸਾਡੀ ਰਖੈ
ਗਾ ਮੇਵੜੇ ਭੇਜੇ ਹਨਿ ਕਾਰ ਭੇਟ ਸੁਖ ਮੰਨਤਿ ਬੋਲਿਆ
ਚਲਿਆ ਸਭਨਾ ਜੀਆ ਕਾ ਦੇਣਾ ਸ੍ਰੀ ਗੁਰੂ ਜੀ ਸਰਬ
ਤਿ ਸੰਗਤਿ ਕੇ ਮਨੋਰਥ ਪੂਰੇ ਕਰੈਗਾ

[ਲਿਖਾਰੀ ਦੀ ਲਿਖਤ]


ੴ ਸਤਿਗੁਰੂ ਜੀ

ਸ੍ਰੀ ਗੁਰੂ ਜੀ ਕਾ ਹੁਕਮੁ ਮੰਨਣਾ ਸ੍ਰੀ ਮਾਤਾ ਜੀ ਕੀ ਖੁਸੀ ਵਾਚਣੀ
ਨਾਇਕੁ ਹਰਦਾਸੁ ਸਰਬਤ ਸੰਗਤ ਧੀਰ ਬਸੀਆਂ ਕੀ ਸ੍ਰੀ ਗੁਰੂ
ਜੀ ਤੁਸਾਡੀ ਰਖੈਗਾ ਏਥੈ ਸ੍ਰੀ ਗੁਰੂ ਜੀ ਕੈ ਦਰ ਸਰਬ ਸੁਖੁ ਹੈ
ਸ੍ਰੀ ਗੁਰੂ ਜੀ ਸਰਬਤ ਸੰਗਤ ਨੋ ਸੁਖਾਲਿਆ ਰਖੈਂ ਨਾਇਕ
ਜੀ ਤੁਸਾਡੀ ਅਰਦਾਸ ਆਈ ਚਿਰੁ ਹੋਇਆ ਹੈ ਹੁਣ
ਮੇਵੜੇ ਭੇਜੇ ਹਨਿ ਕਾਰ ਭੇਟ ਸੁਖ ਮੰਨਤ ਬੋਲਿਆ ਚ
ਲਿਆ ਸਰਬਤ ਜੀਆ ਦਾ ਦੇਣਾ ਜੋ ਅਰਦਾਸ ਲੋ
ਚ ਕੈ ਦੇਹੁਗੇ ਸੋ ਹਜੂਰਿ ਆਇ ਪਹੁਚੁਗੁ ਸਰਬ
ਤ ਸੰਗਤ ਕਾ ਬਾਧਾ ਹੋਵੈਗਾ ਸ੍ਰੀ ਗੁਰੂ ਜੀ ਸਰਬਤ...

## ੩੨

# ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਨਿਸ਼ਾਨ

[ਸ੍ਰੀ ਗੁਰੂ ਗ੍ਰੰਥ ਸਾਹਿਬ ਸੰਮਤ ੧੭੪੮ ਹਾੜ ੨੯, ੨੮ ਜੂਨ ੧੬੯੧]



[ਤਖਤ ਸ੍ਰੀ ਹਰਿਮੰਦਿਰ ਸਾਹਿਬ ਪਟਣਾ ਦੇ ਖਾਸ ਸ੍ਰੀ ਗੁਰੂ ਗ੍ਰੰਥ ਸਾਹਿਬ 'ਬੜੇ ਬਾਬੇ' ਚੋਂ]

## ੩੨

ੴ


ਸਤਗੁਰੂ

ਸਤਨਾਮੁ ਕਰਤਾ ਪੁਰਖ
ਨਿਰਭਉ ਨਿਰਵੈਰ ਅਕਾਲ
ਮੂਰਤ ਅਜੂਨੀ ਸੈਭੰ
ਗੁਰ ਪਰਸਾਦ

ਅੁ, ਭੰ

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਮਿਹਰਚੰਦ ਰੂਪੇ ਕੇ ਜੋਗ

"...ਤੁਸਾ ਆਵਣਾ ਰਹਣਾ ਨਾਹੀ..."



[ਪਿੰਡ ਭਾਈ ਰੂਪੇ ਦੇ ਵਿਚ]

## ੩੩

[ਗੁਰੂ ਜੀ ਦੀ ਲਿਖਤ]

ਭਾਈ ਮਹਿਰ ਚੰਦਾ
ਤੁਸਾਂ ਆਵਨਾ ਰਹਣਾ
ਨਾਹੀਂ ਤੇਰੇ ਪਰ ਮੇਰੀ ਬਹੁਤ
ਖੁਸੀ ਹੈ ਤੇਰੀ ਹਰ
ਤਰਹਿ ਦੀ ਮੁਹਾਫਜਤ
ਮੇਰੇ ਸਿਰ ਹੈ ਤੂੰ ਮੇਰੇ ਸਿਰ ਨਾਲ ਹੈਂ

ੴ ਗੁਰੂ ਸਤਿ


[ਲਿਖਾਰੀ ਦੀ ਲਿਖਤ]

ਸ੍ਰੀ ਗੁਰੂ ਜੀਓ ਦੀ ਆਗਿਆ ਹੈ ਭਾ
ਈ ਮਹਿਰ ਚੰਦੁ ਤੁਸਾ ਆਵਣਾ
ਰਹਣਾ ਨਾਹੀ ਤੇਰੇ ਪਰ ਮੇਰੀ ਬਹੁਤ
ਖੁਸੀ ਹੈ ਤੇਰੀ ਹਰ ਤਰਹਿ ਦੀ ਮਹਾ
ਫਜ਼ਤ ਮੇਰੇ ਸਿਰ ਹੈ ਤੂੰ ਮੇਰੇ ਸਿਰ ਨਾਲ ਹੈਂ

## ੩੪

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਰੁੱਕਾ ਭਾਈ ਰੂਪੇ ਕਿਆਂ ਜੋਗੁ

''ਘੋੜੇ ਘੋੜੀਆਂ ਬਲਦ ਚਰਨ ਦੇਣੇ ਸੰਬੰਧੀ''



[ਚਿਤ੍ਰ ਭਾਈ ਰੂਪੇ ਦੇ ਵਿਚ]

## ੩੪

ਜਗਨੇ ਮਸੰਦਹ

ਤੁਸਾਂ ਚਰਣ ਦੇਣਾ

੧. ਬਲਦ ਮਹੀਂ ਗਾਈਂ ਸਰਕਾਰ
੧. ਘੋੜੇ ਘੋੜੀਆਂ ਸਰਕਾਰ ਖਚਰ
੧. ਲਸਕਰ ਦੇ ਬਲਦ ਗਾਂਈਂ ਮਹੀਂ
੧. ਸਿਖਾ ਸਭਨਾ ਦੇ ਚਾਰਣੇ
੧. ਛੇੜ ਵਾਲਾਂ ਦੇ ਚਾਰਣੇ
੧. ਆਪ ਘੋੜੀਆਂ ਦੇ ਚਾਰਣੇ
੧. ਭਾੜੀਆਂ ਦਾ ਭਾੜਾ ਜੋ ਆਣ

# ੩੫

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਢਾਕਾ ਚਟਗਾਂਵ ਆਦਿ ਜੋਗੁ

"...ਹੱਛਾ ਹਾਥੀ ਜੰਗੀ ਭੇਜਣਾ..."

ੴ ਸਤਿਗੁਰੂ

ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਹੁਲਾਸ
ਚੰਦ ਬਖਸ਼ੀਸ਼ ਚੰਦ ਸਰਬਤ ਸੰਗਤ ਢਾਕੇ ਕੀ ਸੰਗਤ ਚਟ
ਗਾਵ ਕੀ ਸੰਗਤ ਸੋਨਦੀਪ ਕੀ ਸੰਗਤ ਸਿਲਹਟ ਕੀ ਸਰਬਤ
ਸੰਗਤ ਗੁਰੂ ਰਖੈਗਾ ਹਛਾ ਹਾਥੀ ਜੰਗੀ ਭੇਜਣਾ ਅਵਲ ਸੰਗਤ
ਨਿਹਾਲ ਹੋਈ ਸੰਗਤ ਦੇ ਰੁਜਗਾਰ ਵਿਚ ਗੁਰੂ ਬਰਕਤ
ਕਰੈਗਾ ਸੰਗਤ ਨਿਹਾਲ ਹੋਈ ਜੋ ਸਿਖ ਕਵਡੀ ਪਾਵੇਗਾ
ਸੋ ਨਿਹਾਲ ਹੋਗੁ ਸੰਗਤ ਕੀ ਗੁਰੂ ਬਹੁੜੀ ਕਰੈਗਾ


[ਸੰਗਤ ਗੁਰਦੁਆਰਾ ਢਾਕਾ — 'ਕੌਮੀ ਦਰਦ', ੨੭ ਦਸੰਬਰ ੧੯੩੦] ੧੯੩੦

## ੩੬

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਗੁਰਦਾਸ ਜੋਗੁ

[ਮਾਘ ਸੁਦੀ ੯ ਸੰਮਤ ੧੭੪੮, ੧੭ ਜਨਵਰੀ ੧੬੯੨ ਈ.]

"...ਕਾਰ ਸੰਗਤਿ ਲੈ ਆਵਣਾ..."



੧ੴ ਸਤਿਗੁਰੂ

[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

## ੩੬

### [ਹੁਕਮਨਾਮਾ ਪਾਤਸ਼ਾਹੀ ੧੦]

ਮਾਘ ਸੁਦੀ ੯, ਸੰਮਤ ੧੭੪੮ ਬਿ.
੧੭ ਜਨਵਰੀ ੧੬੯੨ ਈ.

੧ੴ ਸਤਿਗੁਰੂ

ਭਾਈ ਗੁਰਦਾਸੁ ਸਰਬਤ ਸੰਗਤ ਗੁਰੂ ਰਖੈਗਾ
ਕਾਰ ਸੰਗਤ ਲੈ ਆਵਣਾ ਜੋ ਸਿਖ ਆਵਗੁ ਸੋ
ਨਿਹਾਲੁ ਹੋਗੁ ੧੮

[ਲਿਖਾਰੀ ਦੀ ਲਿਖਤ]

੧ੴ ਸਤਿਗੁਰੂ

ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਗੁਰਦਾਸੁ
ਸਰਬਤ ਸੰਗਤ ਗੁਰੂ ਰਖੈਗਾ ਕਾਰ ਸੰਗਤ ਲੈ ਆ
ਵਣਾ ਜੋ ਸਿਖੁ ਆਵਗੁ ਸੋ ਨਿਹਾਲੁ ਹੋਗੁ
ਮਿਤੀ ਮਾਘ ਸੁਦੀ ੯ ਸੰਮਤ ੧੭੪੮

੪) ਮੋਵੜੇ ਨੋ ਦੇਣੇ :
੨) ਦੀਵਾਲੀ ਕੋ :
੨) ਬਿਸੋਏ ਕੋ :

ਹੁਕਮ ੩

## ੩੭

# ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਢਾਕੇ ਕੀ ਲਸ਼ਕਰ ਕੀ ਆਦਿ ਜੋਗੁ

"... ਕਾਰ ਭੇਟ ਮੰਨਤ ਕਪੜਾ ਹਥਿਆਰ ਢਾਲ ਜੋ ਗੁਰੂ ਕੇ ਨਵਿਤ ਕੀ ਕਵਡੀ ਹੋਵੈ ਸੋ ਭਾਈ ਹੁਲਾਸ ਚੰਦ ਨੋ ਦੇਣੀ..."

੧ਓ ਸਤਿਗੁਰੂ

ਸਿਰੀ ਗੁਰੂ ਜੀਓ ਦੀ ਆਗਿਆ ਹੈ ਭਾਈ ਹੁਲਾਸਚੰਦ ਭਾਈ ਬਖਸ਼ੀਸ਼ ਚੰਦ ਭਾਈ ਬੁਲਾਕੀ ਦਾਸ ਸੇਵਕ ਮਿਹਰਚੰਦ ਕਾਸੀ ਰਾਮ ਲਾਲ ਚੰਦ ਦਾਨੀਰਾਇ ਬਾਬੂ ਰਾਇ ਮਹੇਸ ਦਾਸ ਬਿੰਦਰਾ

ਬਨ ਸਰਬਤ ਸੰਗਤ ਢਾਕੇ ਕੀ ਸੰਗਤ ਲਸਕਰ ਕੀ ਚਟਗਾਵ ਕੀ ਸੋਨਦੀਪ ਕੀ ਸੰਗਤ ਸਿਲਹਟ

ਕੀ ਸਰਬਤ ਸੰਗਤ ਗੁਰੂ ਰਖੈਗਾ ਜਿਨ ਸਿਖ ਵਾਹਗੁਰੂ ਕੀਤਾ ਹੈ ਤਿਸਨੋ ਹੁਕਮੁ ਹੈ ਕਾਰਭੇਟ ਮਨ

ਤ ਅਰਦਾਸ ਕਪੜਾ ਹਥੀਆਰ ਢਾਲ ਜੋ ਗੁਰੂ ਕੇ ਨਵਿਤ ਕੀ ਕਵਡੀ ਹੋਵੈ ਸੋ ਭਾਈ ਹੁਲਾਸ ਚੰ

ਦ ਨੋ ਦੇਣੀ ਹੋਰਸੋ ਨੋ ਨਾਹੀ ਦੇਣੀ ਸੰਗਤ ਮੇਰੇ ਹੁਕਮ ਨਾਲ ਕੰਮੁ ਹੈ ਭਾਈ ਹੁਲਾਸ ਚੰਦ ਸੰਗਤ ਕਾਰ ਭੇਟ ਲੈ ਕੈ ਦੀਵਾਲੀ ਨੋ ਦਰਸਨ ਆਵਣਾ ਜੋ ਸਿਖ ਦਰਸਨ ਆਵਗੁ ਤਿਸਦੇ ਕਦਮ ਥਾਇ ਪਉਨਗੇ ਭਾਈ ਗਿਰਧਰ ਲਾਲ ਗੁਰੂ ਪਾਸ ਗਇਆ ਹੈ ਭਾਈ ਮਿਹਰਚੰਦ ਤੈਂ ਜੀ ਵਿਚ ਕੁਛੁ ਨਹੀਂ ਕਰਣਾ ਤੇਰੇ ਸਿਰ ਉਪਰ ਗੁਰੂ ਹੈ ਨਿਹਾਲ ਹੋਇ ਤੁਲਾ ਰਾਮ ਦਾ ਦੋਹਤਾ ਲੈ


ਆਵਣਾ ਜੋ ਸਿਖੁ ਆਵਗੁ ਸੋ ਨਿਹਾਲ ਹੋਗੁ ਸੰਗਤ ਕੇ ਰੁਜਗਾਰ ਵਿਚ ਗੁਰੂ ਬਰਕਤ ਕਰੈਗਾ ਸੰਗਤ ਨਿਹਾਲੁ ਹੋਈ ਸੰਗਤ ਕੇ ਮਨੋਰਥ ਗੁਰੂ ਪੂਰੇ ਕਰੈਗਾ ਗਿਰਦ ਨਿਵਾਹੀ ਦੀ ਸੰਗਤ ਲੈ ਆਵਣੀ ਕਪੜਾ ਚੀਰੇ ਢਾਲਾਂ ਲੈ ਕੈ ਆਵਣਾ ਸੰਗਤ ਨਿਹਾਲ ਹੋਈ ਜੋ ਸਿਖ ਕਵਡੀ ਲਾਵੈਗਾ ਸੋ ਨਿਹਾਲੁ ਹੋਗੁ ਖਾਸੀ ਪੁਸਾਕ ਲੈ ਆਵਣੀ ਕਪੜੇ ਦੀ ਫਰਮਾਇਸ ਦੇਗੁ ਤਿਸਦੇ ਰੁਜਗਾਰ ਵਿਚ ਬਰਕਤ ਹੋਵੈਗੀ ਸੰਗਤੀਏ ਦੇ ਮੁਹਿ ਨਾਹੀ ਲਗਣਾ ਸੰਗਤ ਕੇ ਰੁਜਗਾਰ ਵਿਚ ਗੁਰੂ ਬਰਕਤ ਕਰੈਗਾ ਸੰਗਤ ਨਿਹਾਲ ਹੋਈ ਸੰਗਤ ਕੀ ਬਾਹੁੜੀ ਗੁਰੂ ਕਰੈਗਾ ਸੰਗਤ ਕੇ ਸਭ ਮਨੋਰਥ ਗੁਰੂ ਪੂਰੇ ਕਰੈਗਾ ਖਸਮਾਨਾ ਹੋਵੈਗਾ ਖੁਸੀ ਹੋਈ ਹੈ

[ਸੰਗਤਿ ਗੁਰਦੁਆਰਾ ਢਾਕਾ]

## ਗੁਰੂਤੇਗਬਹਾਦਰਜੀ ੩੮

### ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਰਮਦਾਸ ਉਗਰ ਸੇਨ ਜੋਗੁ

"...ਕਾਰ ਬਲਦ ਜੋੜੇ ਤੁਸਾ ਮਾਤਾ ਜੀ ਪਾਸ ਮੁਜਰਾ ਕੀਤਾ ਸਭ ਹਜੂਰ ਪਹੁਚਿਆ..."



[ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ]

## ੩੮

[ਹੁਕਮਨਾਮਾ ਪਾਤਸ਼ਾਹੀ ੧੦]


ਖੁਸ਼ੀਂ ਹੈ ਸੰਗਤਿ ਦੀ
ਸੇਵਾ ਦੀ ਵੇਲਾ ਹੈ ।

ਗੁਰੂ ਸਤਿ

ਰਮਦਾਸ ਉਗਰਸੇਣ ਭਾਈ ਲਾਲ ਚੰਦੁ ਸਰਬਤਿ ਸੰਗਤ
ਗੁਰੂ ਰਖੈਗਾ ਰਮਦਾਸ ਜੀ ਕਾਰ ਬਲਕ ਜੋੜੇ
ਤੁਸਾ ਮਾਤਾ ਜੀ ਪਾਸ ਮੁਜਰਾ ਕੀਤਾ ਸਭ ਹਜੂਰ
ਪਹੁਚਿਆ ਗੁਰੂ ਤੁਸਾਡੀ ਰਖੈਗਾ ਤੁਸਾਡਾ
ਘਰ ਗੁਰੂ ਕਾ ਹੇ ਮੇਰੀ ਬਹੁਤ

## ੩੯

## ਦਸਵੇਂ ਗੁਰੂ ਜੀ ਵਲੋਂ ਭਾਈ ਰਾਮਰਾਇ ਤੇ ਦਾਈ ਲਾਡੋ ਦੇ ਨਾਮ



[ਗੁ. ਮੈਣੀ ਸੰਗਤਿ ਪਟਣਾ ਵਿਚ ਸੁਰਖਿਤ ਗੁਰੂ ਗ੍ਰੰਥ ਸਾਹਿਬ ਦੇ ੪੦ਵੇਂ ਪੱਤਰੇ ਉਤੇ ਚਸਪਾਂ ਹੈ]

# ੩੯

[ਹੁਕਮਨਾਮਾ ਪਾਤਸ਼ਾਹੀ ੧੦]

ੴ ਸਤਗੁਰੂ

ਭਾਈ ਰਾਮਰਾਇ ਦਾਈ ਲਾਡੋ ਗੁਰੂ ਰਖੈ
ਗਾ ਦਰਬਾਰੀ ਸੋਭਾ ਚੰਦ
ਹਜੂਰ ਪਹੁਚੇ ਮੇਰੀ ਖੁਸੀ ਹੈ
ਨਿਹਾਲੁ ਹੋਏ

## ੪੦

# ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤ ਢਾਕੇ ਕੀ ਗਿਰਦ ਨਿਵਾਹੀ ਜੋਗੁ

ਜੇਠ ਸੁਦੀ ੫, ਸੰਮਤ ੧੭੪੮ ਬਿ.
੨੨ ਮਈ, ਸਨ ੧੬੯੧ ਈ.

"... ਭਾਈ ਹੁਲਾਸ ਚੰਦ ਹਜੂਰਿ ਆਇਆ ਸੰਗਤਿ ਕਾ ਮੁਜਰਾ ਕੀਆ
ਨਉ ਸੈ ਰੁਪਯੇ ਕੀ ਹੁੰਡੀ ਚੀਰੇ ਕਪੜੇ ਤੇਗੇ ਹਜੂਰਿ ਪਹੁਚੇ ..."

੧ਓ ਸਤਿਗੁਰੂ

ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਹਲਾਸ ਚੰਦ ਬਖਸ਼ੀਸ਼ ਚੰਦ ਮਿਹਰ ਚੰਦ ਬੁਲਾਕੀ ਦਾਸ ਸੇ
ਵਕ ਦਾਸ ਧਰਮਚੰਦ ਕਾਸੀਰਾਮ ਅਨੂਪਰਾਇ ਦਾਨੀਰਾਇ ਗੁਰਬਖਸ਼ ਲਾਲ ਚੰਦ ਬਿੰਦਰਾਬਨ ਗੁਲਾ
ਲ ਚੰਦ ਦਿਆਲ ਦਾਸ ਪਾਤੀ ਰਾਮ ਦਖਨੀ ਰਾਇ ਹਰਦਿਆਲ ਜੀਵਨਮਲ ਪ੍ਰੀਤਮ ਦਾਸ ਸੁਖਦੇਵ
ਲਾਲਮਨ ਬਿਹਾਰੀ ਲਾਲ ਸਰਬਤ ਸੰਗਤ ਢਾਕੇ ਕੀ ਲਸ਼ਕਰ ਕੀ ਗਿਰਦ ਨਿਵਾਹੀ ਕੀ ਸਰਬਤ ਸੰਗਤ
ਗੁਰੂ ਰਖੈਗਾ ਭਾਈ ਹੁਲਾਸ ਚੰਦ ਹਜੂਰ ਆਇਆ ਸੰਗਤ ਕਾ ਮੁਜਰਾ ਕੀਆ ੯੦੦) ਨਉ ਸੈ ਰੁਪਯੇ ਕੀ ਹੁੰਡੀ
੮ ਆਠ ਚੀਰੇ ਕਪੜੇ ਤੇਗੇ ਹਜੂਰ ਪਹੁਤੇ ਸੰਗਤ ਕਾ ਮੁਜਰਾ ਹੋਆ ਸੰਗਤ ਨਿਹਾਲ ਹੋਈ ਸੰਗਤ ਕੇ ਰੁਜ਼ਗਾਰ ਮੈ ਗੁ
ਰੂ ਬਰਕਤ ਕਰੇਗਾ ਅਗੇ ਸਰਬਤ ਸੰਗਤ ਨੋ ਹੁਕਮ ਹੈ ਜੋ ੧੬੦੦) ਸੋਲਾ ਸੈ ਕੇ ੪੦ ਚਾਲੀਸ ਚੀਰੇ ਮੁਕੈਸੀ
ਸੁਨਹਰੀ ੩੦੦) ਤੀਨ ਸੈ ਕੀ ੩੦ ਢਾਲੈ ੧੦੦) ਸਉ ਕੀ ੨ ਦੋ ਢਾਲੈਂ ੧ ਇਕ ਮੈਨਾ ਗਾਜਾ (ਇਕ) ਭਾਗਾ ਏਹ

੩੦੦ ਕੀ ੩੦ ਢਾਲੈਂ
੩੦ ਕੀ ੧ ਢਾਲ

ਸੰਗਤ ਨੇ ਫਰਮਾਇਸ ਏਕਠੇ ਹੋਇ ਕੈ ਕਰਣੀ ਜੋ ਸਿਖ ਫੁਰਮਾਇਸ ਮੈ ਰੁਪਯਾ ਮੁਹਰ ਡਾਲੈਗਾ ਤਿਸ
ਕਾ ਗੁਰੂ ਕੀ ਦਰਗਾਹ ਮੈ ਥਾਇ ਪੜੈਗਾ ਸੰਗਤ ਕੇ ਰੁਜਗਾਰ ਮੈ ਗੁਰੂ ਬਰਕਤ ਕਰੈਗਾ ਢਾਕਾ ਹਮਾਰਾ
ਘਰ ਹੈ ਏਹ ਫੁਰਮਾਇਸ ਸੰਗਤ ਨੇ ਏਕਠੇ ਹੋਇ ਕੈ ਦੀਵਾਲੀ ਨੋ ਹਮਾਰੇ ਹਜੂਰ ਭੇਜ ਦੇਣੀ ਬਹੁਤ ਢੀਲ
ਕਾ ਕਾਮੁ ਨਾਹੀ ਏਹ ਕਾਮੁ ਸੰਗਤ ਨੇ ਏਕਠੇ ਹੋ ਕੈ ਕਰਨਾ ਜੋ ਇਸ ਫ਼ੁਰਮਾਇਸ ਮੈ ਹਮਾਰਾ ਸਿਖੁ ਬਠੈ
ਗਾ ਤਿਸ ਕੇ ਗੁਰੂ ਸਭ ਮਨੋਰਥ ਪੂਰੇ ਕਰੈਗਾ ਉਸ ਸਿਖ ਕੋ ਜਮ ਕਾ ਭਉ ਨ ਬਿਆਪੈਗਾ
ਏਹ ਹਮਾਰੀ ਰੀਝ ਕੀ ਫੁਰਮਾਇਸ ਹੈ ਸੰਗਤ ਕੋ ਹਮਾਰਾ ਹੁਕਮੁ ਹੈ ਜੋ ਏਹ ਫ਼ੁਰਮਾਇਸ ਸਿਤਾਬੀ ਫੁਰਮਾਇ
ਸ ਕਰ ਭੇਜਨੀ ਦੀਪਮਾਲਾ ਕੋ ਹਮਾਰੇ ਹਜੂਰ ਪਹੁਚੈ ਢਾਕਾ ਹਮਾਰਾ ਘਰੁ ਹੈ ਸੰਗਤ ਕੇ ਰੁਜ਼ਗਾਰ ਮੈ
ਗੁਰੂ ਬਰਕਤ ਕਰੈਗਾ ਸੰਗਤਿ ਨਿਹਾਲ ਹੋਈ ਸੰਗਤਿ ਕਾ ਖਸਮਾਨਾ ਹੋਵੈਗਾ ਮਨੋਰਥ ਪੂਰੇ ਹੋਏ


[ਗੁਰਦੁਆਰਾ ਸੰਗਤਿ ਢਾਕਾ ਵਿਚ]

## ੪੧

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਗੁਰਦਾਸ ਜੋਗੁ

[ਅਸੂ ਵਦੀ ੧੦, ਸੰਮਤ ੧੭੪੯ ਬਿ., ੨੫ ਦਸੰਬਰ, ੧੬੯੨ ਈ.]

"...ਇਕ ਬੁਲਗਾਰ ਬੋਇਦਾਰ ਭੇਜਣੀ..."




[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

## ੪੧

[ਹੁਕਮਨਾਮਾ ਪਾਤਸ਼ਾਹੀ ੧੦]

ਅਸੂ ਵਦੀ ੧੦, ਸੰਮਤ ੧੭੪੯ ਬਿ.
੨੫ ਦਸੰਬਰ ੧੬੯੨ ਈ.

[ਗੁਰੂ ਜੀ ਦੀ ਲਿਖਤ]

੧ਓ ਸਤ ਗੁਰੂ
ਭਾਈ ਗੁਰਦਾਸ ਸੰਗਤ
ਗੁਰੂ ਰਖੈਗਾ ਬੰਦਿਦਾਰ ਭੇਜਣੀ
ਖੁਸੀ ਹੈ

[ਲਿਖਾਰੀ ਦੀ ਲਿਖਤ]

੧ਓ ਸਤਿਗੁਰੂ
ਸਿਰੀ ਗੁਰੂ ਜੀਓ ਦੀ ਆਗਿਆ ਹੈ ਭਾਈ
ਗੁਰਦਾਸ ਸਰਬਤ ਸੰਗਤ ਗੁਰੂ ਰਖੈਗਾ
੧ ਇਕ ਬੁਲਗਾਰ ਬੰਦਿਦਾਰ ਭੇਜਣੀ ਖੁਸੀ ਹੈ
ਸੰਮਤ ੧੭੪੯ ਮਿਤੀ ਅਸੂ ਵਦੀ ੧੦

੨) ਮੇਵੜੇ ਨੋ


ਹੁਕਮ ੪

## ੪੨

# ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਸੰਗਤੀਆ ਜੋਗੁ

[ਫਗਣ ਸੁਦੀ ੫, ਸੰਮਤ ੧੭੫੦, ੧੯ ਫਰਵਰੀ ੧੬੯੪]

"...ਸੰਗਤਿ ਬਿਸੋਏ ਨੋ ਦਰਸਨਿ ਆਵਣਾ...
ਇਕ ਤੁਪਕ ਸਾਜ ਸੁਧਾ ਲੈ ਆਵਣਾ..."



[ਗੁ. ਅਹੀਆ ਗੰਜ ਲਖਨਊ]

## ੪੨

[ਹੁਕਮਨਾਮਾ ਪਾਤਸ਼ਾਹੀ ੧੦]

ਫੱਗਣ ਸੁਦੀ ੫, ਸੰਮਤ ੧੭੫੦ ਬਿ.
੧੯ ਫ਼ਰਵਰੀ, ੧੬੯੪ ਈ.

[ਗੁਰੂ ਜੀ ਦੀ ਲਿਖਤ]

ਇਕ ਤੁਪਕ

੧ਓ ਗੁਰੂ ਸਤ

ਭਾਈ ਸੰਗਤੀਆ ਬਾਲ ਸੰਗਤ
ਲੈ ਆਵਣਾ ਖੁਸੀ ਹੈ

[ਲਿਖਾਰੀ ਦੀ ਲਿਖਤ]

੧ਓ ਗੁਰੂ ਸਤ

ਸਿਰੀ ਸਤਿਗੁਰੂ ਜੀਉ ਕੀ ਆਗਿਆ ਹੈ ਭਾਈ ਸੰਗਤੀਆ ਬਾਲਾ ਸਰਬਤਿ ਸੰਗਤਿ
ਗੁਰੂ ਰਖੈਗਾ ਸੰਗਤਿ ਗੁਰੂ ਗੁਰੂ ਜਪਣਾ
ਜਨਮ ਸਉਰੇਗਾ ਕਾਰ ਲੈ ਕੇ ਸੰਗਤਿ ਬਿਸੋਏ ਨੋ ਦਰਸਨਿ ਆਵਣਾ ਜੋ ਆਵੇਗਾ
ਸੋ ਨਿਹਚਲੁ ਹੋਵਗੁ
੧ ਇਕੁ ਤੁਪਕ ਸਾਜ਼ ਸੁਧਾ ਲੈ ਆਵਣਾ

ਮਿਤੀ ਫਗਣ ਸੁਦੀ ੫ ਸੰਮਤ ੧੭੫੦ ਪੰਜਾਹਾ

## ੪੩. ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਤਲੋਕਾ ਭਾਈ ਰਾਮਾ ਜੋਗੁ

[ਭਾਦੋਂ ੨ ਸੰਮਤ ੧੭੫੩ ਬਿ., ੨ ਅਗਸਤ ੧੬੯੬ ਈ.]

"...ਤੁਧ ਜਮੀਅਤ ਲੈ ਕੇ ਅਸਾਡੇ ਹਜੂਰ ਆਵਣਾ ਤੇਰਾ ਘਰੁ ਮੇਰਾ ਅਸੈ..."



[ਬੁਰਜ ਬਾਬਾ ਆਲਾ ਸਿੰਘ, ਕਿਲਾ ਮੁਬਾਰਿਕ, ਪਟਿਆਲਾ]

## ੪੩

[ਹੁਕਮਨਾਮਾ ਪਾਤਸ਼ਾਹੀ ੧੦]

ਭਾਦੋਂ ੨, ਸੰਮਤ ੧੬੫੩ ਬਿ.
੨ ਅਗਸਤ, ੧੬੯੬ ਈ.

[ਗੁਰੂ ਜੀ ਦੀ ਲਿਖਤ]

ੴ ਸਤਿ ਗੁਰ ਜੀ

ਭਾਈ ਤਲੋਕਾ ਭਾਈ ਰਾਮਾ ਸੰਗਤ ਗੁਰੂ ਰਖੈਗਾ ਤੁਸਾਂ ਅਸਵਾਰ ਲੈ ਕੇ ਆਵਣਾ
ਜ਼ਰੂਰ ਆਵਣਾ
ਤੇਰੇ ਉਤੇ ਅਸਾਡੀ ਭਾਰੀ ਮੇਹਰਵਾਨਗੀ ਅਸੈ ਤੈਂ ਆਵਣਾ ੧ ਜੋੜਾ ਰਖਾਵਣਾ

[ਲਿਖਾਰੀ ਦੀ ਲਿਖਤ]


ੴ ਸਤਿਗੁਰੂ ਜੀ

ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਤਲੋ
ਕਾ ਭਾਈ ਰਾਮਾ ਸਰਬਤ ਸੰਗਤ ਗੁਰੂ ਰਖੈਗਾ
ਤੁਧੁ ਜਮੀਅਤ ਲੈ ਕੈ ਅਸਾਡੇ ਹਜੂਰ ਆ
ਵਣਾ ਮੇਰੀ ਤੇਰੇ ਉਪਰਿ ਬਹੁਤੁ ਖੁਸੀ ਹੈ
ਤੇਰਾ ਘਰੁ ਮੇਰਾ ਹੈ ਤੁਧੁ ਹੁਕਮੁ ਦੇਖਦਿਆਂ ਹੀ
ਛੇਤੀ ਅਸਾਡੇ ਹਜੂਰ ਆਵਣਾ ਤੇਰਾ
ਘਰੁ ਮੇਰਾ ਅਸੈ ਤੁਧੁ ਸਿਤਾਬੀ
ਹੁਕਮੁ ਦੇਖਦਿਆਂ ਹੀ ਆਵਣਾ
ਤੁਸਾਂ ਅਸਵਾਰ ਲੈ ਕੈ ਆਵਣਾ ਜਰੂਰ
ਆਵਣਾ ਤੇਰੇ ਉਤੈ ਅਸਾਡੀ ਖਰੀ ਮਿਹਰ
ਵਾਨਗੀ ਅਸੈ ਤੈ ਆਵਣਾ ਇਕ ੧
ਜੋੜਾ ਭੇਜਾ ਹੈ ਰਖਾਵਣਾ ਭਾਦੋ ੨ ਸੰਮਤੁ ੫੩

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਰੂਪੇ ਕੀ ਜੋਗੁ

[ਭਾਦੋਂ ੨, ਸੰਮਤ ੧੭੫੩ ਬਿ., ੨ ਅਗਸਤ ੧੬੯੬ ਈ.]

"...ਅਸਵਾਰ ਪਿਆਦੇ ਬੰਦੂਕੀ ਜਮੀਅਤ ਲੈ ਕੈ ਤੁਸਾ ਆਵਣਾ ਮੇਰੀ ਬਹੁਤ ਖੁਸੀ ਹੈ... ਸਿਤਾਬੀ ਆਵਣਾ.."



[ਪਿੰਡ ਭਾਈ ਰੂਪੇ ਕੇ ਵਿਚ]

## ੪੪

[ਹੁਕਮਨਾਮਾ ਪਾਤਸ਼ਾਹੀ ੧੦]

ਭਾਦੋਂ ੨, ਸੰਮਤ ੧੭੫੩ ਬਿ.
੨ ਅਗਸਤ, ੧੬੯੬ ਈ.

[ਗੁਰੂ ਜੀ ਦੀ ਲਿਖਤ]

[ਭਾਈ] ਸੁਖੀਆ ਗੁਰੂ ਰਖੈਗਾ ਤੁਸਾ ਹਜੂਰ ਆਵਣਾ
[ਤੇਰਾ] ਘਰ ਅਸਾਡਾ ਹੈ

[ਲਿਖਾਰੀ ਦੀ ਲਿਖਤ]

ੴ ਸਤਿਗੁਰੂ ਜੀ

ਸ੍ਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਸੁਖੀਆ ਸਰਬਤ
ਸੰਗਤਿ ਰੂਪੇ ਕੀ ਗੁਰੂ ਰਖੈਗਾ ਸੰਗਤਿ ਗੁਰੂ ਗੁਰੂ ਜਪਣਾ
ਜਨਮੁ ਸਉਰੈਗਾ ਅਸਵਾਰ ਪਿਆਦੇ ਬੰਦੂਕੀ ਜਮੀਅਤਿ
ਲੈ ਕੈ ਤੁਸਾ ਆਵਣਾ ਮੇਰੀ ਬਹੁਤੁ ਖੁਸੀ ਹੈ ਜੋ ਆਵਗੁ
ਸੋ ਨਿਹਾਲੁ ਹੋਗੁ ਹੁਕਮੁ ਦੇਖਦੇ ਹੀ ਸਿਤਾਬੀ ਆਵਣਾ
ਗੁਰੂ ਸੰਗਤ ਕੀ ਬਾਹੁੜੀ ਕਰੈਗਾ ਗੁਰੂ ਸੰਗਤ ਕੇ
ਸਭ ਮਨੋਰਥ ਪੂਰੇ ਕਰੈਗਾ ਸੰਗਤਿ ਨਿਹਾਲ ਹੋਈ


੧ ਫਿਰ ਉਠਿ ਲੈ ਆਵਣਾ ਤੁਸਾ ਜਰੂਰ ਆਵਣਾ
ਬਾਹੋੜੀ ਕਾ ਘਰ ਤੇਰਾ ਹੈ ਮੇਰੀ ਖੁਸੀ ਹੈ ਸਤਰਾਂ ੧੦

## ੪੫

# ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਸ਼ਾਹਜ਼ਾਦੇ ਅਜ਼ੀਮੁੱਦੀਨ ਦੇ ਲਸ਼ਕਰ ਕੀ ਦੇ ਨਾਮ

[ਸਾਵਣ ੨੪, ਸੰਮਤ ੧੭੫੫ ਬਿ., ੨੪ ਜੁਲਾਈ ੧੬੯੮]

"...ਭਾਈ ਮੁਹਕਮ ਸਿੰਘ ਜੀ ਭਾਈ ਸਤੀ ਦਾਸ... ੧੦੦ ਸਉ ਤੋਲਾ ਸੋਨਾ ਫੁਰਮਾਇਸ਼ ਕਾ ਕਰਿ ਭੇਜਣਾ... ਤੁਸਾਡਾ ਘਰੁ ਮੇਰਾ ਅਸੈ..."



[ਉਚਲਾ ਪਿੰਡ (ਜ਼ਿਲਾ ਪੂਰਨਿਆਂ) ਦੇ ਗੁਰਦੁਆਰੇ]

## ੪੫

[ਹੁਕਮਨਾਮਾ ਪਾਤਸ਼ਾਹੀ ੧੦]

ਸਾਵਣ ੨੪, ਸੰਮਤ ੧੭੫੫ ਬਿ.
੨੪ ਜੁਲਾਈ, ੧੬੯੮ ਈ.

[ਗੁਰੂ ਜੀ ਦੀ ਲਿਖਤ]

ੴ
ਸਤਿ ਗੁਰੂ ਜੀ

ਭਾਈ ਮੁਹਕਮ ਸਿੰਘ ਜੀ ਸਤੀ ਦਾਸ ਸਰਬਤ ਸੰਗਤੁ
ਸ਼ਹਜ਼ਾਦਾ ਅਜ਼ੀਮੁ ਦੀ ਦੇ ਲਸ਼ਕਰ ਦੀ
ਗੁਰੂ ਰਖੇਗਾ ੧੦੦) ਸਉ ਤੋਲੇ ਸੋਨਾ ਫਰਮਾਇਸ ਕਰ ਭੇਜਣਾ
ਗੁਰੂ ਸੰਗਤ ਕੇ ਰੁਜਗਾਰ ਅੰਦਰ ਬਰਕਤ ਕਰੈਗਾ

[ਲਿਖਾਰੀ ਦੀ ਲਿਖਤ]

ੴ ਸਤਿ ਗੁਰੂ ਜੀ।


ਸਿਰੀ ਗੁਰੂ ਜੀ ਕੀ ਆਗਿਆ ਹੈ ਭਾਈ ਮੁਹਕਮ ਸਿੰਘ ਜੀ ਭਾਈ ਸਤੀ ਦਾਸ ਸਰਬਤ
ਸੰਗਤਿ ਸਹਜਾਦੇ ਅਜ਼ੀਮ ਦੇ ਲਸ਼ਕਰ ਕੀ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮੁ
ਸਉਰੇਗਾ ੧੦੦) ਸਉ ਤੋਲਾ ਫੁਰਮਾਇਸ ਕਾ ਕਰਿ ਭੇਜਣਾ ਸਰਬਤ ਸੰਗਤਿ
ਸਹਜਾਦੇ ਅਜੀਮ ਕੇ ਲਸ਼ਕਰ ਦੀ ਨੋ ਮੇਰਾ ਹੁਕਮੁ ਹੈ ਜੋ ਸਿਖੁ ਸੋਨੇ ਦੀ ਫੁਰਮਾਇਸਿ ਦੇ
ਗੁ ਸੋ ਨਿਹਾਲੁ ਹੋਗੁ ਗੁਰੂ ਤਿਸਕੀ ਬਾਹੁੜੀ ਕਰੇਗਾ ਗੁਰੂ ਸੰਗਤਿ ਦੇ ਰੁਜਗਾਰ
ਅੰਦਰ ਬਰਕਤ ਕਰੇਗਾ ਮੇਰੀ ਬਹੁਤੁ ਖੁਸੀ ਅਸੈ ਸੰਗਤਿ ਨਿਹਾਲੁ ਹੋਈ
ਗੁਰੂ ਸੰਗਤਿ ਕੇ ਸਭ ਮਨੋਰਥ ਪੂਰੇ ਕਰੇਗਾ ਤੁਸਾਡਾ ਘਰੁ ਮੇਰਾ ਅਸੈ
ਮਿਤੀ ਸਾਵਣੇ ੨੪ ਸਮਤ ੧੭੫੫ ਸਤਰਾਂ, ਅਠ ੮

## ੪੬

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਮਾਛੀਵਾੜੇ ਕੀ ਜੋਗੁ

[ਚੇਤ ੧੪, ੧੭੫੫ ਬਿ., ੧੨ ਮਾਰਚ ੧੬੯੯ ਈ.]

"... ਇਕ ਤੋਲੇ ਸੋਇਨੇ ਕਾ ਹੁਕਮੁ ਲਿਖਿਆ ਹੈ ਦੇਖਦੇ ਸਿਤਾਬੀ ਹਜੂਰਿ ਭੇਜਣਾ... ਗੋਲਕ ਦਸਵੰਧ ਮੰਨਤ ਸੋ ਹਜੂਰ ਆਪ ਲੈ ਆਵਣਾ ਮਸੰਦਾਂ ਨੋ ਮੰਨਣਾ ਨਾਹੀਂ..."



[ਸੈਂਟਰਲ ਸਿੱਖ ਅਜਾਇਬ ਘਰ ਅੰਮ੍ਰਿਤਸਰ]

## ੪੬

[ਹੁਕਮਨਾਮਾ ਪਾਤਸ਼ਾਹੀ ੧੦]

ਚੇਤ ੧੪, ਸੰਮਤ ੧੭੫੫ ਬਿ.
੧੨ ਮਾਰਚ, ੧੬੯੯ ਈ.

[ਗੁਰੂ ਜੀ ਦਾ ਨਿਸ਼ਾਨੁ ਤੇ ਲਿਖਤ]

੧ ਭੇਜਣਾ

[ਲਿਖਾਰੀ ਦੀ ਲਿਖਤ]

ੴ ਸਤਿਗੁਰੂ ਜੀ

ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਕਲਿਆਣ ਰਾਇ ਸਰਬਤ
ਸੰਗਤਿ ਮਾਛੀਵਾੜੇ ਕੀ ਗੁਰੂ ਰਖੈਗਾ ਸੰਗਤਿ ਮੇਰਾ ਖਾਲਸਾ ਹੈ ਇਕੁ
ਤੋਲੇ ਸੁਇਨੇ ਕਾ ਹੁਕਮੁ ਲਿਖਿਆ ਹੈ ਦੇਖਦੇ ਸਿਤਾਬੀ ਹਜੂਰਿ ਭੇ
ਜਣਾ ਜੋ ਗੁਰੂ ਕੇ ਨਵਿਤ ਕਾ ਹੋਵੈ ਗੋਲਕ ਦਸਵੰਧ ਮੰਨਤ ਸੋ ਹਜੂ
ਰ ਆਪ ਲੈ ਆਵਣਾ ਮਸੰਦਾ ਨੋ ਮੰਨਣਾ ਨਾਹੀ ਗੁਰੂ ਸੰਗਤਿ ਕੀ
ਬਾਹੁੜੀ ਕਰੈਗਾ ਮਨੋਰਥ ਪੂਰੇ ਹੋਵਹਿਗੇ ॥ ਸੰਮਤੁ ੧੭੫੫ ॥
ਮਿਤੀ ਚੇਤੋ ਚਉਦਹ ॥ ੧੪ ॥ ਸਤਰਾਂ ਅਠ ॥ ੮ ॥

ਜਨਵਰੀ-ਮਾਰਚ 2021



## ੪੭

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਦੇਸ ਰਾਜ ਸੰਗਤਿ ਸਹਲੰਗ ਫਫੜਿਆਂ ਜੋਗੁ

ਵੈਸਾਖ ੨੭, ਸੰਮਤ ੧੭੫੬ ਬਿ.
੨੫ ਅਪਰੈਲ ੧੬੯੯ ਈ.

''... ਕਾਰ ਸੰਗਤਿ ਭਾਈ ਦੇਸ ਰਾਜ ਨੁ ਦੇਣੀ...''

[ਲਿਖਾਰੀ ਦੀ ਲਿਖਤ]

ਭਾਈ ਦੇਸ ਰਾਜ ਸੰਗਤਿ ਸਹਲੰਗ ਫਫੜਿਆਂ ਕਾ

[ਨਿਸ਼ਾਨ ਦਸਵੇਂ ਪਾਤਿਸ਼ਾਹ ਦਾ]

੧ ਗੁਰੂ ਜੀ
ਭਾਈ ਦੇਸ ਰਾਜ ਨੋ ਸੰਗਤਿ ਕਾਰ ਦੇਣੀ
ਤੁਸਾਡਾ ਭਲਾ ਹੋਵੇਗਾ

[ਲਿਖਾਰੀ ਦੀ ਲਿਖਤ]

੧ੴ ਸਤਿਗੁਰੂ ਜੀ

ਸਿਰੀ ਗੁਰੂ ਜੀ ਕੀ ਆਗਿਆ ਹੈ ਭਾਈ ਦੇਸਰਾਜ ਸਰਬਤ ਸੰਗਤ ਗੁਰਦਾਸ ਭਗਤੇ ਫਫੜੇ ਕਾ ਸਹਲੰਗੁ ਗੁਰੂ ਰਖੈਗਾ ਸੰਗਤਿ ਗੁਰੂ ਗੁਰੂ ਜਪਣਾ ਜਨਮੁ ਸੁਉਰੈਗਾ ਭਾਈ ਦੇਸਰਾਜੁ ਹਜੂਰ ਆਇਆ ਖੁਸੀ ਹੋਈ ਕਾਰ ਸੰਗਤਿ ਭਾਈ ਦੇਸ ਰਾਜ ਨੂੰ ਦੇਣੀ ਮੇਰੀ ਖੁਸੀ ਹੈ ਨਿਹਾਲ ਹੋਏ ਮਿਤੀ ਵੈਸਾਖੋ ੨੭ ਸੰਮਤ ੧੭੫੬ ਸਤਰਾਂ ੫


[ਪਿੰਡ ਫੱਫੜੇ ਭਾਈ ਕੇ ਵਿਚ]

## ੪੮

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਨਉਸ਼ਹਰੇ ਕੀ ਜੋਗੁ

[ਕਤਕ ੪, ੧੭੫੫ ਬਿ., ੫ ਅਕਤੂਬਰ ੧੬੯੯ ਈ.]

"ਸੰਗਤਿ ਦੀਵਾਲੀ ਨੋ ਦਰਸ਼ਨ ਆਵਣਾ... ਸੰਗਤਿ ਮੇਰਾ ਖਾਲਸਾ ਹੈ..."



[ਨਉਸ਼ਹਰਾ ਪੰਨੂਆਂ ਵਿਚ]

## ੪੮

[ਹੁਕਮਨਾਮਾ ਪਾਤਸ਼ਾਹੀ ੧੦]

ਕੱਤਕ ੪, ਸੰਮਤ ੧੭੫੬ ਬਿ.
੫ ਅਕਤੂਬਰ, ੧੬੯੯ ਈ.

[ਗੁਰੂ ਸਾਹਿਬ ਦਾ ਨਿਸ਼ਾਨ ਅਤੇ ਲਿਖਤ]

ਮੇਰਾ ਖਾਲਸਾ ਹੈ ੧) ਭੇਜਣਾ

[ਲਿਖਾਰੀ ਦੀ ਲਿਖਤ]

ੴ ੧ਓ ਸਤਿਗੁਰੂ

ਸਿਰੀ ਗੁਰੂ ਜੀਉ ਦੀ ਆਗਿਆ ਹੈ ਸਰਬਤਿ ਸੰਗਤਿ
ਨਉਸਹਰੇ ਕੀ ਗੁਰੂ ਰਖੈਗਾ ਸੰਗਤਿ ਗੁਰੂ ਗੁਰੂ ਜਪ
ਣਾ ਜਨਮੁ ਸਉਰੈਗਾ ਸੰਗਤਿ ਦਿਵਾਲੀ ਨੋ ਦਰਸ
ਨਿ ਆਵਣਾ ਜੋ ਗੁਰੂ ਕੇ ਨਿਵਤ ਕਾ ਹੋਵੇ ਸੋ ਆਪੇ ਲੈ
ਆਵਣਾ ਹੋਰਸ ਕਿਸੈ ਨੋ ਨਾਹੀ ਦੇਣਾ ਜੋ ਸਿਖੁ ਦ
ਰਸਨਿ ਆਵਗੁ ਸੋ ਨਿਹਾਲੁ ਹੋਗੁ ਸੰਗਤਿ ਤੁਸੀ ਮੇ
ਰਾ ਖਾਲਸਾ ਹੈ ਮੇਰੀ ਖੁਸ਼ੀ ਹੈ ੧) ਤੋਲਾ ਸੁਇਨਾ ਫੁਰਮਾ
ਇਸ ਹੁੰਡੀ ਕਰਾਇ ਭੇਜਣੀ ਜੋ ਸਿਖੁ ਸੋਇਨੇ ਫੁਰਮਾਇਸ ਦੇਗੁ
ਸੋ ਨਿਹਾਲੁ ਹੋਗੁ ਮੇਰੀ ਖੁਸੀ ਹੈ ਸੰਮਤੁ ੧੭੫੬
ਕਤਕ ਤੇ ੪ ਸਤਰਾਂ ੮

## ੪੯

## ਦਸਵੇਂ ਗੁਰੂ ਗੋਬਿੰਦ ਸਿੰਘ ਵਲੋਂ ਸੰਗਤਿ ਸਾਰੰਗਦੇਉ ਜੋਗੁ

ਕਤਕ ੪, ਸੰਮਤ ੧੭੫੬ ਬਿ.
੫ ਅਕਤੂਬਰ ੧੬੯੯ ਈ.

"... ਸੰਗਤਿ ਦੀਵਾਲੀ ਨੂ ਦਰਸਨਿ ਆਵਣਾ...
ਤੁਸੀ ਮੇਰਾ ਖਾਲਸਾ ਹੋਇ..."

[ਨੀਸਾਣੁ] ਸਤਿਗੁਰ ਪ੍ਰਸਾਦਿ

[ਲਿਖਾਰੀ ਦੀ ਲਿਖਤ]

ੴ ਸਤਿਗੁਰ ਪ੍ਰਸਾਦਿ

ਸ੍ਰੀ ਗੁਰੂ ਜੀ ਦੀ ਆਗਿਆ ਹੈ ਸ੍ਰਬਤਿ ਸੰਗਤਿ ਸਾਰੰਗਦੇਉ ਦੀ ਗੁਰੂ ਗੁਰੂ ਜਪਨਾ ਜਨਮੁ ਸਉਰੇਗਾ। ਸੰਗਤਿ ਦਿਵਾਲੀ ਨੂ ਦਰਸਨਿ ਆਉਣਾ। ਜੋ ਗੁਰੂ ਕੇ ਨਿਵਿਤਿ ਕਾ ਹੋਵੇ ਸੋ ਆਪੇ ਹੀ ਲੈ ਆਉਣਾ। ਹੋਰਸ ਕਿਸੇ ਨੂ ਨਹੀ ਦੇਣਾ। ਜੋ ਸਿਖ ਆਉਗੁ ਸੋ ਨਿਹਾਲ ਹੋਇਗੋ। ਸੰਗਤਿ ਤੁਸੀ ਮੇਰਾ ਖਾਲਸਾ ਹੋਇ ਦੋਇ ਤੋਲੇ ਸੁਇਨਾ ਫੁਰਮਾਇਸ ਹੁੰਡੀ ਕਰਾਇਕੈ ਭੇਜ ਦੇਣੀ ਜੋ ਸਿਖ ਸੁਇਨੇ ਕੀ ਫੁਰਮਾਇਸ, ਵਿਚ ਦੇਉਗੁ ਸੋ ਨਿਹਾਲੁ ਹੋਇਗੁ ਜੋ ਸਿਖ ਮੰਨਗੁ ਸੋ ਨਿਹਾਲੁ ਹੋਇਗੁ। ਅਗੇ ਭਾਈ ਸਿਧੂ ਬ੍ਰਿਹਮਣਿ ਤਿਸ ਦੀ ਅੰਸ ਨੂੰ ਮੰਨਗੁ ਸੋ ਨਿਹਾਲੁ ਹੋਇਗੁ ਦੇਉਗੁ ਸੋ ਨਿਹਾਲੁ ਹੋਇਗੁ ॥ ॥=॥=॥ ਸੰਮਤਿ ੧੭੫੬ ਸਤਾਰਾ ਸੈਇ ਛਪੰਜਾ ਮਿਤੀ ਕਤਕ ੪ ॥ ਚਉਥਾ ॥ ਸਤਰਾ ਨਉ ॥੯॥


[ਪਿੰਡ ਸਿਰਹਾਲੀ ਵਿਚ]

## ੫੦

# ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਪਟਣ ਫਰੀਦਕੇ ਕੀ ਜੋਗੁ

[ਫਾਗੋ ੪ ਸੰਮਤ ੧੭੫੬, ੧ ਫ਼ਰਵਰੀ ੧੭੦੦ ਈ.]

"... ਸੰਗਤਿ ਮੇਰਾ ਖਾਲਸਾ ਹੈ ਗੁਰੂ ਕੇ ਨਿਵਿਤ ਕਾ ਹੋਵੈ ਸੋ ਵਿਸੋਇ ਨੂੰ ਹਜੂਰਿ ਲੈ ਕੇ ਦਰਸਨ ਆਵਣਾ... ਹੋਰਸ ਕਿਸੇ ਮਸੰਦ ਨੂੰ ਨਾਹੀ ਮੰਨਣਾ..."



੧ੳ ਸਤਿਗੁਰੂਜੀਉ

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਸਰਬਤ ਸੰਗਤਿ ਪਟਣ

ਫਰੀਦਕੇ ਕੀ ਗੁਰੂ ਰਖੈਗਾ ਸੰਗਤਿ ਗੁਰੂ ਗੁਰੂ ਜਪਣਾ ਜਨਮੁ

ਸਵਰੈਗਾ ...

... ੧੭੫੬ ...

ਸੰਮਤੁ ੧੭੫੬ ...

ਸੰਗਤਿ ਮੇਰਾ ਖਾਲਸਾ ਹੈ ਗੁਰੂ ਕੇ ਨਿਵਤ ਕਾ ਹੋਵੈ ਸੋ ਵਿਸੋਇ ਨੂ

ਹਜੂਰਿ ਲੈ ਕੇ ਦਰਸਨ ਆਵਣਾ ਮੇਰੀ ਖੁਸੀ ਹੈ ਆਵਣਾ

ਜੋ ... ਹੋਰਸ ਕਿਸੇ ਮਸੰਦ ਨੂੰ ਨਾਹੀ ਮੰਨਣਾ ...

... ਸੰਗਤਿ ਕੇ ...

ਪੂਰੇ ਕਰੇਗਾ ਮਿਤੀ ਫਾਗੋ ੪ ਸੰਮਤੁ ੧੭੫੬ ਸਤਰਾ ੧੦

[ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ]

## ੫੦

[ਹੁਕਮਨਾਮਾ ਪਾਤਸ਼ਾਹੀ ੧੦]

ਫਗਣ ੪, ਸੰਮਤ ੧੭੫੬ ਬਿ.
੧ ਫ਼ਰਵਰੀ, ੧੭੦੦ ਈ.

[ਗੁਰੂ ਜੀ ਦਾ ਨੀਸ਼ਾਣੁ ਅਤੇ ਲਿਖਤ]

੧੦੩

[ਲਿਖਾਰੀ ਦੀ ਲਿਖਤ]

੨ ਤਿਲੇਦਾਰ ੧ ਸਾਦੀ

ੴ ਸਤਿਗੁਰੂ ਜੀਉ


ਸਿਰੀ ਗੁਰੂ ਜੀਉ ਦੀ ਆਗਿਆ ਹੈ ਸਰਬਤ ਸੰਗਤਿ ਪਟਣ ਫ
ਰੀਦ ਕੇ ਕੀ ਗੁਰੂ ਰਖੈਗਾ ਸੰਗਤਿ ਗੁਰੂ ਗੁਰੂ ਜਪਣਾ ਜਨਮੁ ਸ
ਉਰੈਗਾ ਡਿਉਢੁ ਤੋਲੇ ਸੋਨੇ ਕੀ ਫੁਰਮਾਇਸਿ ਰੁਪਈਏ
ਉਨੀ ਸਵਾ ੧੯।) ਸੰਤੋਖੇ ਮੇਵੜੇ ਹਥਿ ਮਿਤੀ ਮਾਹੋ ੬
ਸੰਮਤੁ ੧੭੫੬ ਹਜੂਰਿ ਪਹੁਤੇ ਖੁਸੀ ਹੋਈ ਨਿਹਾਲੁ ਹੋਏ
ਸੰਗਤਿ ਮੇਰਾ ਖਾਲਸਾ ਹੈ ਗੁਰੂ ਕੇ ਨਿਵਤ ਕਾ ਹੋਵੈ ਸੋ ਵਿਸੋਏ ਨੂ
ਹਜੂਰਿ ਲੈ ਕੇ ਦਰਸਨ ਆਵਣਾ ਮੇਰੀ ਖੁਸੀ ਹੈ ਆਵਗੁ
ਸੋ ਨਿਹਾਲੁ ਹੋਗੁ ਹੋਰਸ ਕਿਸੇ ਮਸੰਦ ਨੂ ਨਾਹੀ ਮੰਨਣਾ ੩ ਤੈ
ਪਗਾਂ ਸਿਰਪਾਉ ਭੇਜੇ ਹੈਨਿ ਰਖਾਵਣੇ ਸੰਗਤਿ ਕੇ ਮਨੋਰਥ ਗੁਰੂ
ਪੂਰੇ ਕਰੇਗਾ ਮਿਤੀ ਫਾਗੋ ੪ ਸੰਮਤੁ ੧੭੫੬ ਸਤਰਾਂ ੧੦

## ੫੧

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਪਟਣ ਸ਼ੇਖ ਫਰੀਦ ਜੋਗੁ

[ਮੱਘਰੋਂ ੪, ੧੭੫੭ ਬਿ., ੪ ਨਵੰਬਰ ੧੭੦੦ ਈ.]

''.. ਸੰਗਤਿ ਮੇਰਾ ਖਾਲਸਾ ਹੈ ਜੋ ਗੁਰੂ ਕੇ ਨਵਿਤ ਕਾ ਹੋਵੈ ਸੋ ਕਿਸੇ ਮਸੰਦ ਨੋ ਨਾਹੀ ਦੇਵਣਾ ਆਪਣੇ ਪਾਸ ਰਖਣਾ...''



[ਸ੍ਰੀ ਹਰਿਮੰਦਰ ਸਾਹਿਬ ਲਾਇਬ੍ਰੇਰੀ-ਕਮ-ਮਿਊਜ਼ੀਅਮ ਵਿਚ]

## ੫੧

[ਹੁਕਮਨਾਮਾ ਪਾਤਸ਼ਾਹੀ ੧੦]

ਮਘਰ ੪, ਸੰਮਤ ੧੭੫੭ ਬਿ.
੪ ਨਵੰਬਰ, ੧੭੦੦ ਈ.

ਸਰਬਤਿ ਸੰਗਤਿ ਹਥੀਆਰ ਬੰਧਿ ਕੈ ਹੱਲੋਂ ਨੋਂ
ਦਰਸਨ ਆਵਣਾ ਨਿਹਾਲ ਹੋਏ ਸਤਰਾਂ ੧੧

ਘਰਿ ਘਰਿ ਗੋਲਕ ਕਰਨੀ

[ਨਿਸ਼ਾਨ ਗੁਰੂ ਜੀ ਦਾ]

[ਲਿਖਾਰੀ ਦੀ ਲਿਖਤ]

ੴ ਗੁਰੂ ਕੇ ਨਮਿਤ ਕਾ ਹੋ ਸੁ ਕਿਸੇ ਨੋ ਨਾਹੀ ਦੇਵਣਾ ਜਾਂ ਆਪ ਆਵਣਾ ਤਾਂ ਹਜੂਰ ਲੈ
ਆਵਣਾ ਅਰੁ ਮਸੰਦ ਮਸੰਦੀਏ ਦੇ ਮਰਣੇ ਪਰਣੇ ਗੁਰੂ ਕੇ ਸਿਖ ਨਾਹੀ ਬੈਠਣਾ
ਜੋ ਹੁਕਮ ਮਨਗੁ ਤਿਸ ਦੇ ਮਨੋਰਥ ਪੂਰੇ ਹੋਨਿਗੇ ਮੇਰੀ ਖੁਸੀ ਹੈ ਸਤਰਾਂ ੧੪

੧੦੦

ੴ ਸਤਿਗੁਰੂ ਜੀਉ


ਸਿਰੀ ਗੁਰੂ ਜੀਉ ਦੀ ਆਗਿਆ ਹੈ ਸਰਬਤਿ ਸੰਗਤਿ ਪਟਣ ਫਰੀਦ ਦੀ ਗੁਰੂ ਰਖੈਗਾ ਸੰਗਤਿ ਗੁਰੂ ਗੁਰੂ ਜਪਣਾ ਜਨਮੁ ਸਉਰੇਗਾ ਸਰਬਤਿ ਸੰਗਤਿ ਮੇਰਾ ਖਾਲਸਾ ਹੈ ਜੋ ਗੁਰੂ ਕੇ ਨਵਿਤ ਕਾ ਹੋਵੈ ਸੋ ਕਿਸੈ ਮਸੰਦ ਨੋ ਨਾਹੀ ਦੇਵਣਾ ਅਪਣੇ ਅਪਣੇ ਪਾਸਿ ਰਖਣਾ ਜੋ ਸਿਖੁ ਆਵੈ ਹਜੂਰ ਤਿਸੁ ਆਪੇ ਹੀ ਲੈ ਆਵਣਾ ਜਿਸ ਦਾ ਆਵਣੁ ਹੋਵੈ ਨਾਹੀ ਤਿਸੁ ਆਪਣੇ ਹੀ ਪਾਸਿ ਰਖਣਾ ਜਾਂ ਗੁਰੂ ਕਾ ਹੁਕਮੁ ਨਾਂਵਾ ਆਵੈ ਤਾ ਹੁੰਡੀ ਕਰਾਇ ਕੈ ਭੇਜਣੀ ਮੇਰੀ ਖੁਸੀ ਹੈ ੧) ਇਕੁ ਤੋਲਾ ਸੋਨਾ ਫੁਰਮਾਇਸ ਲਿਖਿਆ ਹੈ ਸੰਗਤਿ ਹੁੰਡੀ ਕਰਾਇ ਕੈ ਭੇਜਣਾ ਮੇਰੀ ਖੁਸੀ ਹੈ ਜੋ ਸਿਖੁ ਫੁਰਮਾਇਸ ਦੇਗੁ ਸੋ ਨਿਹਾਲੁ ਹੋਗੁ ਮਿਤੀ ਮਘਰੋ ੪ ਸੰਮਤ ੧੭੫੭ ਸਤਰਾਂ ੯

## ੫੨

# ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਨਉਸ਼ਹਰਾ ਜੋਗੁ

[ਮੱਘਰ ੪, ੧੭੫੭ ਬਿ., ੪ ਨਵੰਬਰ ੧੭੦੮ ਈ.]

"... ਸੰਗਤਿ ਮੇਰਾ ਖਾਲਸਾ ਹੈ ਜੋ ਗੁਰੂ ਕੇ ਨਵਿਤ ਕਾ ਹੋਇ ਸੋ ਹੋਰਸ ਕਿਸੈ ਨੋ ਨਾਹੀ ਦੇਣਾ ਆਪੋ ਆਪਣੇ ਪਾਸ ਰਖਣਾ...ਇਕ ਤੋਲਾ ਸੋਨਾ ਫਰਮਾਇਸ ਹੁੰਡੀ ਕਰਾਇ ਭੇਜਣੀ..."



[ਨਉਸ਼ਹਰਾ ਪੰਨੂਆਂ ਵਿਚ]

## ੫੨

[ਹੁਕਮਨਾਮਾ ਪਾਤਸ਼ਾਹੀ ੧੦]

ਮਘਰ ੪, ਸੰਮਤ ੧੭੫੭ ਬਿ.
੪ ਨਵੰਬਰ, ੧੭੦੦ ਈ.

ਘਰਿ ਘਰਿ ਗੋਲਕ ਕਰਣੀ

[ਨਿਸ਼ਾਨ ਤੇ ਲਿਖਤ ਗੁਰੂ ਜੀ]

ਸਰਬਤਿ ਸੰਗਤਿ ਨੋ ਹੁਕਮੁ ਹੈ ਹੋਲੀ ਨੋ ਦਰਸਨਿ...
ਹਥਿਆਰ ਬੰਨਿ ਕੈ ਦਰਸਨਿ ਆਵਣਾ ਖੁਸੀ ਹੈ

੧੮੮

[ਲਿਖਾਰੀ ਦੀ ਲਿਖਤ]

੧ਓ ਸਤਿਗੁਰੂ ਜੀਓੁ

ਸਿਰੀ ਗੁਰੂ ਜੀਓੁ ਦੀ ਆਗਿਆ ਹੈ ਸਰਬਤ ਸੰਗਤਿ ਨਉਸ਼ਹਰਾ ਕੀ ਗੁਰੂ ਰਖੈਗਾ ਸੰਗਤਿ ਗੁਰੁ ਗੁਰੂ ਜਪਣਾ ਜਨਮੁ ਸਉਰੇਗਾ ਸੰਗਤਿ ਮੇਰਾ ਖਾਲਸਾ ਹੈ ਜੋ ਗੁਰੂ ਕੇ ਨਵਿਤ ਦਾ ਹੋਇ ਸੋ ਆਪੋ ਆਪਣੇ ਪਾਸਿ ਰਖਣਾ ਹੋਰਸ ਕਿਸੈ ਨੋ ਨਾਹੀ ਦੇਣਾ ਜਾ ਆਵਣਾ ਤਾ ਲੇਇ ਆਵਣਾ ਜਿਸਦਾ ਨ ਹੋਵੈ ਆਵਣਾ ਤਿਨ ਹੁਕਮੁ ਦੇਖਿ ਕੈ ਹੁੰਡੀ ਕਰਾਇ ਭੇਜਣੀ ਆਪਣੀ ਅਰਦਾਸੁ ਲਿਖਿ ਕੈ ਹਜੂਰਿ ਭੇਜਣੀ ੧) ਇਕੁ ਤੋਲਾ ਸੋਨਾ ਫੁਰਮਾਇਸਿ ਹੁੰਡੀ ਕਰਾਇ ਭੇਜਣੀ ਜੋ ਸਿਖੁ ਫੁਰਮਾਇਸਿ ਦੇਉਗੁ ਸੋ ਨਿਹਾਲੁ ਹੋਗੁ ਸੰਗਤਿ ਕੀ ਬਾਹੁੜੀ ਹੋਇਗੀ ਮੇਰੀ ਖੁਸੀ ਹੈ ਸੰਮਤੁ ੧੭੫੭ ਮਿਤੀ ਮਘਰੋ ੪ ਸਤਰਾਂ ਅਠ


ਗੁਰੂ ਕੇ ਨਵਿਤ ਕਾ ਹੋਰ ਕਿਸੈ ਨੋ ਨਾਹੀ ਦੇਵਣਾ ਜਾ ਆਪਿ ਹਜੂਰਿ ਆਵਣਾ ਤਾ ਆਪਿ ਹੀ ਲੈ ਆਵਣਾ ਮਸੰਦ ਮਸੰਦੀਏ ਦੇ ਮਰਣੇ ਪਰਣੇ ਨਾਹੀ ਬੈਠਣਾ ਸਿਖ ਗੁਰੂ ਕੇ ਜੋ ਹੁਕਮ ਮੰਨੇਗਾ ਸੋ ਨਿਹਾਲ ਹੋਗੁ ੧੩ ਸਤਰਾਂ

## ੫੩

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਦਸੂਹਾ ਜੋਗੁ

[ਮੱਘਰ ੪, ੧੭੫੭ ਬਿ., ੪ ਨਵੰਬਰ ੧੭੦੦ ਈ.]

"... ਸੰਗਤਿ ਮੇਰਾ ਖਾਲਸਾ ਹੈ ਜੋ ਗੁਰੂ ਕੇ ਨਵਿਤ ਕਾ ਹੋਵੈ ਸੋ ਬਿਨੁ ਹੁਕਮ ਕਿਸੈ ਨੋ ਨਾਹੀ ਦੇਣਾ... ਫਰਮਾਇਸ਼ ਸੋਨਾ ਤੋਲਾ ਡੇਢ ਲੋਚ ਕੈ ਦੇਣਾ..."



[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

## ੫੩

[ਹੁਕਮਨਾਮਾ ਪਾਤਸ਼ਾਹੀ ੧੦]

ਮਘਰ ੪, ਸੰਮਤ ੧੭੫੭ ਬਿ.
੪ ਨਵੰਬਰ, ੧੭੦੦ ਈ.

[ਗੁਰੂ ਜੀ ਦਾ ਨਿਸ਼ਾਨ ਤੇ ਲਿਖਤ]

[ਲਿਖਾਰੀ ਦੀ ਲਿਖਤ]

੧ੴ ਸਤਿ ਗੁਰੂ ਜੀ

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਸਰਬਤ ਸੰਗਤਿ ਦਧੂਹੇ ਕੀ ਗੁਰੂ ਰਖੈ
ਗਾ ਗੁਰੂ ਗੁਰੂ ਜਪਣਾ ਜਨਮੁ ਸਵਰੈ, ਸੰਗਤਿ ਮੇਰਾ ਖਾਲਸਾ ਹੈ, ਜੋ ਗੁਰੂ
ਕੇ ਨਵਿਤ ਕਾ ਹੋਵੈ, ਸੋ ਬਿਨੁ ਹੁਕਮ ਕਿਸੈ ਨੋ ਨਾਹੀ ਦੇਣਾ ਜੋ ਸਿਖੁ
ਦਰਸਨਿ ਆਵੈ ਸੋ ਆਪਣੇ ਨਾਲਿ ਲੈ ਆਵੈ, ਜਿਸ ਦਾ ਆਵਣੁ
ਨ ਹੋਵੈ ਜੋ, ਗੁਰੂ ਕਾ ਹੁਕਮੁ ਲੈ ਆਵੈ ਹੁੰਡੀ ਕ਼ਰਾਇ ਤਿਸਦੈ ਹਵਾ
ਲੈ ਕਰਣੀ, ਫੁਰਮਾਇਸਿ ਸੋਨਾ ਤੋਲਾ ੧॥) ਡੇਢੁ ਲੋਚਿ ਕੈ ਦੇਣੀ
ਹੁਕਮੁ ਦੇਖਦੇ ਹੀ ਹੁੰਡੀ ਕਰਾਇ ਦੇਣੀ
ਜੋ ਦੇਗੁ ਸੋ ਨਿਹਾਲੁ ਹੋਗੁ ਮੇਰੀ ਖੁਸੀ ਹੈ ਸਮਤੁ ੧੭੫੭ ਮਘਰ ਮਿਤੀ ੪ ਸਤ੍ਰਾਂ ੭

ਗੁਰੂ ਕੇ ਨਵਿਤ ਕਾ ਹੋਰਸ ਕਿਸੇ ਨੋ ਨਾਹੀ ਦੇਣਾ, ਜਾ ਆਪਿ ਆਵਣਾ ਆ
ਪੇ ਹੀ ਲੈ ਆਵਣਾ, ਅਰੁ ਮਸੰਦ ਮਸੰਦੀਏ ਦੇ ਮਰਣੈ ਪਰਣੈ ਗੁਰੂ ਕੇ ਸਿਖ
ਨਾਹੀ ਜਾਣਾ, ਜੋ ਹੁਕਮੁ ਮੰਨੁਗੁ ਤਿਸ ਕੇ ਮਨੋਰਥ ਪੂਰੇ ਹੋਨਿਗੇ, ਮੇਰੀ ਖੁਸੀ ਹੈ
ਸਰਬਤ ਸੰਗਤਿ ਹੋਲੀ ਨੋ ਦਰਸਨਿ ਆਵਣਾ, ਹਥੀਆਰ ਬੰਨਿ ਕੇ ॥ ਬਹੁੜੀ ਹੋਗੁ


ਮਸੰਦਾ ਦੇ ਮੁਹਿ ਨਾਹੀ ਲਗਣਾ ਗੁਰੂ ਕੇ ਸਿਖ ਜੋ ਹੁਕਮੁ ਮਨਗੁ ਸੋ ਨਿਹਾਲੁ ਹੋਗੁ

### ੫੪

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਮਿਹਰ ਚੰਦ ਪੇਸ਼ਕਾਰ ਜੋਗੁ

[ਫੱਗਣ ੧੦, ੧੭੫੮ ਬਿ., ੬ ਫਰਵਰੀ ੧੭੦੨ ਈ.]

"...ਪੇਸ਼ਕਾਰ ਖੁਫੀਏ ਨਵੀਸ ਕਾ ਮੇਰਾ ਖਾਲਸਾ ਹੈ... ਰੁਪਏ ੨੫) ਪੰਜੀਹ ਫੁਰਮਾਇਸ਼ ਲਿਖੀ ਹੈ... ਸਿਤਾਬੀ ਹੁੰਡੀ ਕਰਾਇ ਭੇਜਣੀ... ਅਰੁ ਹਥੀਆਰ ਬੰਨ ਕੈ ਦਰਸ਼ਨਿ ਆਵਣਾ..."


ੴ ਸਤਿਗੁਰੂ ਜੀਉ

[ਡਾ. ਅਸ਼ੋਕ ਹੰਸ, ਲਖਨਊ]

## ੫੪

[ਹੁਕਮਨਾਮਾ ਪਾਤਸ਼ਾਹੀ ੧੦]

ਫੱਗਣ ੧੦ ਸੰਮਤ ੧੭੫੮ ਬਿ.
੬ ਫ਼ਰਵਰੀ ੧੭੦੨ ਈ.

[ਗੁਰੂ ਜੀ ਦਾ ਨਿਸ਼ਾਣ ਅਤੇ ਲਿਖਤ]

[ਲਿਖਾਰੀ ਦੀ ਲਿਖਤ]

ੴ ਸਤਿ ਗੁਰੂ ਜੀਉ


ਸਿਰੀ ਗੁਰੂ ਜੀ ਦੀ ਆਗਿਆ ਹੈ ਭਾਈ ਮਿਹਰਚੰਦੁ ਪੇਸ਼ਕਾਰ ਖੁਫੀਏ ਨਵੀ ਸਕਾ ਮੇਰਾ ਖਾਲਸਾ ਹੈ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮੁ ਸਉਰੈਗਾ ਰੁਪਯੇ ੨੫) ਪੰਜੀ ਫੁਰਮਾਇਸਿ ਲਿਖੀ ਹੈ ਹੁਕਮੁ ਦੇਖਦੇ ਸਿਤਾਬੀ ਹੁੰਡੀ ਕਰਾਇ ਭੇਜਣੀ ਖਸਮਾਨਾ ਹੋਗੁ ਬਾਹੁੜੀ ਹੋਵੈਗੀ ਮਸੰਦ ਅਰੁ ਮਸੰਦੀਏ ਨੋ ਨਾਹੀ ਮਿਲਣਾ ਜੋ ਕਿਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਹਜੂਰਿ ਪਹੁਚਾਵਣਾ ਨਿਹਾਲੁ ਹੋਵਉਗੇ ਜੋ ਸਿਖੁ ਮਿਲੈ ਸੋ ਮੇਲ ਲੈਵਣਾ ਮੇਰੀ ਖੁਸ਼ੀ ਹੈ ਦਿਕਤਿ ਨਾਹੀ ਕਰਣੀ ਅਰੁ ਹਥੀ ਆਰ ਬੰਨ ਕੈ ਦਰਸਨਿ ਆਵਣਾ ਜੋ ਸਿਖੁ ਦਰਸਨ ਆਵਗੁ ਤਿਸ ਦੀ ਘਾਲ ਥਾਇ ਪਵੈਗੀ ਮਿਤੀ ਫਾਗੋ ੧੦ ਸੰਮਤੁ ੧੭੫੮ ਸਤਰਾਂ ੯

ਜੋ ਕਿਛੁ ਗੁਰੂ ਕੇ ਨਮਿਤ ਕਾ ਹੋਵੈ ਸੋ ਹਜੂਰਿ
ਹੁੰਡੀ ਕਰਾਇ ਭੇਜਣੀ ਸਤਰਾਂ ਦਸ ੧੦

## ੫੫
## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਮਿਹਰ ਚੰਦ ਧਰਮ ਚੰਦ ਜੋਗੁ

[ਫੱਗਣ ੧੦, ੧੭੫੮ ਬਿ. ੬ ਫ਼ਰਵਰੀ ੧੭੦੨ ਈ.]

"...ਤੁਸੀ ਮੇਰਾ ਖਾਲਸਾ ਹੋ ਇਕੁ ਸਉ ਇਕੁ ੧੦੧) ਰੁਪਯਾ ਹਾਥੀ ਦੀ ਫੁਰਮਾਇਸਿ... ਸਿਤਾਬੀ ਹੁੰਡੀ ਕਰਾਇ ਭੇਜਣੀ... ਮਸੰਦ ਮਸੰਦੀਏ ਨਾਲਿ ਨਾਹੀ ਮਿਲਣਾ ਨਾਹੀ ਮੰਨਣਾ ..."




[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

## ੫੫

[ਹੁਕਮਨਾਮਾ ਪਾਤਸ਼ਾਹੀ ੧੦]

ਫੱਗਣ ੧੦, ਸੰਮਤ ੧੭੫੮ ਬਿ.
੬ ਫ਼ਰਵਰੀ ੧੭੦੨ ਈ.

[ਨਿਸ਼ਾਨ ਗੁਰੂ ਸਾਹਿਬ]

[ਲਿਖਾਰੀ ਦੀ ਲਿਖਤ]


੧ੴ ਸਤਿਗੁਰੂ ਜੀ

ਸਿਰੀ ਗੁਰੂ ਜੀ ਦੀ ਆਗਿਆ ਹੈ ਭਾਈ ਮਹਿਰ ਚੰਦੁ ਧਰਮ ਚੰਦੁ ਕਰਮ ਚੰਦੁ
ਗੁਰੂ ਰਖੇਗਾ
ਗੁਰੂ ਗੁਰੂ ਜਪਣਾ ਜਨਮੁ ਸਉਰੇਗਾ ਤੁਸੀ ਮੇਰਾ ਖਾਲਸਾ ਹੋ ਇਕੁ ਸਉ ਇਕ ੧੦੧)
ਰੁਪਯਾ ਹਾਥੀ ਦੀ ਫੁਰਮਾਇਸਿ ਹੁਕਮੁ ਦੇਖਦੇ ਹੀ ਸਿਤਾਬੀ ਹੁੰਡੀ ਕਰਾਇ ਭੇਜਣੀ
ਅਰੁ ਹੋਰੁ ਜੋ ਕਿਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਆਪੇ ਲੈ ਆਵਣਾ ਹਥੀਆਰ
ਬੰਨਿ ਕੇ ਦਰਸ
ਨਿ ਆਵਗੁ ਸੋ ਨਿਹਾਲ ਹੋਗੁ ਉਸ ਦੀ ਘਾਲਿ ਥਾਇ ਪਵਗੁ ਗੁਰੂ ਨਾਲਿ ਰਹਗੁ
ਗੁਰੂ ਕੇ ਨ
ਵਿਤ ਕਾ ਹੋਵੈ ਸੋ ਹੋਰਸ ਕਿਸੇ ਨੋ ਨਾਹੀ ਦੇਣਾ ਅਰੁ ਮਸੰਦ ਮਸੰਦੀਏ ਨਾਲਿ
ਨਾਹੀ ਮਿਲਣਾ
ਨਾਹੀ ਮੰਨਣਾ ਜੋ ਸਿਖੁ ਮਿਲੈ ਸੋ ਮੇਲਿ ਲੈਣਾ ਵਧੀਕ ਦਿਕਤਿ ਨਾਹੀ ਕਰਣੀ
ਮੇਰਾ ਹੁ
ਕਮੁ ਹੈ ਸੰਗਤਿ ਸੰਮਤੁ ੧੭੫੮ ਮਿਤੀ ਫਾਗੋ ੧੦ ਸਤਰਾਂ ਅਠਿ ੮

## ੫੬ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਪਿਰਾਗ ਜੋਗੁ

[ਫੱਗਣ ੧੦, ੧੭੫੮ ਬਿ.    ੬ ਫ਼ਰਵਰੀ ੧੭੦੨ ਈ.]

"... ੫ ਪੰਜ ਤੋਲੇ ਸੋਨਾ ਫੁਰਮਾਇਸ਼ ਲਿਖੀ ਹੈ... ਹੁਕਮੁ ਦੇਖਦੇ.. ਹੁੰਡੀ ਕਰਾਇ ਭੇਜਣੀ ਜੋ ਕਿਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਹੋਰੁ ਕਿਸੇ ਨੋ ਨਾਹੀ ਦੇਣਾ ਹਜੂਰਿ ਪਹੁਚਾਵਣਾ ਆਪ ਵਿਚ ਪਿਆਰ ਕਰਣਾ ਸੰਗਤਿ ਹਥੀਆਰ ਬੰਨ ਕੈ ਦਰਸਨਿ ਆਵਣਾ ..."




[ਰਾ. ਅਜੀਆ ਰਾਜ, ਲਖਨਊ ਵਿਚ]

# ੫੬

[ਹੁਕਮਨਾਮਾ ਪਾਤਸ਼ਾਹੀ ੧੦]

ਫੱਗਣ ੧੦, ਸੰਮਤ ੧੭੫੮ ਬਿ.
੬ ਫਰਵਰੀ ੧੭੦੨ ਈ.

[ਗੁਰੂ ਜੀ ਦਾ ਨਿਸਾਣ ਅਤੇ ਲਿਖਤ]

[ਲਿਖਾਰੀ ਦੀ ਲਿਖਤ]

ੴ ਸਤਿ ਗੁਰੂ ਜੀਉ

ਸਿਰੀ ਗੁਰੂ ਜੀ ਦੀ ਆਗਿਆ ਹੈ ਸਰਬਤ ਸੰਗਤਿ ਪਿਰਾਗ ਕੀ ਮੇਰਾ ਖਾਲਸਾ ਹੈ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮੁ ਸਉਰੈਗਾ ੫) ਪੰਜ ਤੋਲੇ ਸੋਨਾ ਫੁਰ ਮਾਇਸਿ ਲਿਖੀ ਹੈ ਸੰਗਤਿ ਹੁਕਮੁ ਦੇਖਦੇ ਸਿਤਾਬੀ ਹੁੰਡੀ ਕਰਾਇ ਭੇਜਣੀ ਖਸਮਾਨਾ ਹੋਗੁ ਬਾਹੁੜੀ ਹੋਵੈਗੀ ਸੰਗਤਿ ਮਸੰਦ ਮਸੰਦੀਏ ਨੋ ਨਾਹੀ ਮਿਲ ਣਾ ਜੋ ਕਿਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਹੋਰ ਕਿਸੇ ਨੋ ਨਾਹੀ ਦੇਣਾ ਹਜੂਰਿ ਪਹੁਚਾਵਣਾ ਜੋ ਸਿਖੁ ਮਿਲੈ ਸੋ ਮੇਲ ਲੈਵਣਾ ਦਿਕਤਿ ਨਾਹੀ ਕਰਣੀ ਮੇ ਰੀ ਖੁਸੀ ਹੈ ਆਪ ਵਿਚਿ ਪਿਆਰੁ ਕਰਣਾ ਸੰਗਤਿ ਹਥੀਆਰ ਬੰਨ ਕੇ ਦਰਸਨ ਆ ਵਣਾ ਜੋ ਸਿਖੁ ਦਰਸਨ ਆਵਗੁ ਸੋ ਨਿਹਾਲੁ ਹੋਗੁ ਮਿਤੀ ਫਾਗ ੧੦ ਸੰਮਤੁ ੫੮

ਸਤਰਾਂ ੮

---

੫) ਪੰਜ ਰੁਪਏ ਮੇਵੜੇ ਨੋ ਦੇਣੇ

## ੫੭
# ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਬਿੰਦ੍ਰਾਬਨ ਗੁਲਾਲਚੰਦ ਜੋਗੁ

[ਫੱਗਣ ੧੦, ੧੭੫੮ ਬਿ. ੬ ਫ਼ਰਵਰੀ ੧੭੦੨ ਈ.]

"... ਤੁਸੀਂ ਮੇਰਾ ਖਾਲਸਾ ਹੋ ੧੦੧) ਇਕੁ ਸਉ ਇਕੁ ਰੁਪਯਾ ਫੁਰਮਾਇਸ ਹੁਕਮ ਦੇਖਦੇ ਹੀ ਹੁੰਡੀ ਕਰਾਇ ਭੇਜਣੀ... ਜੋ ਦਰਸ਼ਨਿ ਹਥੀਆਰ ਬੰਨ ਕੇ ਦਰਸ਼ਨਿ ਆਵਗੁ ਨਿਹਾਲੁ ਹੋਗੁ..."

[ਲਿਖਾਰੀ ਦੀ ਲਿਖਤ]

ੴ ਸਤਿਗੁਰੂ ਜੀ

ਸਿਰੀ ਗੁਰੂ ਜੀ ਦੀ ਆਗਿਆ ਹੈ ਭਾਈ ਬਿੰਦ੍ਰਾਬਨ
ਗੁਲਾਲ ਚੰਦ ਗੁਰੂ ਰਖੇਗਾ ਗੁਰੂ ਗੁਰੂ ਗੁਰੂ ਗੁਰੂ ਜਪਹ
ਜਨਮ ਸਉਰੇਗਾ ਤੁਸੀ ਮੇਰਾ ਖਾਲਸਾ ਹੋ ੧੦੧) ਇਕ
ਸਉ ਇਕੁ ਰੁਪਯਾ ਫੁਰਮਾਇਸ ਹੁਕਮੁ ਦੇਖਦੇ ਹੀ ਹੁੰਡੀ
ਕਰਾਇ ਭੇਜਣੀ ਹੋਰੁ ਜੋ ਕੁਛੁ ਗੁਰੂ ਕੇ ਨਵਿਤ ਕਾ
ਹੋਵੈ ਸੋ ਹੋਰਸ ਕਿਸੇ ਨੋ ਨਾਹੀ ਦੇਣਾ ਆਪੇ ਲੈ
ਆਵਣਾ ਜੋ ਦਰਸਨ ਹਥੀਆਰ ਬੰਨਕੇ
ਦਰਸਨ ਆਵਗੁ ਸੋ ਨਿਹਾਲ ਹੋਗੁ
ਓਸਦੀ ਗੁਰੂ ਨਾਲਿ ਰਹਗੁ ਅਰੁ ਮਸੰਦ ਮਸੰਦੀਏ
ਨਾਲਿ ਨਹੀ ਮਿਲਣਾ ਨਾਹੀ ਮੰਨਣਾ ਜੋ ਸਿਖ ਮਿਲੈ ਸੋ
ਮੇਲ ਲੈਣਾ ਵਧੀਕੁ ਦਿਗਤਿ ਨਾਹੀ ਕਰਣੀ ਜੋ ਮਿਲੇ ਸੋ
ਮੇਲਿ ਲੈਣਾ ਮੇਰਾ ਹੁਕਮੁ ਹੈ ਸੰਗਤਿ ਨਿਹਾਲੁ ਹੋਗੁ
ਸੰਮਤ ੧੭੫੮ ਮਿਤੀ ਫਾਗੋ ੧੦

[ਹੁਕਮਨਾਮੇ ਦੀ ਪਿਠ ਪਰ ਹੇਠ ਲਿਖੇ ਸ਼ਬਦ ਦਰਜ ਹਨ]
"ਭਾਈ ਬਿੰਦ੍ਰਾਬਨੁ ਗੁਲਾਲ ਚੰਦੁ ਢਾਕੇ ਕੇ ਜ਼ਿਲਾ
ਪੂਰਬੁ ੧੦੧)
੫) ਪੰਜਿ ਰੁਪਯੇ ਮੇਵੜੇ ਨੋ ਦੇਣੇ"

[ਸੰਗਤਿ ਗੁਰਦੁਆਰਾ ਢਾਕਾ ਵਿਚ — "ਅਸਲੀ ਕੌਮੀ ਦਰਦ", ਅੰਮ੍ਰਿਤਸਰ, ੨੭-੧੨-੧੯੩੦]

ਖਾਲਸਾ

ਮਸੰਦ


ਪੰਜਿ

## ੫੯

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਨਉਸ਼ਹਰੇ ਕੀ ਜੋਗੁ

[ਫੱਗਣ ੧੦, ੧੭੫੮ ਬਿ. ੬ ਫਰਵਰੀ ੧੭੦੨ ਈ.]

"...ਸਰਬਤ ਸੰਗਤਿ ਮੇਰਾ ਖਾਲਸਾ ਹੈ ਸੰਗਤਿ ਮਸੰਦ ਮਸੰਦੀਏ ਨਾਲੁ ਨਾਹੀ ਮਿਲਣਾ... ਜੋ ਸਿਖੁ ਮਿਲੇ ਸੋ ਮੇਲੁ ਲੈਣਾ ਹੋਰ ਦਿਗਤਿ ਕੋਈ ਨਾਹੀ ਕਰਣੀ ਪਿਆਰੁ ਕਰਣਾ ਮੇਰੀ ਖੁਸੀ ਹੈ ..."



[ਨਉਸ਼ਹਰਾ ਪੱਨ੍ਹਿਆਂ ਵਿਚ]

## ੫੮

[ਹੁਕਮਨਾਮਾ ਪਾਤਸ਼ਾਹੀ ੧੦]

ਫੱਗਣ ੧੦, ਸੰਮਤ ੧੭੫੮ ਬਿ.
੬ ਫ਼ਰਵਰੀ ੧੭੦੨ ਈ.

[ਗੁਰੂ ਜੀ ਦਾ ਨਿਸ਼ਾਣ]

੧੩੨੦

[ਲਿਖਾਰੀ ਦੀ ਲਿਖਤ]

੨੧੪੪ ੩੨੧ ੧ ਸਤਿਗੁਰੂ ਜੀ

ਸਿਰੀ ਗੁਰੂ ਜੀ ਦੀ ਆਗਿਆ ਹੈ ਸਰਬਤ ਸੰਗਤਿ ਨਉਸਹ
ਰੇ ਕੀ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਉਰੇਗਾ ਸਰਬ
ਤ ਸੰਗਤਿ ਮੇਰਾ ਖਾਲਸਾ ਹੈ ੧) ਇਕ ਤੋਲਾ ਸੋਇਨਾ ਫੁਰਮਾ
ਇਸਿ, ਹੁਕਮੁ ਦੇਖਦੇ ਹੀ ਸਿਤਾਬੀ ਹੁੰਡੀ ਕਰਾਇ ਭੇਜਣੀ ਜੋ ਸਿ
ਖੁ ਫੁਰਮਾਇਸਿ ਲੋਚਿ ਕੇ ਦੇਗੁ ਸੋ ਨਿਹਾਲੁ ਹੋਗੁ ਸੰਗਤਿ ਮਸੰ
ਦ ਮਸੰਦੀਏ ਨਾਲਿ ਨਾਹੀ ਮਿਲਣਾ ਅਤੇ ਜੋ ਸਿਖੁ ਹਥੀਆਰ
ਬੰਨਿ ਕੇ ਦਰਸਨਿ ਆਵਗੁ ਸੋ ਨਿਹਾਲੁ ਹੋਗੁ ਉਸ ਸਿਖ ਦੀ
ਗੁਰੂ ਨਾਲਿ ਰਹਗੁ ਸੰਗਤਿ ਜੋ ਸਿਖੁ ਮਿਲੇ ਸੋ ਮੇਲਿ ਲੈਣਾ
ਹੋਰ ਦਿਗਤਿ ਕੋਈ ਨਾਹੀ ਕਰਣੀ ਪਿਆਰੁ ਕਰਨਾ ਮੇਰੀ ਖੁਸੀ
ਹੈ ਸੰਮਤੁ ੧੭੫੮ ਮਿਤੀ ਫਾਗੋ ੧੦ ਸਤਰਾਂ ਦਸ ੧੦

# ੫੯

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਰੂਪੇ-ਆਣੇ ਜੋਗੁ

[੧੭੫੯ ਬਿ. ... ੧੭੦੨ ਈ.]

"... ਸਰਬਤਿ ਸੰਗਤਿ ਮੇਰਾ ਖਾਲਸਾ ਹੈ..." ਮਸੰਦ ਮਸੰਦੀਏ ਨੋ ਨਾਹੀ ਮਿਲਣਾ ਜੋ ਮਿਲੇ ਸੋ ਮੇਲ ਲੈਣਾ... ।

[ਨੀਸਾਣੁ ਗੁਰੂ ਜੀ ਦਾ]

[ਲਿਖਾਰੀ ਦੀ ਲਿਖਤ]

ੴ ਸਤਿਗੁਰੂ ਜੀਉ

ਹਥੀਆਰ ਪੰਜੇ ਬੰਨ ਕੇ ਦਰਸਨ ਆਵਣਾ ॥
ਨਿਹਾਲ ਹੋਏ ਸਭੁਨ ॥

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਸਰਬਤਿ ਸੰਗਤ ਰੂਪੇਆਣੇ ਕੀ ਗੁਰੂ ਰਖੇਗਾ ਸੰਗਤ ਗੁਰੂ ਗੁਰੂ ਜਪਣਾ ਜਨਮੁ ਸਉਰੇਗਾ ਸਰਬਤਿ ਸੰਗਤਿ ਮੇਰਾ ਖਾਲਸਾ ਹੈ ੨) ਦੁਇ ਤੋਲੇ ਸੋਨਾ ਫੁਰਮਾਇਸ ਲਿਖਾ ਹੈ ਹੁਕਮੁ ਦੇਖਦੇ ਸਿਤਾਬੀ ਹੁੰਡੀ ਕਰਾਇ ਭੇਜਣੀ ਮੇਰੀ ਖੁਸੀ ਹੈ ਨਿਹਾਲ ਹੋਏ ਮਸੰਦ ਮਸੰਦੀਏ ਨੋ ਨਾਹੀ ਮਿਲਣਾ ਜੋ ਮਿਲੈ ਸੋ ਮੇਲ ਲੈਣਾ ਦਿਗਤਿ ਕਛੁ ਨਾਹੀ ਕਰਣੀ ਨਿਹਾਲ ਹੋਇ ॥ ਬਾਹੋੜੀ ਹੋਗ ॥

[ਭਾਈ ਦੁਰਗਾ ਸਿੰਘ, ਪਟਿਆਲਾ]

## ੬੦

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਸੁਖੀਆ ਭਾਈ ਪ੍ਰਸਾ ਜੋਗੁ

[੧੭੬੧ ਬਿ. ... ੧੭੦੪ ਈ.]

"...ਸੰਗਤਿ ਮੇਰਾ ਖਾਲਸਾ ਹੈ ਅਸਵਾਰ ਪਿਆਦੇ ਬੰਦੂਕਚੀ ਭਲੇ ਭਲੇ ਜੁਆਨ ਸਾਥਿ ਲੈ ਕੇ ਹਜੂਰਿ ਆਵਣਾ ..."

[ਗੁਰੂ ਜੀ ਦੀ ਲਿਖਤ]

[ਲਿਖਾਰੀ ਦੀ ਲਿਖਤ]

੧ੴ ਸਤਿਗੁਰੂ ਜੀ

ਸ੍ਰੀ ਗੁਰੂ ਜੀ ਕੀ ਆਗਿਆ ਹੈ ਭਾਈ ਸੁਖੀਆ ਭਾਈ ਮੁਖੀਆ ਭਾਈ ਪ੍ਰਸਾ ਸ੍ਰਬਤ ਸੰਗਤਿ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਉਰੇਗਾ ਸਰਬਤ ਸੰਗਤ ਮੇਰਾ ਖਾਲਸਾ ਹੈ ਅਸਵਾਰ ਪਿਆਦੇ ਬੰਦੂਕਚੀ ਭਲੇ ਭਲੇ ਜੁਆਨ ਸਾਥਿ ਲੈ ਕੇ ਹਜੂਰਿ ਆਵਣਾ ਜੋ ਸਿਖ ਪੁਤ੍ਰ ਦਰਸਨਿ ਆਵੈਗਾ ਸੋ ਨਿਹਾਲ ਹੋਗੁ ਉਸ ਦਾ ਖਸਮਾਨਾ ਹੋਗੁ ਬਹੁੜੀ ਹੋਗੁ ਗੁਰੂ ਬਾਬਾ ਸਭੇ ਮਨੋਰਥ ਪੂਰੇ ਕਰੇਗਾ ਦਰਸਨਿਤੁ ॥ ਸੰਮਤੁ ੧੭੬੧ ॥


[ਭਾਈ ਦੁਰਗਾ ਸਿੰਘ, ਪਟਿਆਲਾ]

## ੬੧

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਚੋਲੇ (ਮਾਝੇ) ਦੀ ਜੋਗੁ

[ਚੇਤ ੬, ਸੰਮਤ ੧੭੬੨ ਬਿ. ੪ ਮਾਰਚ ੧੭੦੬ ਈ.]

"... ਰੁਪਜੇ ੨੦ ਬੀਹ ਹਜੂਰਿ ਭੇਜਣੇ ਪੈਸੇ ਸਿਖਾ ਨੋ ਖਰਚਣ ਨੋ ਚਾਹੀਦੇ ਹੈਨ...
ਜੋ ਸਿਖ ਹਥਿਯਾਰ ਬੰਨ੍ਹ ਕੇ ਹਜੂਰ ਆਵੈਗਾ ਨਿਹਾਲ ਹੋਗ ..."



[ਨਉਸ਼ਹਰਾ ਪੱਨੂਆਂ ਵਿਚ]

## ੬੧

[ਹੁਕਮਨਾਮਾ ਪਾਤਸ਼ਾਹੀ ੧੦]

ਚੇਤ ੬, ਸੰਮਤ ੧੭੬੨ ਬਿ.
੪ ਮਾਰਚ, ੧੭੦੬ ਈ.

[ਨਿਸ਼ਾਨ ਅਤੇ ਲਿਖਤ ਗੁਰੂ ਜੀ ਦੀ]

ਅੰ ਖਰਚ ੨੦)
ਗੁਰੂ ੧
ਸੰਗਤ ਤੁਸਾਂ ਹੁੰਡੀ ਕੱਟ ਉਪਰਿ ਕਰ
ਭੇਜਣੀ ਹਜੂਰ ਇਕੁ ਆਦਮੀ ਨਾਲ ਕਰਿ

ੴ

[ਲਿਖਾਰੀ ਦੀ ਲਿਖਤ]


੧ਓ ਵਾਹਗੁਰੂ ਜੀ ਦੀ ਫਤੇ ਹੈ
ਸਿਰੀ ਗੁਰੂ ਜੀ ਦੀ ਆਗਿਆ ਹੈ ਸਰਬਤ ਸ
ਗਤ ਚੋਲ੍ਹੇ ਕੀ ਮੇਰਾ ਖਾਲਸਾ ਹੈ ਗੁਰੂ ਰਖੈ.
ਗਾ ਗੁਰੂ ਗੁਰੂ ਜਪਣਾ ਜਨਮ ਸਉਰੇਗਾ
੧) ਸੁਇਨਾ ਤੋਲਾ ਇਕ ਤਿਸਕੇ ਰੁਪਯੇ ੨੦)
ਬੀਹ ਹਜੂਰ ਭੇਜਣੇ ਪੈਸੇ ਸਿਖਾ ਨੋ ਖ
ਰਚਣ ਨੋ ਚਾਹੀਦੇ ਹੈਨ ਜੋ ਸਿਖ ਫੁਰਮਾ
ਇਸ ਲੱਚ ਕੈ ਦੇਗ ਸੋ ਨਿਹਾਲ ਹੋਗ ਜੋ
ਸਿਖ ਹਥਿਯਾਰ ਬੰਨਿ ਕੇ ਹਜੂਰ ਆਵਗ
ਸੋ ਨਿਹਾਲ ਹੋਗ ਮਨੋਰਥ ਗੁਰੂ ਪੂਰੇ ਕ
ਰੇਗਾ ਸੰਗਤ ਮੇਰੀ ਕੋਠੜੀ ਹੈ ਨਿਹਾਲ ਹੋਏ
ਸਮਤ ੧੭੬੨ ਮਿਤੀ ਚੇਤੋ ੬ ਸਤਰਾਂ ੧੧

## ੬੨

# ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਬੈਰਾੜਾਂ ਤੇ ਭਾਈ ਰੂਪੇ ਕੀ ਸੰਗਤਿ ਦੇ ਨਾਮ

[ਕਤਕ ੨੦, ਸੰਮਤ ੧੭੬੩ ਬਿ. ੨੧ ਅਕਤੂਬਰ ੧੭੦੬ ਈ.]

"...ਅਸਾਂ ਦਖਣ ਨੋ ਕੂਚ ਕੀਤਾ ਹੈ ਜਿਨਿ ਸਿਖ ਸਾਡੇ ਨਾਲ ਚਲਣਾ ਹੋਇ ਤਿਨਿ ਹੁਕਮੁ ਦੇਖਦਿਆ ਹਜੂਰਿ ਆਵਣਾ ..."



[ਪਿੰਡ ਭਾਈ ਰੂਪਾ ਵਿਚ]

# ੬੨

[ਹੁਕਮਨਾਮਾ ਪਾਤਸ਼ਾਹੀ ੧੦]

ਕਤਕ ੨੦, ਸੰਮਤ ੧੭੬੩ ਬਿ.
੨੧ ਅਕਤੂਬਰ ੧੭੦੬ ਈ.

[ਗੁਰੂ ਜੀ ਦੀ ਲਿਖਤ ਅਤੇ ਨਿਸ਼ਾਨ]

੧ ਅਕਾਲ ਸਹਾਇ

[ਲਿਖਾਰੀ ਦੀ ਲਿਖਤ]

ੴ ਸਿਰੀ ਸਤਿਗੁਰੂ ਜੀ

ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤਿ ਸੰਗਤਿ ਬੈਰਾੜੀਂ ਕੀ ਗੁਰੂ ਰਖੈਗਾ
ਗੁਰੂ ਗੁਰੂ ਜਪਣਾ ਜਨਮੁ ਸਉਰੈਗਾ ਫੁਰਮਾਇਸ ਹੁਕਮੁ ਦੇਖਦਿਆ ਭੇਜਣੀ
੧ ਬੈਲੁ ਹਛਾ ਇਕੁ ਭਾਈ ਥਿਰਾਜੁ ਸਿੰਘੁ ੧ ਬੈਲੁ ਹਛਾ ਭਾਈ ਬੁਲਾਕੀ ਸਿੰਘੁ ੧ ਬੈਲੁ
ਹਛਾ ਇਕੁ ਭਾਈ ਬਾਜ ਸਿੰਘੁ ੧ ਬੈਲੁ ਹਛਾ ਇਕੁ ਭਾਈ ਧਰਮ ਸਿੰਘੁ ਰੂਪੇ ਕਾ ਸਰਬਤਿ
ਸੰਗਤਿ ਬੈਰਾੜੀਂ ਕੀ ਭਾਈ ਰੂਪੇ ਕੀ ਵਸਦੀ ਕੀ ਗੁਰੂ ਰਖੈਗਾ ੪ ਬੈਲ ਚਾਰ ਹਛੇ ਬਹ
ਲਾਨੋ ਭੇਜਣੇ ਹੁਕਮੁ ਦੇਖਦਿਆ ਮੇਰੀ ਤੁਸਾ ਉਪਰਿ ਖੁਸੀ ਹੈ ਅਸਾ ਦਖਣ
ਨੋ ਕੂਚੁ ਕੀਤਾ ਹੈ ਜਿਨਿ ਸਿਖ ਸਾਡੈ ਨਾਲਿ ਚਲਣਾ ਹੋਇ ਤਿਨਿ ਹੁਕਮੁ ਦੇਖ
ਦਿਆ ਹਜੂਰਿ ਆਵਣਾ ਮੇਰੀ ਤੁਸਾ ਉਪਰਿ ਖੁਸ਼ੀ ਹੈ ਤੁਸਾਡੀ ਗੁਰੂ ਜੀ ਤੁਸਾ
ਡੀ ਰਖੈਗਾ ਸੰਮਤੁ ੧੭੬੩ ਮਿਤੀ ਕਤਕੋ ੨੦ ਸਤਰੀਂ ੯


## ੬੩

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਧਉਲ ਕੀ ਸੰਗਤਿ ਜੋਗੁ

[ਕਤਕ ੧, ੧੭੬੪ ਬਿ. ੨ ਅਕਤੂਬਰ ੧੭੦੭ ਈ.]

ਪਾਤਸ਼ਾਹ ਬਹਾਦੁਰ ਸ਼ਾਹ ਨਾਲ ਮੁਲਾਕਾਤ

"... ਅਸੀ ਭੀ ਥੋੜੇ ਹੀ ਦਿਨੀ ਨੂੰ ਆਵਤੇ... ਜਦਿ ਅਸੀ ਕਹਲੂਰ ਆਵਤੇ ਤਦਿ ਸ੍ਰਬਤਿ ਖਾਲਸੇ ਹਥੀਆਰ ਬੰਨ੍ਹ ਕੇ ਹਜੂਰਿ ਆਵਣਾ ..."



[ਨਉਸ਼ਹਰਾ ਪੱਨੂਆਂ ਵਿਚ]

## ੬੩

[ਹੁਕਮਨਾਮਾ ਪਾਤਸ਼ਾਹੀ ੧੦]

ਕਤਕ ੧, ਸੰਮਤ ੧੭੬੪.ਬਿ.
੨ ਅਕਤੂਬਰ, ੧੭੦੭ ਈ.

[ਨਿਸ਼ਾਨ ਅਤੇ ਲਿਖਤ ਗੁਰੂ ਜੀ ਦੀ]

[ਲਿਖਾਰੀ ਦੀ ਲਿਖਤ]

ੴ ਸਤਿਗੁਰੂ ਜੀ

ਸ੍ਰਬਤਿ ਸੰਗਤਿ ਧਉਲ ਕੀ ਤੁਸੀ ਮੇਰਾ ਖਾਲਸਾ ਹੋ ਗੁਰੂ ਰਖੈਗਾ
ਗੁਰੂ ਗੁਰੂ ਜਪਣਾ ਜਨਮੁ ਸਉਰੈਗਾ ਸ੍ਰਬ ਸੁਖ ਨਾਲ ਪਾਤਸਾਹ
ਪਾਸਿ ਆਇ ਸਿਰੋਪਾਉ ਅਰੁ ਸਠਿ ਹਜਾਰ ਕੀ ਧੁਖਧੁਖੀ ਜ
ੜਾਊ ਇਨਾਮੁ ਹੋਈ ਹੋਰ ਭੀ ਕੰਮੁ ਗੁਰੂ ਕਾ ਸਦਕਾ ਸਭ ਹੋਤੇ ਹੈ ਅ
ਸੀ ਭੀ ਥੋੜੇ ਹੀ ਦਿਨੀਂ ਨੋ ਆਵਤੇ ਹਾਂ ਸ੍ਰਬਤਿ ਸੰਗਤ ਖਾਲਸੇ ਨੋ
ਮੇਰਾ ਹੁਕਮੁ ਹੈ ਆਪਸ ਮੋ ਮੇਲੁ ਕਰਣਾ ਜਦਿ ਅਸੀ ਕਹਲੂਰ
ਆਵਤੇ ਤਦਿ ਸ੍ਰਬਤਿ ਖਾਲਸੇ ਹਥੀਆਰ ਬੰਨ੍ਹਕੈ ਹਜੂਰਿ ਆ
ਵਣਾ ਜੋ ਆਵੈਗਾ ਸੋ ਨਿਹਾਲ ਹੋਵੈਗਾ ੨) ਦੁਇ ਤੋਲੇ ਸੋਨਾ ਤਿਸ
ਕੇ ਰੁਪਯੇ ੪੦) ਅਸਾ ਜਮਾਤਾ ਨੋ ਮਧਾ ਛਿਮਾਹੀ ਬਖ਼ਸੇ ਹੈਨਿ
ਤੁਸਾ ਹੁਕਮ ਦੇਖਦਿਆ ਹੁੰਡੀ ਕਰਾਇ ਭੇਜਣੀ ਮੇਵੜੇ ਨੋ ਤੁਰਤੁ
ਭੇਜਣਾ ਜੇ ਮੇਵੜਾ ਢਿਲ ਕਰੈ ਤਾਂ ਸੰਗਤਿ ਵਿਚੋਂ ਕਢਿ ਦੇਣਾ ਪੈ
ਸੇ ਹੁੰਡੀ ਕਰਾਇ ਭੇਜਣੇ ਸੰਮਤ ੧੭੬੪ ਮਿਤੀ ਕਤਕ ੧ ਮਾ.


## ੬੪

# ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਖਾਰਾ ਜੋਗੁ

[ਕਤਕ ੧, ਸੰਮਤ ੧੭੬੪ ਬਿ. ੨ ਅਕਤੂਬਰ ੧੭੦੭ ਈ.]

ਪਾਤਸ਼ਾਹ ਬਹਾਦੁਰ ਸ਼ਾਹ ਨਾਲ ਮੁਲਾਕਾਤ

ਕਹਲੂਰ ਪੁਜਣ ਪਰ ਖਾਲਸੇ ਨੂੰ ਆਉਣ ਲਈ ਹੁਕਮ



[ਭਾਈ ਬੱਨੋ ਵਾਲਿਆਂ ਪਾਸ ਬੜੌਤ, ਉੱਤਰ ਪ੍ਰਦੇਸ਼]

## ੬੪

[ਹੁਕਮਨਾਮਾ ਪਾਤਸ਼ਾਹੀ ੧੦]

ਕਤਕ ੧, ਸੰਮਤ ੧੭੬੪ ਬਿ.
੨ ਅਕਤੂਬਰ ੧੭੦੭ ਈ.

[ਨਿਸਾਣ ਅਤੇ ਲਿਖਤ ਗੁਰੂ ਜੀ ਦੀ]

੧) ...

੭੩

[ਲਿਖਾਰੀ ਦੀ ਲਿਖਤ]

੧ਓ ਸਤਿਗੁਰੂ ਜੀ

ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤਿ ਸੰਗਤਿ ਖਾਰਾ ਦੀ
ਗੁਰੂ ਰਖੈਗਾ ਸਭ ਮੇਰਾ ਖਾਲਸਾ ਹੈ ਗੁਰੂ ਗੁਰੂ ਜਪਣਾ ਜਨਮ ਸ
ਉਰੈਗਾ ਸਰਬ ਸੁਖ ਨਾਲ ਪਾਤਸਾਹ ਪਾਸ ਆਏ ਸਿਰੋਪਾਉ
ਅਰੁ ਸਠ ਹਜਾਰ ਰੁਪਯੇ ਕੀ ਧੁਖਧੁਖੀ ਇਨਾਮ ਪਾਈ ਹੋਰ ਭੀ ਸ
ਭ ਕੰਮ ਗੁਰੂ ਕਾ ਸਦਕਾ ਹੋਤਾ ਹੈ ਅਸੀ ਭੀ ਥੋੜਿਆ ਦਿਨਾ ਮੋ
ਆਵਤੇ ਹਾ ਸਰਬਤਿ ਸੰਗਤਿ ਖਾਲਸੇ ਨੋ ਮੇਰਾ ਹੁਕਮ ਹੈ ਜੋ
ਵਿਸੋਏ ਮੇਲ ਕਰਣਾ ਜਦ ਅਸੀ ਕਹਲੂਰ ਆਵਹ ਤਦ
ਹਥਿਆਰ ਬੰਨ੍ਹਿ ਕੈ ਹਜੂਰ ਆਵਣਾ ਜੋ ਆਵੈਗਾ ਸੋ ਨਿਹਾਲ ਹੋ
ਵੈਗਾ ੧) ਤੋਲਾ ਇਕ ਸੋਨਾ ਫੁਰਮਾਇਸ ਤਿਸ ਕੇ ਰੁਪਯੇ ਬੀ
ਸ ਛਿਮਾਹੀ ਖਾਲਸੇ ਨੋ ਬਖਸੇ ਹਨਿ ਹੁਕਮ ਦੇਖਦੇ ਹੁੰਡੀ
ਕਰ ਭੇਜਣੀ ਮੇਵੜੇ ਨੋ ਰਖਣਾ ਨਾਹੀ ਜੇ ਮੇਵੜਾ ਰਹੈ ਤਾ ਖਰ
ਚ ਦੇ ਕੇ ਹੋਰ ਕਿਸੇ ਕੋ ਆਪ ਹੀ ਭੇਜਣੇ ਹੁੰਡੀ ਕਰਾਇ ਕੇ


... ... ...

[ਨੋਟ : ਨੰਬਰ ੬੩ ਪਰ ਆਏ ਹੁਕਮਨਾਮੇ ਪਰ ਦਿੱਤੀ ਮਿਤੀ ਦਾ ਹੀ ਸਹੀ ਹੁੰਦਾ ਹੈ।]

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਬਨਾਰਸ ਜੋਗੁ

[ਫੱਗਣ ੬, ੧੭੬੪ ਬਿ.   ੩ ਫਰਵਰੀ ੧੭੦੮ ਈ.]

"... ੪੦ ਚਾਲੀਸ ਰੁਪਜੇ ਕਿਰਪਾ ਸਿੰਘ ਨੋ ਬਖਸ਼ੇ ਹਨ
... ਹੁਕਮ ਦੇਖਦੇ... ਡੇਰੇ ਦੇਣੇ..."



੧ੴ ਸਤਿਗੁਰੁ

ਸ੍ਰੀ ਗੁਰੂ ਜੀ ਦੀ ਆਗਿਆ ਹੈ ਸਰਬਤਿ ਸੰਗਤਿ ਬ
ਨਾਰਸ ਦੀ ਵਾਹਗੁਰੂ ਜੀ ਰਾਖਾ ਹੈ ਸਾਹੈ ਗੁਰੂ ਕੇ
ਗਾ ਗੁਰੂ ਗੁਰੂ ਜਪਣਾ ਜਨਮ ਸਉਰੈਗਾ ੪੦) ਚਾ
ਲੀਸ ਰੁਪਯੇ ਕਿਰਪਾ ਸਿੰਘ ਨੋ ਬਖਸੇ ਹਨ ਸੰਗਤ
ਹੁਕਮ ਦੇਖਦੇ ਕਿਰਪਾ ਸਿੰਘ ਦੇ ਡੇਰੇ ਦੇਣੇ ਹੋਰਿ ਕਿ
ਨਾਹੀ ਕਰਣੀ ਤੁਸਾਡੇ ਮਨੋਰਥ ਪੂਰੇ ਹੋਨਗੇ ਜਿਨ੍ਹਾ
ਲੋੜ ਹੈ ਮਿਤੀ ਫਗਣ ੬ ਸੰਮਤ ੧੭੬੪ ਸਤਰਾਂ ੭

ਚਾਲੀਸ ਰੁਪਜੇ

ਕਿਰਪਾ ਸਿੰਘ ਨੋ   ੬੪   ੭

[ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ]

## ੬੫

[ਹੁਕਮਨਾਮਾ ਪਾਤਸ਼ਾਹੀ ੧੦]

ਫੱਗਣ ੬, ਸੰਮਤ ੧੭੬੪ ਬਿ.
੩ ਫਰਵਰੀ ੧੭੦੮ ਈ.

[ਨਿਸਾਨ ਅਤੇ ਲਿਖਤ ਗੁਰੂ ਸਾਹਿਬ ਦੀ]

੪੦) ਚਾਲੀਸ ਰੁਪਜੇ ਕਿਰਪਾ ਸਿੰਘ ਨੋ ਬਖਸੇ

[ਲਿਖਾਰੀ ਦੀ ਲਿਖਤ]


ੴ ਸਤਿਗੁਰੂ

ਸਿਰੀ ਗੁਰੂ ਜੀ ਦੀ ਆਗਿਆ ਹੈ ਸਰਬਤਿ ਸੰਗਿਤਿ ਬ
ਨਾਰਸ ਦੀ ਵਾਹਗੁਰੂ ਜੀ ਦਾ ਖਾਲਸਾ ਹੈ ਗੁਰੂ ਰਖੈ
ਗਾ ਗੁਰੂ ਗੁਰੂ ਜਪਣਾ ਜਨਮ ਸਉਰੈਗਾ ੪੦) ਚਾ
ਲੀਸ ਰੁਪਜੇ ਕਿਰਪਾ ਸਿੰਘ ਨੋ ਬਖਸੇ ਹਨਿ ਸੰਗਤ
ਹੁਕਮ ਦੇਖਦੇ ਕਿਰਪਾ ਸਿੰਘ ਦੇ ਡੇਰੇ ਦੇਣੇ ਢਿਲ
ਨਾਹੀ ਕਰਣੀ ਤੁਸਾਡੇ ਮਨੋਰਥ ਪੂਰੇ ਹੋਨਗੇ ਨਿਹਾ
ਲ ਹੋਏ ਮਿਤੀ ਫਗਣੋ ੬ ਸੰਮਤ ੧੭੬੪ ਸਤਰਾਂ ੭

## ੬੬

## ਬਾਬਾ ਬੰਦਾ ਸਿੰਘ ਜੀ ਵਲੋਂ ਭਾਈ ਧਰਮ ਸਿੰਘ ਪਰਮ ਸਿੰਘ ਵਾਸੀ ਰੂਪੇ ਕੇ ਜੋਗੁ

"... ਸਰਬਤੁ ਅਕਾਲ ਪੁਰਖ ਜੀਉ ਦਾ ਖਾਲਸਾ ਹੈ... ਹੁਕਮੁ ਦੇਖਦਿਆਂ ਈ ਪੰਜੇ ਹਥਿਆਰ ਬੰਧਿ ਆਵਣਾ..."



[ਪਿੰਡ ਭਾਈ ਰੂਪੇ ਕੇ ਵਿਚ]

## ੬੬

[ਹੁਕਮਨਾਮਾ ਬਾਬਾ ਬੰਦਾ ਸਿੰਘ ਜੀ]

[ਮੋਹਰ]

ਦੇਗੋ ਤੇਗੋ ਫ਼ਤਿਹ ਓ ਨੁਸਰਤ ਬੇ-ਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

[ਲਿਖਾਰੀ ਦੀ ਲਿਖਤ]


੧ਓ ਫਤੈ ਦਰਸਨੁ ਸਚੇ ਸਾਹਿਬ ਦੀ ਆਗਿਆ ਹੈ ॥ ਭਾਈ ਧਰਮ ਸਿੰਘ ॥ ਭਾਈ ਪਰਾ ਸਿਘੁ ॥ ਭਾਈ ਦਾਨ ਸਿੰਘੁ ॥ ਸੰਗੋ ਸਿੰਘ ॥ ਵਾਸੀ ਰੂਪੇ ਕਾ ॥ ਸਰਬਤਰਿ ਅਕਾਲ ਪੁਰਖ ਜੀਉ ਦਾ ਖਾਲਸਾ ਹੈ ॥ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਉਰੈਗਾ । ਹੁਕਮੁ ਦੇਖਦਿਆ ਈ ਪੰਜੇ ਹਥਿਆਰ ਬਧਿ ਆਵਣਾ ॥ ਜੋ ਸਿਖੁ ਆਵੈਗਾ ਸੋ ਨਿਹਾਲ ਹੋਵੈਗਾ ਸੰਗਤਿ ਦੇ ਮਨੋਰਥ ਪੂਰੇ ਹੋਵੈਗੇ ॥ ਨਿਹਾਲੁ ਹੋਏ

## ੬੭

## ਬਾਬਾ ਬੰਦਾ ਸਿੰਘ ਜੀ ਵਲੋਂ ਸਰਬਤ ਖਾਲਸਾ ਜਉਨਪੁਰ ਜੋਗੁ

[ਪੋਹ ੧੨ ਸੰਮਤ ੧ (੧੭੬੭ ਬਿ.) , ੧੨ ਦਸੰਬਰ ੧੭੧੦ ਈ.]

"... ਪੰਜ ਹਥਿਆਰ ਬੰਨ ਕੇ ਹੁਕਮ ਦੇਖਦਿਆਂ ਦਰਸਨ ਆਵਣਾ...
ਖਾਲਸੇ ਦੀ ਰਹਤ ਰਹਣਾ... ਦਾਰੂ ਅਮਲ ਕੋਈ ਨਹੀਂ ਖਾਣਾ ..."


੧ ਫਤੇ ਦਰਸਨੁ
ਸ੍ਰੀ ਸਚੇ ਸਾਹਿਬ ਜੀ ਕਾ ਹੁਕਮੁ ਹੈ ਸਰਬਤ ਖਾਲਸਾ
ਜਉਨਪੁਰ ਕਾ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮੁ ਸਵ
ਰੈਗਾ ਤੁਸੀ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਹੈ ਪੰਜ
ਹਥੀਆਰ ਬੰਨਿ ਕੈ ਹੁਕਮੁ ਦੇਖਦਿਆ ਦਰਸਨਿ ਆਵ
ਣਾ ਖਾਲਸੇ ਦੀ ਰਹਤ ਰਹਣਾ ਭੰਗ ਤਮਾਕੂ ਹਫੀਮ ਪੋ
ਸਤ ਦਾਰੂ ਅਮਲੁ ਕੋਈ ਨਾਹੀ ਖਾਣਾ ਮਾਸੁ ਮਛਲੀ ਪਿ
ਆਜੁ ਨਾਹੀ ਖਾਣਾ ਚੋਰੀ ਜਾਰੀ ਨਾਹੀ ਕਰਣੀ ਅਸਾ ਸਤਜੁ
ਗੁ ਵਰਤਾਇਆ ਹੈ ਆਪਸ ਵਿਚਿ ਪਿਆਰੁ ਕਰਣਾ ਏਹਾ
ਹੁਕਮੁ ਹੈ ਜੋ ਖਾਲਸੇ ਦੀ ਰਹਤ ਰਹੇਗਾ ਤਿਸ ਦੀ ਗੁਰੂ ਬਹੁੜੀ
ਕਰੇਗਾ ਮਿਤੀ ਪੋਹ ੧੨ ਸੰਮਤੁ ਪਹਿਲਾ ੧ [illegible]

[ਡਾ. ਗੰਡਾ ਸਿੰਘ, ਪਟਿਆਲਾ]

## ੬੭

[ਹੁਕਮਨਾਮਾ ਬਾਬਾ ਬੰਦਾ ਸਿੰਘ ਜੀ]

ਪੋਹ ੧੨, ਸੰਮਤ ੧ (੧੭੬੭ ਬਿ.)
੧੨ ਦਸੰਬਰ, ੧੭੧੦ ਈ.

[ਮੋਹਰ]

ਦੇਗੋ ਤੇਗੋ ਫ਼ਤਹਿ ਓ ਨੁਸਰਤ ਬੇ-ਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

[ਲਿਖਾਰੀ ਦੀ ਲਿਖਤ]

ੴ ਫਤੇ ਦਰਸਨੁ


ਸਿਰੀ ਸਚੇ ਸਾਹਿਬ ਜੀ ਕਾ ਹੁਕਮੁ ਹੈ ਸਰਬਤ ਖਾਲਸਾ
ਜਉਨਪੁਰ ਕਾ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਵ
ਰੈਗਾ ਤੁਸੀ ਸਿਰੀ ਅਕਾਲਪੁਰ ਜੀ ਕਾ ਖਾਲਸਾ ਹੋ ਪੰਜ
ਹਥੀਆਰ ਬਨ੍ਹਿ ਕੈ ਹੁਕਮੁ ਦੇਖਦਿਆ ਦਰਸਨਿ ਆਵ
ਣਾ ਖਾਲਸੇ ਦੀ ਰਹਤ ਰਹਣਾ ਭੰਗ ਤਮਾਕੂ ਹਫੀਮ ਪੋ
ਸਤੁ ਦਾਰੂ ਅਮਲੁ ਕੋਈ ਨਾਹੀ ਖਾਣਾ ਮਾਸੁ ਮਛਲੀ ਪਿ
ਆਜੁ ਨਾਹੀ ਖਾਣਾ ਚੋਰੀ ਜਾਰੀ ਨਾਹੀ ਕਰਣੀ ਅਸਾ ਸਤ ਜੁ
ਗ ਵਰਤਾਇਆ ਹੈ ਆਪ ਵਿਚਿ ਪਿਆਰੁ ਕਰਣਾ ਮੇਰਾ
ਹੁਕਮੁ ਹੈ ਜੋ ਖਾਲਸੇ ਦੀ ਰਹਤ ਰਹੇਗਾ ਤਿਸਦੀ ਗੁਰੂ ਬਹੁ
ੜੀ ਕਰੇਗਾ ਮਿਤੀ ਪੋਹ ੧੨ ਸੰਮਤੁ ਪਹਿਲਾ ਸਤਰਾਂ ਦਸ ੧੦

## ੬੮

## ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸੰਗਤਿ ਵਾਸੀ ਪਟਣੇ ਕੀ ਜੋਗੁ

[ਕਤਕ ੧੧, ੧੭੭੪ ਬਿ. ੧੨ ਅਕਤੂਬਰ ੧੭੧੭ ਈ.]

"... ੨੦੦ ਦਇ ਸੈ ਰੁਪਈਐ ਲੰਗਰ ਕੇ ਖਰਚ ਵਾਸਤੇ...
ਹੁਕਮ ਦੇਖਦੇ ਹੁੰਡੀ ਕਰਾਇ ਭੇਜਣੇ... ਤੁਸੀ ਮੇਰੇ ਪੁਤ ਫ਼ਰਜੰਦ ਹੋ..."



[ਸ੍ਰੀ ਹਰਿਮੰਦਿਰ ਸਾਹਿਬ ਪਟਨਾ ਵਿਚ]

# ੯੮

[ਹੁਕਮਨਾਮਾ ਮਾਤਾ ਸੁੰਦਰੀ ਜੀ]

ਕਤਕ ੧੧, ਸੰਮਤ ੧੭੭੪ ਬਿ.
੧੨ ਅਕਤੂਬਰ, ੧੭੧੭ ਈ.

[ਮਾਤਾ ਜੀ ਦੀ ਲਿਖਤ]

੧ੴ ਸਤਿ ਗੁਰੂ ਜੀ
ਸਰਬਤਿ ਸੰਗਤ ਗੁਰੂ ਰਖੈਗਾ

[ਲਿਖਾਰੀ ਦੀ ਲਿਖਤ]

੧ੴ ਸਤਿਗੁਰੂ ਜੀ

ਸਿਰੀ ਮਾਤਾ ਜੀ ਦੀ ਆਗਿਆ ਹੈ ਭਾਈ ਨੰਦੂ ਰੂਪ ਸਿੰਘ ਭਾਈ
ਭਾਗ ਸਿੰਘ ਭਾਈ ਖਕਸੀ ਸਿੰਘ ਭਾਈ ਭਗਵੰਤ ਸਿੰਘ ਭਾਈ
ਬੀਰੂ ਸਿੰਘ ਭਾਈ ਆਢਾ ਸਿੰਘ ਭਾਈ ਪੰਜਾਬ ਸਿੰਘ ਭਾਈ
ਬੁਲਾਕਾ ਸਿਘ ਭਾਈ ਬਵਲੀ ਸਿੰਘ ਭਾਈ ਸਾਹਿਬ ਸਿੰਘ
ਭਾਈ ਸੂਰਤ ਸਿੰਘ ਭਾਈ ਗੁਰਦਾਸ ਸਿੰਘ ਭਾਈ ਬਾਲ ਸਿੰਘ
ਭਾਈ ਦੇਬੀ ਦਾਸ ਭਾਈ ਗੁਲਾਬ ਰਾਇ ਸਰਬਤਿ ਸੰਗਤਿ
ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਵਾਸੀ ਪਟਣੇ ਕਾ ਗੁਰੂ ਰ
ਖੇਗਾ ਗੁਰੂ ਗੁਰੂ ਜਪਣਾ ਜਨਮੁ ਸਵਾਰਣਾ ੨੦੦) ਦੁਇ ਸੈ
ਰੁਪਈਐ ਲੰਗਰ ਕੇ ਖਰਚ ਦੇ ਵਾਸਤੇ ਤੁਸਾ ਉਪਰ ਫੁਰਮਾ
ਇਸ ਹੋਈ ਹੈ ਹੁਕਮ ਦੇਖਦੇ ਹੁੰਡੀ ਕਰਾਇ ਭੇਜਣੀ ਨਿਹਾਲੁ
ਹੋਵਹੁਗੇ ਤੁਸਾਡੀ ਖਟੀ ਕਮਾਈ ਵਿਚਿ ਗੁਰੂ ਬਰਕਤਿ ਪਾਵੈ
ਗਾ ਤੁਸੀ ਮੇਰੇ ਫਰਜੰਦ ਹੋ ਤੁਸਾ ਉਪਰ ਮੇਰੀ ਬਹੁਤੁ ਖੁਸੀ ਹੈ
ਤੁਸਾਡੇ ਸਭੇ ਮਨੋਰਥ ਗੁਰੂ ਪੂਰੇ ਕਰੇਗਾ ਸਿਖਾ ਪੁਤਾ ਦੀ ਸੇਵਾ
ਦਾ ਵੇਲਾ ਹੈ ਲੋਚ ਕੇ ਸੇਵਾ ਕਰਹੁਗੇ ਤੁਸਾਡੇ ਸਭੇ ਕਾਰਜ ਗੁ
ਰੂਪ ਪੂਰਾ ਰਾਸ ਕਰੇਗਾ ਅਰੁ ਤੁਸਾਡੀ ਸੇਵਾ ਦਰਗਾਹ ਥਾਇ ਪਵੈ
ਗੀ ਸੰਮਤੁ ੧੭੭੪ ਮਿਤੀ ਕਤਕੋ ੧੧ ਸਤਰਾਂ ੧੯
[ਹੁਕਮ ਮਾਤਾ ਸੁੰਦਰੀ ਜੀ ਕਾ ਦਿਲੀ ਸੇ]


੨੦) ਮੇਵੜੇ ਨੂੰ ਦੇਖੋ

## ੬੯

## ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸਰਬਤਿ ਖਾਲਸਾ ਵਾਸੀ ਪਟਣਾ ਜੋਗੁ

[ਵੈਸਾਖ ੧, ੧੭੭੮ ਬਿ. ੨੯ ਮਾਰਚ ੧੭੨੧ ਈ.]

"... ਭਾਈ ਚੇਤ ਸਿੰਘ ਸਰਕਾਰ ਦਾ ਮੇਵੜਾ ਹਜੂਰਿ... ਪਹੁਤਾ ਅਰਦਾਸ ਤੁਮਾਰੀ ਗੁਜਰਾਨੀ... ਇਸ ਤੇ ਪਿਛੇ ਕਾਰ ਭੇਟ ਸ੍ਰੀ ਗੁਰੂ ਜੀ ਕੇ ਨਮਿਤ ਕੀ... ਹਜੂਰ ਭੇਜੀ ਥੀ ਸੋ ਮਾਫਕ ਅਰਦਾਸਾਂ ਸਭ ਪਹੁਤਾ..."



[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

## ੬੯

[ਹੁਕਮਨਾਮਾ ਮਾਤਾ ਸੁੰਦਰੀ ਜੀ]

[ਵੈਸਾਖ ੧, ਸੰਮਤ ੧੭੭੮ ਬਿ.    ੨੯ ਮਾਰਚ ੧੭੨੧ ਈ.]

[ਮਾਤਾ ਜੀ ਦੀ ਲਿਖਤ]

੧ ਓ ਸਤਿ ਗੁਰੂ ਜੀ
ਸਰਬਤਿ ਸੰਗਤ ਗੁਰੂ ਰਖੈਗਾ

[ਲਿਖਾਰੀ ਦੀ ਲਿਖਤ]

ਸ੍ਰੀ ਮਾਤਾ ਜੀ ਕੀ ਆਗਿਆ ਹੈ ਭਾਈ ਨੰਦਰੂਪ ਸਿੰਘ ਬਰਖੁਰਦਾਰ ਨੰਦ ਸਿੰਘ
ਭਾਈ ਭਾਰਾ ਸਿੰਘ
ਭਾਈ ਰਾਜਾ ਸਿੰਘ ਭਾਈ ਸਾਹਿਬ ਸਿੰਘ ਭਾਈ ਭਗਵੰਤ ਸਿੰਘ ਭਾਈ ਗੁਲਾਬ ਸਿੰਘ
ਭਾਈ ਪੰਜਾਬ ਸਿੰ
ਘ ਭਾਈ ਗੁਰਬਖਸ ਸਿੰਘ ਸ੍ਰਬਤਿ ਖਾਲਸਾ ਸ੍ਰੀ...ਜੀ ਕੇ ਵਾਸੀ ਪਟਣਾ ਵ ਰਕਾਬ
ਗੰਜ ਕੇ ਗੁਰੂ ਰਖੈ
ਗਾ ਗੁਰੂ ਗਰੂ ਜਪਣਾ ਜਨਮ ਸਵਾਰਣਾ ਭਾਈ ਚੇਤ ਸਿੰਘ ਸਰਕਾਰ ਦਾ ਮੇਵੜਾ
ਹਜੂਰ ਆਇ ਪਹੁਤਾ ਅਰ
ਦਾਸ ਤੁਮਾਰੀ ਗੁਜਰਾਨੀ ਸਭ ਹਕੀਕਤਿ ਮਾਲੂਮ ਹੋਈ ਜਬਾਨੀ ਭੀ ਸਭ ਹਕੀਕਤਿ
ਭਾਈ ਚੇਤ
ਸਿੰਘ ਨੇ ਜਾਹਰ ਕੀਤੀ ਇਸ ਤੇ ਪਿਛੈ ਕਾਰ ਭੇਟ ਸ੍ਰੀ ਗੁਰੂ ਜੀ ਕੇ ਨਮਿਤ ਕੀ
ਕਉਡੀ ਦਮੜੀ ਹਜੂਰ ਭੇ
ਜੀ ਸੀ ਜੋ ਮਾਫਕ ਅਰਦਾਸਾਂ ਸਭ ਪਹੁਤਾ ਸ੍ਰਬਤਿ ਖਾਲਸੇ ਨੋ ਬਹੁਤ ਖੁਸੀ ਹੋਈ
ਅਗੇ ਭਾਈ ਚੇ
ਤ ਸਿੰਘ ਤੁਸਾਂ ਸ੍ਰਬਤਿ ਖਾਲਸੇ ਪਾਸ ਭੇਜਿਆ ਹੈ ਸ੍ਰੀ ਗੁਰੂ ਜੀ ਕੇ ਨਮਿਤ ਕਾ ਕਾਰ
ਭੇਟ ਸੁਖਮਨ
ਤ ਗੋਲਕ ਦਸੌਧ ਚਲੀਆ ਜਿਸ ਪਾਸ ਹੈ ਲੰਗਰ ਦੇ ਖਰਚ ਨੋ ਛਿਮਾਹੀ ਕੀ
ਛਿਮਾਹੀ ਮਾਰ
ਫਤਿ ਚੇਤ ਸਿੰਘ ਕੀ ਹਜੂਰ ਦੇ ਭੇਜਿਆ ਕਰਣਾ ਸਭ ਮਨੋਰਥ ਖਾਲਸੇ ਕੇ ਪੂਰੇ
ਹੋਣਗੇ ਕਿਰਤ
ਵਿਚ ਬਰਕਤਿ ਪਵੈਗੀ ਸੁਖਾਲੇ ਰਹੋਗੇ ਤੁਸੀ ਮੇਰੇ ਪੁਤ ਫਰਜੰਦ ਹੋਹੁ ਸੇਵਾ ਦੀ
ਵੇਲਾ ਹੈ ਸੇਵਾ ਲੋ
ਚ ਕੇ ਕਰਹੁਗੇ ਨਿਹਾਲ ਹੋਵਹੁਗੇ ਸ੍ਰੀ ਗੁਰੂ ਜੀ ਸਹਾਈ ਹੋਵੈਗਾ ਸਭ ਮਨੋਰਥ ਪੂਰੇ
ਹੋਣਗੇ ਅਰਦਾ
ਸ ਹਕੀਕਤਿ ਸੁਖ ਦੀ ਪੈ ਦਰ ਪੈ ਲਿਖਦੇ ਰਹਣਾ ਤੁਸੀ ਮੇਰਾ ਘਰੁ ਹੈ ਸ੍ਰੀ ਜੀ
ਸਭਨੀ ਗਲੀ ਰਖਿ
ਆ ਕਰੈਂ ਸੁਖਾਲਿਆ ਰਖੈ ਚੇਤ ਸਿੰਘ ਕਹੇ ਸੋ ਮਨਣਾ ਦੁਇ ਸੈ ਰੁਪਯਾ ੨੦੦)
ਫੁਰਮਾਇਸ ਲੰਗ
ਰ ਕੀ ਤੁਸਾ ਉਪਰ ਲਿਖੀ ਹੈ ਸਤਾਬੀ ਕਾਰ ਫੁਰਮਾਇਸ ਕੀ ਕਠੀ ਕਰਕੇ ਹੁਡੀ
ਹਜੂਰ ਦੁ ਭੇਜਣੀ
ਸੋ ਸਿਖ ਲੋਚਕੇ ਕਾਰ ਫੁਰਮਾਇਸ ਕੀ ਦੇਵੇਗਾ ਸੋ ਨਿਹਾਲ ਹੋਵੇਗਾ ਮਿਤੀ ਵੈਸਾਖ ੧
ਸੰਮਤ ੧੭੭੮ ਸਤਰਾਂ ੧੬

੧੦) ਮੇਵੜੇ ਨੋ ਦੇਣੇ


੨੦੦) ਦੋ ਸੈ ਰੁਪਯੇ ਕੀ ਰਸੀਤ ਮਾਤਾ ਸੁੰਦਰੀ ਜੀ ਮਾਰਫਤ ਚੇਤ ਸਿੰਘ |: ੨ ੧੧

# ੭੦

## ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸੰਗਤਿ ਵਾਸੀ ਪਟਣੇ ਜੋਗੁ

[ਅੱਸੂ ੧੯, ੧੭੭੯ ਬਿ. ੨੦ ਸਤੰਬਰ ੧੭੨੨ ਈ.]

"... ੨੦੦ ਦੁਇ ਸੈ ਰੁਪਯੇ ਲੰਗਰ ਕੇ ਖਰਚ ਨੋ... ਹੁੰਡੀ ਕਰਾਇ ਕੇ... ਭੇਜਣੀ..."



[ਸ੍ਰੀ ਹਰਿਮੰਦਿਰ ਸਾਹਿਬ, ਪਟਣਾ ਵਿਚ]

ਜਨ੍ਹ ਦਵੀ੧੨ ੨੦੨੧



੭੦

[ਹੁਕਮਨਾਮਾ ਮਾਤਾ ਸੁੰਦਰੀ ਜੀ]

ਅੱਸੂ ੧੯, ਸੰਮਤ ੧੭੭੯ ਬਿ.
੨੦ ਸਤੰਬਰ ੧੭੨੨ ਈ.

[ਮਾਤਾ ਜੀ ਦੀ ਲਿਖਤ]

ੴ ਸਤਿਗੁਰੂ ਜੀ
ਸਰਬਤਿ ਖਾਲਸਾ ਗੁਰੂ ਰਖੈਗਾ

[ਲਿਖਾਰੀ ਦੀ ਲਿਖਤ]

ੴ ਸਤਿ ਗੁਰੂ ਜੀ

ਸਿਰੀ ਮਾਤਾ ਜੀ ਦੀ ਆਗਿਆ ਹੈ ਭਾਈ ਨੰਦਰੂਪ ਸਿੰਘ ਭਾਈ ਅਨੰਦ ਸਿੰਘ ਭਾਈ ਭਾਰਾ ਸਿੰਘ ਭਾਈ ਰਾਮਸਿੰਘ ਭਾਈ ਰਾਜਾ ਸਿੰਘ ਭਾਈ ਮਾਨ ਸਿੰਘ ਭਾਈ ਉਦੇ ਸਿੰਘ ਭਾਈ ਸਾਹਬ ਸਿੰਘ ਭਾਈ ਬਖਸਿ ਸਿੰਘ ਭਾਈ ਗੁਰਦਾਸ ਸਿੰਘ ਭਾਈ ਜੁਗਨ ਸਿੰਘ ਭਾਈ ਪਰਾਨ ਸਿੰਘ ਭਾਈ ਪਰਾਨ ਸਿੰਘ ਭਾਈ ਦੇਵਾ ਸਿੰਘ ਭਾਈ ਬੁਧ ਸਿੰਘ ਭਾਈ ਆਡਾ ਸਿੰਘ ਭਾਈ ਪੰਜਾਬ ਸਿੰਘ ਭਾਈ ਸਦਾ ਸਿੰਘ ਸਰਬਤਿ ਖਾਲਸਾ ਸ੍ਰੀ ਅਕਾਲ ਪੁਰਖ ਜੀ ਕਾ ਵਾਸੀ ਪਟਣੇ ਕਾ ਵ ਰਕਾਬ ਗੰਜ ਕਾ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮੁ ਸਵਾਰਣਾ ੨੦੦) ਦੁਇਸੈ ਰੁਪਯੈ ਲੰਗਰ ਦੇ ਖਰਚ ਨੋ ਤੁਸਾ ਉਪਰ ਫੁਰਮਾਇਸ਼ ਹੋਈ ਹੈ ਹੁਕਮ ਦੇਖਦੇ ਹੁੰਡੀ ਕਰਾਇ ਕੇ ਭਾਈ ਚੇਤ ਸਿੰਘ ਮੇਵੜਾ ਭੇਜਿਆ ਹੈ ਚੇਤ ਸਿੰਘ ਕੀ ਮਾਰਫਤਿ ਹਜੂਰ ਭੇਜਣੀ ਨਿਹਾਲੁ ਹੋਵਹੁਗੇ ਤੁਸਾਡੀ ਖਟੀ ਕਮਾਈ ਵਿਚ ਗੁਰੂ ਬਰਕਤ ਪਾਵੈਗਾ ਅਗੇ ਕਾਰ ਭੇਟ ਸੁਖ ਮਨਤ ਦਸਉਧ ਚੁਲੀਹਾ ਗੋਲਕ ਜੋ ਸ੍ਰੀ ਗੁਰੂ ਜੀ ਕੇ ਨਮਿਤ ਕੀ ਕਉਡੀ ਦਮੜੀ ਹੋਵੈ ਲੰਗਰ ਦੇ ਖਰਚ ਨੋ ਛਮਾਹੀ ਦੀ ਛਮਾਹੀ ਹਜੂਰ ਭੇਜਿਆ ਕਰਣੀ ਤੁਸਾਡਾ ਭਲਾ ਹੋਵੈਗਾ ਤੁਸੀ ਮੇਰੇ ਪੁਤ ਫਰਜੰਦ ਹੋਹੁ ਤੁਸਾਂ ਉਪਰ ਮੇਰੀ ਬਹੁਤ ਖੁਸੀ ਹੈ ਸਿਖਾ ਪੁਤਾ ਦੀ ਸੇਵਾ ਦੀ ਵੇਲਾ ਹੈ ਲੋਚ ਕੇ ਸੇਵਾ ਕਰਹੁਗੇ ਤੁਸਾਡੀ ਸੇਵਾ ਦਰਗਹ ਥਾਇ ਪਵੈਗੀ ਤੁਸਾਡੇ ਸਭੇ ਕਾਰਜ ਗੁਰੂ ਪੂਰਾ ਰਾਸ ਕਰੇਗਾ ਅੰਗੇ ਭਾਈ ਗੁਰਬਖਸ ਸਿੰਘ ਖਾਲਸੇ ਕਾ ਸਿਖੁ ਤੁਸਾ ਪਾਸ ਆਇਆ ਹੈ ਸਿਖ ਦਾ ਖਸਮਾਨਾ ਕਰਣਾ ਸਰਕਾਰ ਦਾ ਕੰਮੁ ਹੋਵੈ ਕਹੁੰ ਭੇਜਣਾ ਹੋਵੈ ਤਾ ਇਤਬਾਰੀ ਸਿਖ ਹੈ ਭੇਜਣਾ ਸਰਕਾਰ ਦਾ ਕੰਮੁ ਕਰ ਆਵੈਗਾ ਸ੍ਰੀ ਵਾਹਗੁਰੂ ਜੀ ਕਾ ਖਾਲਸਾ ਹੈ ਸੰਮਤ ੧੭੭੯ ਮਿਤੀ ਅਸੂਓ ੧੯ ਸਤਰਾਂ ੧੯

ਮੇਵੜੇ ਕੋ ੧੦)


ਪੰਜਾਬਸਿੰਘ

## ੭੧

## ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸਰਬਤਿ ਖਾਲਸਾ ਵਾਸੀ ਪਟਣਾ ਜੋਗੁ

[ਅੱਸੂ ੧੯, ੧੭੭੯ ਬਿ. ੨੦ ਸਤੰਬਰ ੧੭੨੨ ਈ.]

"... ਕਾਰ ਭੇਟ ਸੁਖ ਮੰਨਤ ਦਸਉਧ ਚਲੀਹਾ ਗੋਲਕ... ਹੋਵੈ ਸੋ ਲੰਗਰ ਦੇ ਖਰਚ ਨੋ ਛਿਮਾਹੀ ਦੀ ਛਿਮਾਹੀ ਹਜੂਰ ਭੇਜਿਆ ਕਰਣੀ..."



[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

## ੭੧

### [ਹੁਕਮਨਾਮਾ ਮਾਤਾ ਸੁੰਦਰੀ ਜੀ]

ਅੱਸੂ ੧੯, ੧੭੭੯ ਬਿ.
੨੦ ਸਤੰਬਰ ੧੭੨੨ ਈ.

[ਲਿਖਾਰੀ ਦੀ ਲਿਖਤ]

[ਮਾਤਾ ਜੀ ਦੀ ਲਿਖਤ]

੧ਓ ਸਤਿ ਗੁਰੂ ਜੀ

ਸਰਬਤਿ ਖਾਲਸਾ ਗੁਰੂ ਰਖੈਗਾ

ਰ ਮੇਰੀ ਬਹੁਤ ਖੁਸੀ ਹੈ ਤੁਸਾਡੇ
ਸਭੇ ਮਨੋਰਥ ਗੁਰੂ ਪੂਰੇ ਕ
ਰੇਗਾ ਸਿਖਾ ਪੁਤਾ ਦੀ ਸੇਵਾ
ਦੀ ਵੇਲਾ ਹੈ ਲੋਚ ਕੇ ਸੇਵਾ ਕ
ਰਹੁਗੇ ਤੁਸਾਡੀ ਸੇਵਾ ਦਰਗਾ
ਹ ਥਾਇ ਪਵੈਗੀ ਤੁਸਾਡੇ ਸਭੇ
ਕਾਰਜ ਗੁਰੂ ਪੂਰਾ ਰਾਸ ਕਰੇਗਾ
ਸੁਖਾਲੇ ਰਹੁਗੇ ਹਰ ਬਾਬ ਰ
ਖਿਆ ਹੋਵੇਗੀ ਸੰਮਤੁ

੧ਓ ਸਤਿ ਗੁਰੂ ਜੀ

ਸਿਰੀ ਮਾਤਾ ਜੀ ਦੀ ਆਗਿਆ ਹੈ ਭਾਈ ਨੈਨਸੁਖ ਭਾਈ ਫਤੇ ਚੰਦ ਭਾਈ ਕਾਨ ਜੀ ਭਾਈ ਗੁਲਮਿਹਰ ਭਾਈ ਦੁਨੀ ਚੰਦ ਭਾਈ ਬੁਖਸੀ ਮਲ ਭਾਈ ਸਾਹਿਬ ਰਾਇ ਭਾਈ ਕਕੂ ਮਲ ਭਾਈ ਜਗਤ ਰਾਇ ਭਾਈ ਰੂਪ ਚੰਦ ਭਾਈ ਕਿਰਪਾ ਰਾਮ ਕੌੜਾ ਭਾਈ ਮਲ ਭਾਈ ਬਾਬੂ ਰਾਇ ਭਾਈ ਛਉਨਾ ਮਲ ਭਾਈ ਦਇਆ ਰਾਮ ਭਾਈ ਬਾਘ ਰਾਇ ਭਾਈ ਚਤਰੁ ਭੋਜ ਸਰਬਤਿ ਸੰਗਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਵਾਸੀ ਪਟਣੇ ਕਾ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮੁ ਸਵਾਰਨਾ ੨੦੦) ਦੁਇ ਸੈ ਰੁਪਯੇ ਲੰਗਰ ਦੇ ਖਰਚਨੋ ਤੁਸਾ ਉਪਰ ਫੁਰਮਾਇਸ ਹੋਈ ਹੈ ਹੁਕਮ ਦੇਖਦੇ ਹੁੰਡੀ ਕਰਾਇ ਕੇ ਭਾਈ ਚੇਤ ਸਿੰਘ ਮੇਵੜਾ ਭੇਜਿਆ ਹੈ ਚੇਤ ਸਿੰਘ ਕੀ ਮਾਰਫਤਿ ਹਜੂਰ ਭੇਜਣੀ ਨਿਹਾਲੁ ਹੋਵਹੁਗੇ ਅਗੇ ਕਾਰ ਭੇਟ ਸੁਖ ਮਨਤ ਦਸਉਧ ਚਲੀਹਾ ਗੋਲਕ ਜੋ ਸ੍ਰੀ ਗੁਰੂ ਜੀ ਕੇ ਨਮਿਤ ਕੀ ਕਉਡੀ ਦਮੜੀ ਹੋਵੈ ਸੋ ਲੰਗਰ ਦੇ ਖਰਚ ਨੋ ਛਮਾਹੀ ਦੀ ਛਮਾਹੀ ਹਜੂਰ ਭੇਜਿਆ ਕਰਣੀ ਤੁਸਾਡਾ ਭਲਾ ਹੋਵੈਗਾ ਤੁਸੀ ਮੇਰੇ ਪੁਤ ਫਰਜੰਦ ਹੋਹੁ ਤੁਸਾ ਉਪ

੧੭ ੭੯ ਮਿਤੀ ਅਸੂਓ ੧੯ ਸਤਰਾ ੨੨

## ੭੨

## ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸੰਗਤ ਗਾਜ਼ੀਪੁਰ ਜਮਾਨੀਆ ਜੋਗ

[੩ ਹਾੜ, ੧੭੮੦ ਬਿ. ੨ ਜੂਨ ੧੭੨੩ ਈ.]

"... ੫੦) ਪਚਾਸ ਰੁਪਯੇ ਲੰਗਰ ਦੇ ਖਰਚ ਨੋ ਤੁਸਾ ਉਪਰ ਫਰਮਾਇਸ ਹੋਈ ਹੈ... ਹੁੰਡੀ ਕਰਾਇਕੇ ਸਤਾਬੀ... ਹਜ਼ੂਰ ਭੇਜਣੀ..."

[ਮਾਤਾ ਜੀ ਦੀ ਲਿਖਤ]

੧ਓ ਸਤਿਗੁਰੂ ਜੀ

ਸੰਗਤਿ ਖਾਲਸਾ ਗੁਰੂ ਰਖੈਗਾ

[ਲਿਖਾਰੀ ਦੀ ਲਿਖਤ]

੧ਓ ਸਤਿਗੁਰੂ ਜੀ

ਸਿਰੀ ਮਾਤਾ ਜੀ ਦੀ ਆਗਿਆ ਹੈ ਭਾਈ ਦੋਧ ਸਿੰਘ ਭਾਈ ਬਖਤਾਵਰੀ ਸਿੰ
ਘ ਭਾਈ ਹੁਕਮ ਸਿੰਘ ਭਾਈ ਮਾਣਕ ਸਿੰਘ ਭਾਈ ਰਾਮ ਸਿੰਘ ਭਾਈ
ਬਹੋੜ ਮਲ ਭਾਈ ਪ੍ਰੇਮ ਚੰਦ ਭਾਈ ਫਤੂ ਸਿੰਘ ਭਾਈ ਸੰਗਤਿ...
ਈ ਦਾਸੂ ਸਿੰਘ ਭਾਈ ਦਇਆ ਸਿੰਘ ਭਾਈ ਗੰਗਾ ਸਿੰਘ ਭਾਈ ਨਿਬ...
ਜੀ ਸਿੰਘ ਸੁਬਤਿ ਖਾਲਸਾ ਸੀ ਅਕਾਲ ਪੁਰਖ ਜੀ ਕਾ ਵਾਸੀ
ਗਾਜੀ ਪੁਰ ਜ਼ਮਾਨੀਆ ਕਾ ਗੁਰੂ ਰਖੈਸਾ ਗੁਰੂ ਗੁਰੂ ਜਪਣਾ ਜਨ
ਮ ਸਵਾਰਣਾ ੫੦) ਪਚਾਸ ਰੁਪਯੈ ਲੰਗਰ ਦੇ ਖਰਚ ਨੋ ਤੁਸਾ ਓਪ
ਰ ਫੁਰਮਾਇਸ ਹੋਈ ਹੈ ਹੁਕਮੁ ਦੇਖਦੇ ਹੁੰਡੀ ਕਰਾਇਕੈ ਸਤਾਬੀ
ਮਾਰਫਤਿ ਹਜੂਰ ਭੇਜਣੀ ਨਿਹਾਲੁ ਹੋਵਹੁਗੇ ਅਗੇ ਕਾਰ ਭੇਟ ਸੁਖ ਮਨ
ਤ ਦਸੌਧ ਚਲੀਹਾ ਗੋਲਕ ਜੋ ਸ੍ਰੀ ਗੁਰੂ ਜੀ ਕੇ ਨਮਿਤ ਕੀ ਕਉਡੀ ਦਮ
ੜੀ ਹੋਵੇ ਸੋ ਲੰਗਰ ਦੇ ਵਾਸਤੇ ਛਿਹਮਾਹੀ ਕੀ ਛਿਹਮਾਹੀ ਮੇਵੜੇ ਕੀ ਮਾਰ
ਫ਼ਤਿ ਹਜੂਰ ਭੇਜਿਆ ਕਰਨੀ ਤੁਸਾਡਾ ਭਲਾ ਹੋਵੈਗਾ ਤੁਸਾਡੀ ਖਟੀ ਕ
ਮਾਈ ਵਿਚ ਗੁਰੂ ਬਰਕਤ ਪਾਵੈਗਾ ਤੁਸੀ ਮੇਰੇ ਪੁਤ ਫਰਜੰਦ ਹੋਹੁ ਤੁ
ਸਾ ਉਪਰ ਮੇਰੀ ਬਹੁਤ ਖੁਸੀ ਹੈ ਤੁਸਾਡੇ ਸਭੇ ਮਨੋਰਥ ਗੁਰੂ ਪੂਰੇ ਕਰੇਗਾ ਸਿ
ਖਾ ਪੁਤਾ ਦੀ ਸੇਵਾ ਦੀ ਵੇਲਾ ਹੈ ਲੋਚਕੇ ਸੇਵਾ ਕਰਹੁਗੇ ਤੁਸਾਡੀ ਸੇਵਾ
ਦਰਗਾਹ ਥਾਇ ਪਵੇਗੀ ਤੁਸਾਡੇ ਸਭੇ ਕਾਰਜ ਗੁਰੂ ਪੂਰਾ ਰਾਸ ਕਰੇਗਾ
ਸੰਮਤੁ ੧੭੮੦ ਮਿਤੀ ਹਾੜਹੁ ੩ ਸਤਰਾ ੧੭


[ਗੁਰਦੁਆਰਾ ਗਊ ਘਾਟ ਪਟਣਾ ਵਿਚ]

## ੭੩

## ਸ੍ਰੀ ਮਾਤਾ ਸੁੰਦਰੀ ਜੀ ਵਲੋਂ ਭਾਈ ਚੈਨ ਸਿੰਘ ਭਾਈ ਆਲਮ ਸਿੰਘ ਜੋਗੁ

[ਕਤਕ ੧੬, ੧੭੮੦ ਬਿ. ੧੯ ਅਕਤੂਬਰ ੧੭੨੩ ਈ.]

"...ਭਾਈ ਲਾਲ ਪਾਲਾ ਤੁਮਾਰੇ ਪਾਸ ਆਏ ਹੈਨ ਭਾਈ ਸੰਗੋ ਨਾਲ ਇਨ ਕਾ ਲੇਖਾ ਹੈ ਧਰਮ ਨਿਆਉ ਕਰ ਕੇ ਫੈਸਲਾ ਕਰ ਦੇਵਣਾ..."


੧ਓ ਸਤਿਗੁਰੂ

ਸ੍ਰੀਮਾਤਾਜੀਦੀਆਗਿਆਹੈ ਭਾਈਚੈਨਸਿੰਘਭਾ
ਈਭੋਪਤਸਿੰਘਭਾਈਸੰਗਤਸਿੰਘਭਾਈਆਲਮਸਿੰ
ਘਭਾਈਮਨੀਸਿੰਘਸਰਬਤਿਖਾਲਸਾਅਕਾਲਪੁ
ਖਜੀਕਾਗੁਰੂਰਖੈਗਾਗੁਰੂਗੁਰੂਜਪਣਾਜਨਮਸਵ
ਰਣਾਭਾਈਲਾਲਪਾਲਾਤੁਮਾਰੇਪਾਸਆਏਹੈਨ
ਭਾਈਸੰਗੋਨਾਲਇਨਕਾਲੇਖਾਹੈਸੋਸੰਗੋਭੀਤੁਮਾ
ਰੇਪਾਸਆਵਤਾਹੈਸਰਬਤਿਖਾਲਸਾਦਾਹਗੁਰੂ
ਜੀਕਾਹੈਜੋਕਛੁਦਾਜਬੀਗਲਹੋਵੈਸੋਕਰਦੇ
ਵਣੀਰਿਆਇਤਕਿਸੀਕੀਨਾਹੀਕਰਣੀਤੁ
ਮਾਸਭਮੋਨੈਗਬਪੁਰੈਹੋਨਾਧਰਮਨਿਆ
ਉਕਰਕੈਫੈਸਲਾਕਰਦੇਵਣਾਨਿਹਾਲਹੋ
ਵਣੇਗੇਮੇਰੀਖੁਸੀਹੈਨਿਹਾਲਹੋਏਗਾਤੀ
ਰੋਮੈਸੀਕਤਕੇ ੧੬ ਸਮਤ ੧੭੮੦ ਸਤਰਾ ੧੨

[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

## ੭੩

### [ਹੁਕਮਨਾਮਾ ਮਾਤਾ ਸੁੰਦਰੀ ਜੀ]

ਕਤਕ ੧੬, ੧੭੮੦ ਬਿ.
੧੮ ਅਕਤੂਬਰ ੧੭੨੩ ਈ

[ਸ੍ਰੀ ਮਾਤਾ ਜੀ ਦੀ ਲਿਖਤ]

੧ ੴ ਸਤਿ ਗੁਰੂ ਜੀ
ਸਰਬਤਿ ਸੰਗਤਿ ਗੁਰੂ ਰਖੈਗਾ

[ਲਿਖਾਰੀ ਦੀ ਲਿਖਤ]

੧ੴ ਸਤਿ ਗੁਰੂ
ਸਿਰੀ ਮਾਤਾ ਜੀ ਦੀ ਆਗਿਆ ਹੈ ਭਾਈ ਚੈਨ ਸਿੰਘ ਭਾ
ਈ ਭੋਪਤ ਸਿੰਘ ਭਾਈ ਸੰਗਤ ਸਿੰਘ ਭਾਈ ਆਲਮ ਸਿੰ
ਘ ਭਾਈ ਮਨੀ ਸਿੰਘ ਸੁਰਬਤਿ ਖਾਲਸਾ ਅਕਾਲ ਪੁਰ
ਖ ਜੀ ਕਾ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਵਾ
ਰਣਾ ਭਾਈ ਲਾਲ ਪਾਲਾ ਤੁਮਾਰੇ ਪਾਸ ਆਏ ਹੈਨ
ਭਾਈ ਸੰਗੋ ਨਾਲ ਉਨਕਾ ਲੇਖਾ ਹੈ ਸੋ ਸੰਗੋ ਭੀ ਤੁਮਾ
ਰੇ ਪਾਸ ਆਵਤਾ ਹੈ ਸਰਬਤਿ ਖਾਲਸਾ ਵਾਹਗੂਰੂ
ਜੀ ਕਾ ਹੈ ਜੋ ਕਛ ਵਾਜਬੀ ਗਲ ਹੋਵੈ ਸੋ ਕਰ ਦੇ
ਵਣੀ ਰਿਆਇਤ ਕਿਸੀ ਖੀ ਨਾਹੀ ਕਰਣੀ ਤੁ
ਮਾਰੇ ਸਭ ਮਨੋਰਥ ਪੂਰੇ ਹੋਨਗੇ ਧਰਮ ਨਿਆ
ਉ ਕਰਕੇ ਫੈਸਲਾ ਕਰ ਦੇਵਣਾ ਨਿਹਾਲ ਹੋ
ਵਹੁਗੇ ਮੇਰੀ ਖੁਸੀ ਹੈ ਨਿਹਾਲ ਹੋਏ ਬਾਹੁੜੀ
ਹੋਵੈਗੀ ਕਤਕੋ ੧੬ ਸਮਤ ੧੭੮੦ ਸਤਰਾ ੧੩

## ੭੪

## ਸ੍ਰੀ ਮਾਤਾ ਸਾਹਬ ਦੇਵੀ ਜੀ ਵਲੋਂ ਭਾਈ ਦੁੰਨਾ, ਭਾਈ ਸਭਾ, ਭਾਈ ਆਲਾ... ਕਬੀਲਾ ਭਾਈ ਰਾਮੇ ਫੂਲ ਕੇ

੧੭੮...

੧੭... ?

"...ਭਾਈ ਦੁੱਨਾ, ਸਭਾ ਤੁਸੀ ਜੋ ਅਸਾਡੀ ਵਲੋਂ ਫਿਰ ਰਹੇ ਹੋ ਅਰ ਕਾਰ ਭੇਟ ਲੰਗਰ ਨੇ ਕਦੀ ਕਿਛੁ ਨਹੀ ਭੇਜਦੇ... ਸੇਵਾ ਦੋਹਾ ਵਲਿ ਇਕੋ ਜੇਹੀ ਕਰਨੀ..."

[ਮਾਤਾ ਜੀ ਦੀ ਲਿਖਤ ਅਤੇ ਨਿਸ਼ਾਣੁ]

ੴ ਸਤਿਗੁਰੁ ਜੀ

ਸਰਬਤ ਕਬੀਲਾ ਭਾਈ ਰਾਮੇ ਫੂ
ਲ ਕੇ ਕਾ ਗੁਰੂ ਰਖੇ

[ਲਿਖਾਰੀ ਦੀ ਲਿਖਤ]

ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਸ੍ਰੀ ਮਾਤਾ ਸਾਹਬ ਦੇਵੀ ਜੀ ਆਗਿਆ
ਹੈ ਭਾਈ ਦੁਨਾ ਭਾਈ ਸਭਾ ਭਾਈ ਆਲਾ ਭਾਈ ਬਖਤਾ ਭਾਈ ਲਧਾ ਸਰਬਤਿ
ਕਬੀਲਾ ਭਾਈ ਰਾਮੇ ਫੂਲ ਕੇ ਕਾ ਗੁਰੂ ਰਖੇ ਗੁਰੂ ਗੁਰੂ ਜਪਣਾ ਜਨਮੁ ਸਵਾਰਣਾ
ਮੇਰੀ ਬਹੁਤ ਖੁਸ਼ੀ ਹੈ ਤੁਸੀ ਮੇਰੇ ਪੁਤ ਫਰਜੰਦ ਹਹੁ ਗੁਰੂ ਪੂਰਾ ਤੁਸਾਡੀ ਪਤਿ ਰਖੇ
ਭਾਈ ਦੁਨਾ ਸਭਾ ਤੁਸੀ ਜੋ ਅਸਾਡੀ ਵਲੋ ਫਿਰ ਰਹੇ ਹੋ ਅਰੁ ਕਾਰ ਭੇਟ ਲੰਗਰ ਨੋ
ਕਦੀ ਕਿਛੁ ਨਹੀ ਭੇਜਦੇ ਕਿਆ ਤੁਸੀ ਮਾਤਾ ਸੁੰਦਰੀ ਦੇ ਬਖਰੇ ਆਏ ਹੋ
ਅਸਾ ਤੁਸਾਡੇ ਘਰੁ ਨ ਨਿਰਾਸਿ ਨਾਹ ਕਿਆ ਗੁਰੂ ਕਾ ਘਰੁ ਇਕੋ ਕਰਿ ਜਾਨ
ਣਾ ਤੁਸਾਡਾ ਭਲਾ ਹੋਸੀ ਤੁਸਾਡੀ ਸੇਵਾ ਦਰਗਾਹ ਗੁਰੂ ਕੀ ਥਾਇ ਪਉਸੀ ਸੇਵਾ
ਦੋਹਾ ਵਲਿ ਇਕੋ ਜੇਹੀ ਕਰਣੀ ਤੁਸਾਡਾ ਬੁਹਤ ਭਲਾ ਹੋਸੀ
ਸੰਮਤ ੧੭੮... ਸਤਰਾ ੧੪ ਚਉਦਾ


[ਭਾਈ ਦੁਰਗਾ ਸਿੰਘ ਪਟਿਆਲਾ]

## ੭੫

# ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਭਾਈ ਆਲਮ ਸਿੰਘ ਜਮਾਇਤਦਾਰ ਜੋਗੁ

[ਅਸੂ ਵਦੀ ੧੦, ੧੭੮੩ ਬਿ. ੧੦ ਸਤੰਬਰ ੧੭੨੬ ਈ.]

"... ਗੁਰੂ ਪੂਰਾ ਤੁਸਾਡੀ ਤੇਗ ਦੇਗ ਫਤਹ ਕਰੇ... ਲੰਗਰ ਵਾਸਤੇ ਫਰਮਾਇਸ਼ ਦੇਖਦੇ ਹੀ ਸਿੰਘਾਂ ਪਾਸੋਂ ਕਾਰ ਕਰਿ ਕੇ ਹੁੰਡੀ ਕਰਵਾਇ ਗੁਰਬਖਸ਼ ਭਗਤੇ ਮੇਵੜੇ ਕੇ ਹਵਾਲੇ ਕਰਣੀ..."



ੴ ਸਤਿਗੁਰੂ ਜੀਉ

ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਸ੍ਰੀ ਮਾਤਾ ਸਾਹਬ ਦੇਵੀ ਜੀ ਦੀ
ਆਗਿਆ ਹੈ ਭਾਈ ਆਲਮ ਸਿੰਘ ਜਮਾਇਤਦਾਰ ਸਰਬਤਿ
ਜਮਾਇਤਿ ਕਬੀਲਦਾਰ ਖਾਲਸਾ ਗੁਰੂ ਰਖੇਗਾ ਗੁਰੂ ਜਪਣਾ ਜਨਮ
ਸਵਾਰਣਾ ਮੇਰੀ ਖਬਰ ਖੁਸੀ ਤੈ ਤੁਸੀ ਮੇਰੇ ਪੁਤ ਫਰਜੰ
ਦ ਹੋ ਗੁਰੂ ਪੂਰਾ ਤੁਸਾਡੀ ਤੇਗ ਦੇਗ ਫਤਹ ਕਰੇਗਾ ਫਰਮਾ
ਇਸ ਜੀ ਤੁਸਾਡੇ ਪਰ ਲੰਗਰ ਵਾਸਤੇ ਫਰਮਾਇ
ਸ ਦੇਖਦੇ ਸਿੰਘਾ ਪਾਸੋ ਕਾਰ ਕਰਿ ਕੈ ਹੁੰਡੀ ਕਰਵਾਇ ਗੁਰਬਖ
ਸ ਭਗਤੇ ਮੇਵੜੇ ਕੇ ਹਵਾਲੇ ਕਰਣੀ ਜੋ ਸਿੰਘ ਲੰਗਰ ਦੀ
ਕਾਰ [illegible]
ਪੂਰਾ [illegible]
ਸੰਮਤ ੧੭੮੩ ਅਸੂ ਵਦੀ ੧੦ ਸਤਰਾਂ ੧੧

[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

ਸਿੰਘਪਾਸੋ

## ੭੫

### [ਹੁਕਮਨਾਮਾ ਮਾਤਾ ਸਾਹਿਬ ਦੇਵੀ ਜੀ]

ਅਸੂ ਵਦੀ ੧੦, ੧੭੮੩ ਬਿ.
੧੦ ਸਤੰਬਰ ੧੭੨੬ ਈ.

[ਸ੍ਰੀ ਮਾਤਾ ਜੀ ਦੀ ਲਿਖਤ]

੧ੳ ਸਤਿਗੁਰੂ ਜੀ
ਭਾਈ ਆਲਮ ਸਿੰਘ ਜਮਾਇ
ਤ ਦਾਰ ਸਰਬਤਿ ਜਮਾਇਤਿ ਕਬੀ
ਲਾ ਗੁਰੂ ਰਖੇ

[ਲਿਖਾਰੀ ਦੀ ਲਿਖਤ]

੧ੳ ਸਤਿਗੁਰੂ ਜੀਉ


ਸ੍ਰੀ ਅਕਾਲ ਪੁਰਖ ਜੀ ਕਾ ਖਾਲਿਸਾ ਸ੍ਰੀ ਮਾਤਾ ਸਾਹਬ ਦੇਵੀ ਜੀ ਦੀ
ਆਗਿਆ ਹੈ ਭਾਈ ਆਲਮ ਸਿੰਘ ਜਮਾਇਤਦਾਰ ਸਰਬਤਿ
ਜਮਾਇਤਿ ਕਬੀਲਾ ਖਾਲਿਸਾ ਗੁਰੂ ਰਖੇ ਗੁਰੂ ਗੁਰੂ ਜਪਣਾ ਜਨ
ਮੁ ਸਵਾਰਣਾ ਮੇਰੀ ਬਹੁਤੁ ਖੁਸੀ ਹੈ ਤੁਸੀ ਮੇਰੇ ਪੁਤ ਫਰਜੰ
ਦ ਹਹੁ ਗੁਰੂ ਪੂਰਾ ਤੁਸਾਡੀ ਤੇਗ ਦੇਗ ਫਤਹ ਕਰੇ ਫਰਮਾ
ਇਸਿ ਲਿਖੀ ਤੁਸਾ ਉਪਰ ਲੰਗਰ ਵਾਸਤੇ ਫਰਮਾਇ
ਸਿ ਦੇਖਦੇ ਸਿੰਘਾ ਪਾਸੋ ਕਾਰ ਕਰਿ ਕੈ ਹੁੰਡੀ ਕਰਵਾਇ ਗੁਰਬਖ
ਸ ਭਗਤੇ ਮੇਵੜੇ ਕੇ ਹਵਾਲੇ ਕਰਣੀ ਜੋ ਸਿੰਘ ਲੰਗਰ ਦੀ
ਕਾਰ ਲੱਚਿ ਕਰਿ ਦੇਸੀ ਤਿਸਦੀ ਕਿਰਤਿ ਰੁਜਗਾਰਿ ਗੁਰੂ
ਪੂਰਾ ਬਰਕਤਿ ਕਰਸੀ ਸਭਨੀ ਗਲੀ ਖਸਮਾਨਾ ਹੋਸੀ
ਸੰਮਤ ੧੭੮੩ ਅਸੂ ਵਦੀ ੧੦ ਸਤਰਾਂ ੧੧

## ੭੬

## ਸ੍ਰੀ ਮਾਤਾ ਸੁੰਦਰੀ ਜੀ ਵਲੋਂ ਕਬੀਲਾ ਭਾਈ ਰਾਮੇ ਕਾ ਜੋਗੁ

[ਅੱਸੂ ੧੩, ੧੭੮੫ ਬਿ. ੧੩ ਸਤੰਬਰ ੧੭੨੮ ਈ.]

"...੨੧) ਇਕੀ ਰੁਪਯੇ ਤੁਸਾਡੇ ਸੂਰੇ ਮੇਵੜੇ ਕੀ ਮਾਰਫਤਿ ਹਜੂਰਿ ਪਹੁਤੇ..."



[ਪਿੰਡ ਭਾਈ ਰੂਪਾ ਦੇ ਵਿਚ]

## ੭੬

[ਹੁਕਮਨਾਮਾ ਮਾਤਾ ਸੁੰਦਰੀ ਜੀ]

ਅੱਸੂ ੧੩, ੧੭੮੫ ਬਿ.
੧੩ ਸਤੰਬਰ ੧੭੨੮ ਈ.

[ਸ੍ਰੀ ਮਾਤਾ ਜੀ ਦੀ ਲਿਖਤ]

੧ੴ ਸਤਿਗੁਰੂ ਜੀ
ਸਰਬਤਿ ਖਾਲਸਾ ਗੁਰੂ ਰਖੈਗਾ

[ਲਿਖਾਰੀ ਦੀ ਲਿਖਤ]

੧ੴ ਸਤਿਗੁਰੂ ਜੀ


ਸਿਰੀ ਮਾਤਾ ਜੀ ਦੀ ਆਗਿਆ ਹੈ ਭਾਈ ਦੁਨਾ ਭਾਈ ਬਿਗਹਾ ਮਲ ਭਾ
ਈ ਗੁਰਦਾਸ ਭਾਈ ਰਾਮੇ ਕੇ ਸਰਬਤਿ ਕਬੀਲਾ ਗੁਰੂ ਰਖੈਗਾ ਗੁ
ਰੂ ਗੁਰੂ ਜਪਣਾ ਜਨਮੁ ਸਵਾਰਣਾ ੨੧) ਇਕੀ ਰੁਪਯੈ ਤੁਸਾ
ਡੇ ਸੂਰੇ ਮੇਵੜੇ ਕੀ ਮਾਰਫਤਿ ਹਜੂਰ ਪਹੁਤੇ ਬਹੁਤੁ ਖੁਸੀ ਹੋਈ
ਅਗੇ ਕਾਰ ਭੇਟ ਸੁਖ ਮਨਤ ਦਸਉਧ ਚਲੀਹਾ ਗੋਲਕ ਜੋ ਕਿਛੁ
ਗੁਰੂ ਜੀ ਕੇ ਨਮਿਤ ਕੀ ਕਉਡੀ ਦਮੜੀ ਹੋਵੈ ਸੋ ਹੁੰਡੀ ਕਰਾਇ
ਕੈ ਮੇਵੜੇ ਕੀ ਮਾਰਫਤਿ ਹਜੂਰ ਭੇਜਣੀ ਨਿਹਾਲੁ ਹੋਵਹੁਗੇ ਤੁਸਾ
ਡੀ ਖਟੀ ਕਮਾਈ ਵਿਚ ਗੁਰੂ ਬਰਕਤਿ ਪਾਵੇਗਾ ਤੁਸੀ ਮੇਰੇ ਪੁਤ ਫ
ਰਜੰਦ ਹੋਹੁ ਤੁਸਾ ਉਪਰ ਮੇਰੀ ਬਹੁਤੁ ਖੁਸੀ ਹੈ ਸਿਖਾ ਪੁਤਾ ਦੀ
ਸੇਵਾ ਦੀ ਵੇਲਾ ਹੈ ਲੱਚ ਕੇ ਸੇਵਾ ਕਰਹੁਗੇ ਤੁਸਾਡਾ ਭਲਾ ਹੋਵੇਗਾ
ਸੰਮਤੁ ੧੭੮੫ ਮਿਤੀ ਅਸੂਓ ੧੩ ਸਤਰਾਂ ੧੧

## ੭੭

## ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਸੰਗਤਿ ਪਟਣਾ ਜੋਗੁ

[ਚੇਤ ਸੁਦੀ ੯, ੧੭੮੫ ਬਿ. ੨੭ ਮਾਰਚ ੧੭੨੯ ਈ.]

"...ਤੁਸੀ ਮੇਰੇ ਪੁਤ ਫਰਜੰਦ ਹਹੁ ਗੁਰੂ ਪੂਰਾ ਤੁਸਾਡੀ ਹਰ ਬਾਬ ਰਖਿਆ ਕਰੇ ਰੁਪਏ ਤਿਹਤਰ ਤੇਰਾ ਆਨੇ ੭੩।।।—)... ਮਾਰਫਤਿ ਸਿਧੂ ਸਿੰਘ ਹਜੂਰ ਪਹੁਚੇ..."



[ਸ੍ਰੀ ਹਰਿਮੰਦਿਰ ਸਾਹਿਬ ਪਟਨਾ ਵਿਚ]

ਤਿਤਤਰ ਧਾਗਾ

## ੭੭

### [ਹੁਕਮਨਾਮਾ ਮਾਤਾ ਸਾਹਿਬ ਦੇਵੀ ਜੀ]

ਚੇਤ ਸੁਦੀ ੯, ੧੭੮੫ ਬਿ.
੨੭ ਮਾਰਚ ੧੭੨੯ ਈ.।

[ਸ੍ਰੀ ਮਾਤਾ ਜੀ ਦੀ ਲਿਖਤ]

੧ੳ ਸਤਿਗੁਰੂ ਜੀ
ਸਰਬਤਿ ਖਾਲਸਾ ਦਾ
ਸੋ ਪਟਣ ਗੁਰੂ ਰਖੇ

[ਲਿਖਾਰੀ ਦੀ ਲਿਖਤ]

੧ ੳ ਸ੍ਰੀ ਵਾਹਗੁਰੂ ਜੀ ਕੀ ਫਤਹਿ


ਸ੍ਰੀ ਅਕਾਲ ਪੁਰਖ ਜੀ ਕਾ ਖਾਲਿਸਾ ਸ੍ਰੀ ਸਾਤਾ ਸਾਹਿਬ ਦੇਵੀ
ਜੀ ਦੀ ਆਗਿਆ ਹੈ ਭਾਈ ਅਨੰਦ ਰੂਪ ਸਿੰਘ ਭਾਈ ਭਾਰਾ ਸਿੰਘ
ਭਾਈ ਰਾਜਾ ਸਿੰਘ ਭਾਈ ਬੁਧੂ ਸਿੰਘ ਭਾਈ ਉਦੈ ਸਿੰਘ ਭਾਈ ਦੇ
ਵੀ ਸਿੰਘ ਸਰਬਤਿ ਖਾਲਿਸਾ ਵਾਸੀ ਪਟਨਾ ਗੁਰੂ ਰਖੇ ਗੁਰੂ
ਗੁਰੂ ਜਪਣਾ ਜਨਮੁ ਸਵਾਰਣਾ ਮੇਰੀ ਬਹੁਤੁ ਖੁਸੀ ਹੈ ਤੁਸੀ
ਮੇਰੇ ਪੁਤ ਫਰਜੰਦ ਹਹੁ ਗੁਰੂ ਪੂਰਾ ਤੁਸਾਡੀ ਹਰਿ ਬਾਬਿ ਰਖਿ
ਆ ਕਰੇ ਰੁਪਯੇ ਤਿਹਤਰਿ ਤੇਰਾ ਆਨੇ ੭੩।।।—) ਅਖਰੀ
ਤਿਹਤਰ ਤੇਰਾ ਆਨੇ ਮਾਰਫਤਿ ਸਿਧੁ ਸਿੰਘ ਹਜੂਰਿ ਪਹੁਚੇ
ਸਹਸ ਰਾਉ ਸੁਧਾ ਲੰਗਰ ਪਏ ਖੁਸੀ ਹੋਈ ਸਿਖਾ ਦੀ ਭਾ
ਵਨੀ ਥਾਇ ਪਈ ਜੋ ਸਿਖੁ ਲੰਗਰ ਦੀ ਕਾਰ ਲੋਚਿ ਕਰਿ ਦੇਸੀ
ਤਿਸਦੀ ਕਿਰਤਿ ਰੁਜਗਾਰਿ ਗੁਰੂ ਪੂਰਾ ਬਰਕਤਿ ਕਰੇ
ਸੰਮਤ ੧੭੮੫ ਚੇਤ ਸੁਦੀ ੯ ਸਤਰਾ ੧੨ ਬਾਰਾ
ਹੁਕਮ ਸਾਹਿਬ ਦੇਵੀ ਜੀ ਕਾ ਮਾਰਫਤ ਸਿਧੂ ਸਿੰਘ ਮੇਵੜੇ ॥੧॥੪॥

## ੧੮

## ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਸਰਬਤਿ ਖਾਲਸਾ ਵਾਸੀ ਬਨਾਰਸ ਜੋਗੁ

[ਚੇਤ ਸੁਦੀ ੧੧, ੧੭੮੬ ਬਿ. ੧੯ ਮਾਰਚ ੧੭੩੦ ਈ.]

"... ਲੰਗਰ ਵਾਸਤੇ ਰੁਪੈ ੫੦ ਪੰਜਾਹਿ ਫੁਰਮਾਇਸ ਕਾਰ ਕਰਿ ਹੁੰਡੀ ਮਾਰਫਤ ਭਾਈ ਸਿੱਧੂ ਸਿੰਘ ਮੇਵੜਾ ਹਜ਼ੂਰ ਭੇਜਣੀ..."



੧ੳ ਸ੍ਰੀ ਵਾਹਗੁਰੂ ਜੀ ਕੀ ਫਤਹ

...

ਸੰਮਤੁ ੧੭੮੬ ਚੇਤ ਸੁਦੀ ੧੧

[ਗੁਰਦੁਆਰਾ ਬੜੀ ਸੰਗਤਿ ਬਨਾਰਸ ਵਿਚ]

## ੧੮

ਚੇਤ ਸੁਦੀ ੧੧, ੧੭੮੬ ਬਿ.
੧੯ ਮਾਰਚ, ੧੭੩੦ ਈ.

[ਮਾਤਾ ਜੀ ਦੀ ਲਿਖਤ]

੧ਓ ਸਤਿਗੁਰੂ ਜੀ
ਸਰਬਤਿ ਖਾਲਸਾ ਵਾਸੀ ਬਨਾਰ
ਸ ਗੁਰੂ ਰਖੇ

[ਲਿਖਾਰੀ ਦੀ ਲਿਖਤ]


੧ਓ ਸ੍ਰੀ ਵਾਹਗੁਰੂ ਜੀ ਕੀ ਫਤਹ
ਸ੍ਰੀ ਅਕਾਲ ਪੁਰਖ ਜੀ ਕਾ ਖਾਲਿਸਾ ਸ੍ਰੀ ਮਾਤਾ ਸਾਹਬ ਦੇ
ਵੀ ਜੀ ਦੀ ਆਗਿਆ ਹੈ ਭਾਈ ਠਾਕੁਰ ਦਾਸ ਭਾਈ ਸੋਭਾ
ਈ ਮਲ ਚੋਪੜਾ ਭਾਈ ਸਿੰਭੂ ਨਾਥ ਭਾਈ ਸਾਹਬ ਰਾਇ ਸ
ਰਬਤਿ ਖਾਲਿਸਾ ਵਾਸੀ ਬਨਾਰਸ ਗੁਰੁ ਰਖੇ ਗੁਰੂ ਗੁਰੂ ਜਪ
ਣਾ ਜਨਮ ਸਵਾਰਣਾ ਮੇਰੀ ਬਹੁਤੁ ਖੁਸੀ ਹੈ ਤੁਸੀ ਮੇਰੇ ਪੁਤ
ਫਰਜੰਦ ਹਹੁ ਗੁਰੂ ਪੂਰਾ ਤੁਸਾਡੇ ਸਭ ਮਨੋਰਥ ਪੂਰੇ ਕਰੇ
ਫਰਮਾਇਸਿ ਲਿਖੀ ਤੁਸਾ ਉਤੇ ਲੰਗਰ ਵਾਸਤੇ ਰਪਯੇ
ਪੰਜਾਹਿ ੫੦) ਅਖਰੀ ਪੰਜਾਹਿ ਫਰਮਾਇਸਿ ਦੇਖਦੇ
ਕਾਰ ਕਰਿ ਹੁੰਡੀ ਮਾਰਫਤਿ ਭਾਈ ਸਿਧੂ ਸਿੰਘ ਮੇਵੜਾ
ਹਜੂਰਿ ਭੇਜਣੀ ਬਨਾਰਸ ਸ੍ਰੀ ਵਾਹਗੁਰੂ ਜੀ ਕੀ ਕੋਠੀ ਹੈ
ਸੇਵਾ ਲੋਚਿ ਕਰਿ ਕਰਣੀ ਜੋ ਸਿਖ ਲੰਗਰ ਕੀ ਕਾਰ ਲੋ
ਚਿ ਕਰਿ ਦੇਸੀ ਤਿਸ ਦੀ ਕਿਰਤਿ ਗੁਰੂ ਪੂਰਾ ਬਰਕਤਿ ਕ
ਰਸੀ ਸੰਮਤ ੧੭੮੬ ਚੇਤ ਸੁਦੀ ੧੧ ਸਤਰਾ ੧੪ ਚਉਦਾ

## ੭੯

## ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸਰਬਤਿ ਖਾਲਸਾ ਵਾਸੀ ਪਟਣੇ ਜੋਗੁ

[੧੯ ਜੇਠ, ੧੭੮੭ ਬਿ., ੧੭ ਮਈ, ੧੭੩੦ ਈ.]

"... ੨੧) ਇਕੀਸ ਰੁਪਯੇ ਕੀ ਹੁੰਡੀ ਤੁਸਾਂ ਭੇਜੀ, ਸੋ ਹਜੂਰਿ ਪਹੁਤੀ..."



[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

## ੭੯

[ਹੁਕਮਨਾਮਾ ਮਾਤਾ ਸੁੰਦਰੀ ਜੀ]

ਜੇਠ ੧੯, ਸੰਮਤ ੧੭੮੭ ਬਿ.
੧੭ ਮਈ, ੧੭੩੦ ਈ.

[ਸ੍ਰੀ ਮਾਤਾ ਜੀ ਦੀ ਲਿਖਤ]

੧ਓ ਸਤਿਗੁਰੂ ਜੀ
ਸਰਬਤਿ ਖਾਲਸਾ ਗੁਰੂ ਰਖੇਗਾ

[ਲਿਖਾਰੀ ਦੀ ਲਿਖਤ]


੧ਓ

੧ਓ ਸਤਿਗੁਰੂ ਜੀ

ਸਿਰੀ ਮਾਤਾ ਜੀ ਦੀ ਆਗਿਆ ਹੈ ਭਾਈ ਪੰਜਾਬ ਸਿੰਘ ਸ੍ਰਬਤ ਕਬੀਲਾ ਵਾਸੀ ਪਟਣੇ ਕਾ ਗੁਰੂ ਰਖੈਗਾ ਗੁਰੁ ਗੁਰੁ ਜਪਨਾ ਜ ਨਮੁ ਸਵਾਰਣਾ ੨੧) ਇਕੀਸ ਰੁਪਯੇ ਕੀ ਹੁੰਡੀ ਤੁਸਾ ਭੇਜੀ ਸੋ ਹਜੂਰ ਪਹੁਤੀ ਬਹੁਤ ਖੁਸੀ ਹੋਈ ਅਗੇ ਕਾਰ ਭੇਟ ਸੁਖ ਮਨਤ ਦਸੌਂਧ ਚਲੀਹਾ ਗੋਲਕ ਜੋ ਸ੍ਰੀ ਗੁਰੂ ਜੀ ਕੇ ਨਮਿਤ ਕੀ ਕਉ ਡੀ ਦਮੜੀ ਹੋਵੈ ਸੋ ਹੁੰਡੀ ਕਰਾਇ ਕੈ ਹਜੂਰ ਭੇਜਣੀ ਨਿਹਾ ਲੁ ਹੋਹੁਗੇ ਤੁਸਾਡੀ ਖਟੀ ਕਮਾਈ ਵਿਚ ਗੁਰੂ ਬਰਕਤਿ ਪ ਵੈਗਾ ਤੁਸੀ ਮੇਰੇ ਪੁਤ ਫਰਜੰਦ ਹੋਹੁ ਤੁਸਾਂ ਉਪਰ ਮੇਰੀ ਬਹੁ ਤੁ ਖੁਸੀ ਹੈ ਤੁਸਾਡੇ ਸਭੇ ਮਨੋਰਥ ਗੁਰੂ ਪੂਰੇ ਕਰੇਗਾ ਸਿਖਾ ਪੁ ਤ੍ਰਾ ਦਾ ਸੇਵਾ ਦੀ ਵੇਲਾ ਹੈ ਲੋਚ ਕੇ ਸੇਵਾ ਕਰਹੁਗੇ ਤੁਸਾਡੀ ਸੇਵਾ ਦਰਗਾਹ ਥਾਇ ਪਵੈਗੀ ਤੁਸਾਡਾ ਭਲਾ ਹੋਵੈਗਾ
ਸੰਮਤੁ ੧੭੮੭ ਮਿਤੀ ਜੇਠਹੁ ੧੯ ਸਤਰਾਂ ੧੨

## ੮੦ ਸ੍ਰੀ ਮਾਤਾ ਸੁੰਦਰੀ ਜੀ ਵਲੋਂ ਸਰਬਤਿ ਖਾਲਸਾ ਵਾਸੀ ਪਟਣਾ ਜੋਗੁ

"... ਪਚੀਸ ਰੁਪਯੇ ਬੇਬੇ ਨਪੀ ਕੀ ਲੜਕੀ ਨੋ ਬਿਆਹ ਨੋ ਬਖਸ਼ੇ ਹੈਨ ਤੁਸਾਂ ਹੁਕਮੁ ਦੇਖਦੇ.. ਨੂਪੀ ਨੋ ਦੇਵਣੇ .."



[ਸ੍ਰੀ ਹਰਿਮੰਦਿਰ ਸਾਹਿਬ ਪਟਣਾ ਵਿਚ]

[ਭਾਦਉ ੮, ੧੭੮੭ ਬਿ. ੧੦ ਅਗਸਤ, ੧੭੩੦ ਈ.]

## ੮੦

[ਹੁਕਮਨਾਮਾ ਮਾਤਾ ਸੁੰਦਰੀ ਜੀ]

ਭਾਦੋਂ ੯. ਸੰਮਤ ੧੭੮੭ ਬਿ.
੧੦ ਅਗਸਤ, ੧੭੩੦ ਈ

[ਮਾਤਾ ਜੀ ਦੀ ਲਿਖਤ]

੧ੴ ਸ੍ਰਿਤਿਗੁਰੂ ਜੀ
ਸਰਬਤਿ ਖਾਲਸਾ ਗੁਰੂ ਰਖੈਗਾ

[ਲਿਖਾਰੀ ਦੀ ਲਿਖਤ]

੧ੴ ਸਤਿ ਗੁਰੂ ਜੀ


ਸਿਰੀ ਮਾਤਾ ਜੀ ਦੀ ਆਗਿਆ ਹੈ ਭਾਈ ਨੰਦ ਰੂਪ ਸਿੰਘ ਭਾ
ਈ ਭਾਈ ਭਾਰਾ ਸਿੰਘ ਭਾਈ ਰਾਜਾ ਸਿੰਘ ਭਾਈ ਬੁਧੂ ਸਿੰ
ਘ ਭਾਈ ਮਨੂ ਸਿੰਘ ਭਾਈ ਰਾਮ ਸਿੰਘ ਭਾਈ ਪ੍ਰਾਨ ਸਿੰਘ
ਭਾਈ ਵੀਰੂ ਸਿੰਘ ਭਾਈ ਉਦੇ ਸਿੰਘ ਭਾਈ ਲੀਲਾ ਸਿੰਘ
ਭਾਈ ਬਦਲੀ ਸਿੰਘ ਭਾਈ ਬਖਸੀ ਸਿੰਘ ਭਾਈ ਗੁਰ
ਦਾਸ ਸਿੰਘ ਭਾਈ ਸਾਗਰ ਸਿੰਘ ਭਾਈ ਦੇਵਾ ਸਿੰਘ ਭਾਈ ਸੂ
ਰਤ ਸਿੰਘ ਭਾਈ ਰਾਮਜੀ ਸਿੰਘ ਭਾਈ ਜਗੁ ਸਿੰਘ ਭਾਈ ਗੁਰ
ਬਖਸੁ ਟਿਕੜੀਆ ਭਾਈ ਜਟੂ ਸਿੰਘ ਭਾਈ ਦਾਨ ਸਿਘ
ਸ੍ਰਬਤ ਖਾਲਸਾ ਵਾਸੀ ਪਟਨੇ ਰਕਾਬ ਗੰਜ ਕਾ ਗੁਰੂ ਰਖੈਗਾ
ਗੁਰੂ ਗੁਰੂ ਜਪਣਾ ਜਨਮ ਸਵਾਰਣਾ ੨੫) ਪਚੀਸ ਰੁਪ
ਯੇ ਬੇਬੇ ਨੂਪੀ ਕੀ ਲੜਕੀ ਨੋ ਬਿਆਹ ਨੋ ਬਖਸੇ ਹੈਨ ਤੁਸਾ ਹੁ
ਕਮੁ ਦੇਖਦੇ ਪਚੀਸ ਰੁਪਯੈ ਨੂਪੀ ਨੋ ਦੇਵਣੇ ਨਿਹਾਲ ਹੋਵ
ਹੁਗੇ ਤੁਸਾਡੀ ਖਟੀ ਕਮਾਈ ਵਿਚ ਗੁਰੂ ਬਰਕਤ ਪਾਵੈਗਾ
ਤੁਸੀ ਮੇਰੇ ਪੁਤ ਫਰਜੰਦ ਹੋਹੁ ਤੁਸਾ ਉਪਰ ਮੇਰੀ ਬਹੁਤੁ
ਖੁਸੀ ਹੈ ਤੁਸਾਡੇ ਸਭੇ ਮਨੋਰਥ ਗੁਰੂ ਪੂਰੇ ਕਰੇਗਾ ਸਿਖਾ
ਪੁਤਾ ਦੀ ਸੇਵਾ ਦੀ ਵੇਲਾ ਹੈ ਲੋਚ ਕੇ ਸੇਵਾ ਕਰਹੁਗੇ ਤ
ਸਾਡੀ ਸੇਵਾ ਦਰਗਾਹ ਥਾਇ ਪਵੈਗੀ ਸਮਤ ੧੭
੮੭ ਮਿਤੀ ਭਾਦਹੁ ੯ ਸਤਰਾਂ ੧੮

## ੮੧

## ਸ੍ਰੀਮਾਤਾ ਸਾਹਿਬ ਦੇਵੀ ਜੀ ਵਲੋਂ ਖਾਲਸਾ ਵਾਸੀ ਪਟਣ ਸ਼ੇਖ ਫਰੀਦ ਜੋਗੁ

[ਪੋਹ ੭, ਸੰਮਤ ੧੭੮੭ ਬਿ. ੭ ਦਸੰਬਰ, ੧੭੩੦ ਈ.]

"...ਗੁਰੂ ਕੇ ਨਮਿਤ ਕੀ... ਕਉਡੀ ਦਮੜੀ ਜੋ ਹੋਵੈ ਸੋ ਹੁੰਡੀ ਕਰਾਇ ਭੇਜਣੀ..."



[ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ]

# ੮੧

[ਹੁਕਮਨਾਮਾ ਮਾਤਾ ਸਾਹਿਬ ਦੇਵੀ ਜੀ]

ਪੋਹ ੭, ਸੰਮਤ ੧੭੮੭ ਬਿ.
੭ ਦਸੰਬਰ, ੧੭੩੦ ਈ.

[ਮਾਤਾ ਜੀ ਦੀ ਲਿਖਤ]

ੴ ਸਤਿਗੁਰੂ ਜੀ
[ਖਾ] ਲਸਾ ਵਾਸੀ ਪਟਣ ਸੇ [ਖ]
[ਫਰੀਦ] ਗੁਰੂ ਰਖੇਗਾ

[ਲਿਖਾਰੀ ਦੀ ਲਿਖਤ]

ੴ ਸਤਿਗੁਰੂ ਜੀ


ਸਿਰੀ ਮਾਤਾ ਜੀ ਦੀ ਆਗਿਆ ਹੈ ਸ੍ਰਬਤਿ ਸੰਗਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਵਾਸੀ ਪਟਣੁ ਸੇਖ ਫਰੀਦ ਕਾ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮੁ ਸਵਾਰਣਾ ਕਾਰ ਭੇਟ ਸੁਖ ਮਨਤ ਦਸੰਧ ਚਲੀਹਾ ਗੋਲਕ ਜੋ ਸ੍ਰੀ ਗੁਰੂ ਜੀ ਕੇ ਨਮਿਤ ਕੀ ਕਉਡੀ ਦਮੜੀ ਹੋਵੈ ਸੋ ਹੁੰਡੀ ਕਰਾਇ ਕੈ ਲੰਗਰ ਦੇ ਖਰਚ ਨੋ ਭਾਈ ਮਾਨ ਸਿੰਘ ਮੇਵੜੇ ਕੀ ਮਾਰਫਤਿ ਹਜੂਰ ਭੇਜਣੀ ਨਿਹਾਲੁ ਹੋਵਹੁਗੇ ਤੁਸਾਡੀ ਖਟੀ ਕਮਾਈ ਵਿਚ ਗੁਰੂ ਬਰਕਤਿ ਪਾਵੇਗਾ ਤੁਸੀ ਮੇਰੇ ਪੁਤ ਫਰਜੰਦ ਹੋਹੁ ਤੁਸਾ ਉਪਰ ਮੇਰੀ ਬਹੁਤੁ ਖੁਸੀ ਹੈ ਤੁਸਾਡੇ ਸਭੇ ਮਨੋਰਥ ਗੁਰੂ ਪੂਰੇ ਕਰੇਗਾ ਸਿਖਾ ਪੁਤਾ ਦੀ ਸੇਵਾ ਦੀ ਵੇਲਾ ਹੈ ਲੋਚ ਕੇ ਸੇਵਾ ਕਰਹੁਗੇ ਤੁਸਾਡੀ ਸੇਵਾ ਦਰਗਾਹ ਥਾਇ ਪਵੈਗੀ ਤੁਸਡੇ ਸਭੇ ਕਾਰਜ ਗੁਰੂ ਪੂਰਾ ਰਾਸ ਕਰੇਗਾ ਸੰਮਤੁ ੧੭ ੮੭ ਮਿਤੀ ਪੋਹੋ ੭ ਸਤਰ ੯

## ੯੨

## ਸ੍ਰੀਮਾਤਾ ਸਾਹਿਬ ਦੇਵੀ ਜੀ ਵਲੋਂ ਖਾਲਸਾ ਵਾਸੀ ਪਟਣ ਸ਼ੇਖ ਫਰੀਦ ਜੋਗੁ

[ਪੋਹ ੨੩, ਸੰਮਤ ੧੭੮੮ ਬਿ. ੨੩ ਦਸੰਬਰ, ੧੭੩੧ ਈ.]

"... ੫ ਪੰਜ ਰੁਪਯੇ ਤੁਸਾਡੇ ਭਾਈ ਮਾਨੁ ਸਿੰਘ ਮੇਵੜੇ ਕੀ ਮਾਰਫਤੁ ਹਜੂਰ ਪਹੁਤੇ..."



[ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ]

[ਹੁਕਮਨਾਮਾ ਮਾਤਾ ਸਾਹਿਬ ਦੇਵੀ ਜੀ]

ਪੋਹ ੨੩, ਸੰਮਤ ੧੭੮੮ ਬਿ.
੨੩ ਦਸੰਬਰ, ੧੭੩੧ ਈ.

[ਮਾਤਾ ਜੀ ਦੀ ਲਿਖਤ]

੧ੳ ਸਤਿਗੁਰੂ ਜੀ
... ਸੰਗਤਿ ਸ੍ਰੀ ਅਕਾਲ ਪੁ
[ਰਖ] ਕਾ ਖਾਲਸਾ ਵਾਸੀ ਪਟ
[ਣ] ਫਰੀਦ ਕਾ ਗੁਰੂ ਰਖੇਗਾ
[ਪੰਜ] ਰੁਪਯੇ ਭਾਈ ਮ
[ਾਨ ਸਿੰਘ] ਕੀ ਮਾਰਫਤਿਹ
[ਪ] ਹੁਤੇ ਖੁਸੀ ਹੋਈ

[ਲਿਖਾਰੀ ਦੀ ਲਿਖਤ]


੧ੳ ਸਤਿ ਗੁਰੂ ਜੀ
ਸਿਰੀ ਮਾਤਾ ਜੀ ਦੀ ਆਗਿਆ ਹੈ ਸ੍ਰਬਤ ਸੰਗਤਿ ਸ੍ਰੀ ਅਕਾਲ ਪੁਰਖ
ਜੀ ਕਾ ਖਾਲਸਾ ਵਾਸੀ ਵਾਸੀ ਪਟਣ ਸੇਖ ਫਰੀਦ ਕਾ ਗੁਰੂ ਰਖੈ
ਗਾ ਗੁਰੂ ਗੁਰੂ ਜਪਣਾ ਜਨਮੁ ਸਵਾਰਣਾ ੫) ਪੰਜ ਰੁਪਯੈ ਤੁ
ਸਾਡੇ ਭਾਈ ਮਾਨ ਸਿੰਘ ਮੇਵੜੇ ਕੀ ਮਾਰਫਤਿ ਹਜੂਰ ਪਹੁਤੇ ਬ
ਹੁਤੁ ਖੁਸੀ ਹੋਈ ਅਗੇ ਕਾਰ ਭੇਟ ਸੁਖਮਨਤ ਦਸੌਧ ਚਲੀਹਾ
ਗੋਲਕ ਜੋ ਸ੍ਰੀ ਗੁਰੂ ਜੀ ਕੇ ਨਮਿਤ ਕੀ ਕੌਡੀ ਦਮੜੀ ਹੋਵੈ ਸੋ ਹੁੰ
ਡੀ ਕਰਾਇਕੇ ਭਾਈ ਮਾਨੁ ਸਿੰਘ ਕੀ ਮਾਰਫਤਿ ਹਜੂਰ ਭੇਜਨੀ
ਨਿਹਾਲੁ ਹੋਵਹੁਗੇ ਤੁਸੀ ਮੇਰੇ ਪੁਤ ਫਰਜੰਦ ਹੋਹੁ ਤੁਸਾ ਓਪਰ ਮੇਰੀ
ਬਹੁਤ ਖੁਸੀ ਹੈ ਸਿਖਾ ਪੁਤਾ ਦੀ ਸੇਵਾ ਦੀ ਵੇਲਾ ਹੈ ਲੋਚਕੇ ਸੇਵਾ
ਕਰਹੁਗੇ ਤੁਸਾਡੀ ਸੇਵਾ ਦਰਗਾਹ ਥਾਇ ਪਵੈਗੀ ਸੰਮਤੁ
ਸੰਮਤ ੧੭ ੮੮ ਮਿਤੀ ਪੋਹ ੨੩ ਸਤਰਾਂ ੧੧

## ੮੩

## ਸ੍ਰੀਮਾਤਾ ਸਾਹਿਬ ਦੇਵੀ ਜੀ ਵਲੋਂ ਖਾਲਸਾ ਵਾਸੀ ਨਉਸ਼ਹਰਾ ਪੰਨੂਆਂ ਜੋਗ

[ਹਾੜ ੧, ਸੰਮਤ ੧੭੮੯ ਬਿ. ੩੦ ਮਈ, ੧੭੩੨ ਈ.]

"... ੧੧) ਯਾਰਹ ਰੁਪਯੇ ਲੰਗਰ ਦੇ ਖਰਚ ਨੋ... ਸੋ ਹੁੰਡੀ ਕਰਾਇਕੇ ਰਾਮ ਸਿੰਘ ਮੇਵੜੇ ਕੇ ਮਾਰਫਤ ਹਜੂਰਿ ਭੇਜਣੀ..."



[ਨਉਸ਼ਹਰਾ ਪੱਨੂਆਂ ਵਿਚ]

# ੮੩

[ਹੁਕਮਨਾਮਾ ਮਾਤਾ ਸਾਹਿਬ ਦੇਵੀ ਜੀ]

ਹਾੜ ੧, ਸੰਮਤ ੧੭੮੯ ਬਿ.

੩੦ ਮਈ, ੧੭੩੨ ਈ.

[ਮਾਤਾ ਜੀ ਦੀ ਲਿਖਤ]

੧ਓ ਸਤਿਗੁਰੂ ਜੀ
ਸ੍ਰਬਤਿ ਖਾਲਸਾ ਵਾਸੀ
ਨਉਸਹਰਾ ਪੰਨੂਆ ਦਾ ਗੁ
ਰੂ ਰਖੇਗਾ ੧੧)
ਯਾਰਾ ਰੁਪਯੇ
ਲੰਗਰ ਨੋ ਭੇਜਣੇ ਨਿ
ਹਾਲ ਹੋਵੋਗੇ

[ਲਿਖਾਰੀ ਦੀ ਲਿਖਤ]

੧ਓ ਸਤਿ ਗੁਰੂ ਜੀ


ਸਿਰੀ ਮਾਤਾ ਜੀ ਦੀ ਆਗਿਆ ਹੈ ਸ੍ਰਬਤ ਖਾਲਸਾ ਸ੍ਰੀ ਅਕਾਲ ਪੁਰਖ ਜੀ ਕਾ ਵਾਸੀ ਨਉਸਹਰਾ ਪੰਨੂਆ ਦਾ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮੁ ਸਵਾਰਣਾ ੧੧) ਯਾਰਹ ਰੁਪਯੈ ਲੰਗਰ ਦੇ ਖਰਚ ਨੋ ਤੁਸਾਡੇ ਉਪਰ ਫੁਰਮਾਇਸ ਹੋਈ ਹੈ ਅਗੇ ਕਾਰ ਭੇਟ ਸੁਖ ਮਨਤ ਦਸੌਧ ਚਲੀਹਾ ਗੋਲਕ ਜੋ ਸ੍ਰੀ ਗੁਰੂ ਜੀ ਕੇ ਨਮਿਤ ਕੀ ਕੌਡੀ ਦਮ ੜੀ ਹੋਵੇ ਸੋ ਹੁੰਡੀ ਕਰਾਇ ਕੇ ਭਾਈ ਰਾਮ ਸਿੰਘ ਮੇਵੜੇ ਕੀ ਮਾਰਫਤ ਹਜੂਰ ਭੇਜਣੀ ਨਿਹਾਲੁ ਹੋਵਹੁਗੇ ਤੁਸਾਡੀ ਖਟੀ ਕਮਾਈ ਵਿਚ ਗੁਰੂ ਬਰਕਤ ਪਾਵੈਗਾ ਤੁਸੀ ਮੇ ਰੇ ਪੁਤ ਫਰਜੰਦ ਹੋਹੁ ਤੁਸਾ ਉਪਰ ਮੇਰੀ ਬਹੁਤ ਖੁਸੀ ਹੈ ਸਿਖਾ ਪੁਤਾ ਦੀ ਸੇਵਾ ਦੀ ਵੇਲਾ ਹੈ ਲੋਚ ਕੇ ਸੇਵਾ ਕਰਹੁਗੇ ਤੁਸਾਡੀ ਸੇਵਾ ਦਰਗਾਹਿ ਥਾਇ ਪਵੈਗੀ ਸੰ ਮਤੁ ੧੭੮੯ ਮਿਤੀ ਹਾੜਹੁ ੧ ਸਤਰਾ ੧੩

## ੮੪

## ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਖਾਲਸਾ ਵਾਸੀ ਪਟਣ ਸ਼ੇਖ ਫਰੀਦ ਜੋਗੁ

[੧੭ ਮੱਘਰ, ਸੰਮਤ ੧੭੮੯ ਬਿ. ੧੭ ਨਵੰਬਰ, ੧੭੩੨ ਈ.]

"... ੧੪ ਚਉਦਹ ਰੁਪਯੇ ਤੁਸਾਡੇ ਭਾਈ ਮਾਣ ਸਿੰਘ ਕੀ ਮਾਰਫਤ ਹਜ਼ੂਰਿ ਪਹੁਤੇ..."



[ਸਿੱਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ ਵਿਚ]

## ੮੪

[ਹੁਕਮਨਾਮਾ ਮਾਤਾ ਸਾਹਿਬ ਦੇਵੀ ਜੀ]

ਮਘਰ ੧੭, ਸੰਮਤ ੧੭੮੯ ਬਿ.
੧੭ ਨਵੰਬਰ, ੧੭੩੨ ਈ.

[ਮਾਤਾ ਜੀ ਦੀ ਲਿਖਤ]

੧ਓ ਸਤਿਗੁਰੂ
... ਸਾ ਦਾਸੀ
... ਗੀਦ ਕਾ ...
... ੧੪)
... ਹਜੂ ...
... ਹ ਥਿ ਪਾਈ

[ਲਿਖਾਰੀ ਦੀ ਲਿਖਤ]

੧ਓ ਸਤਿ ਗੁਰੂ ਜੀ

ਸਿਰੀ ਮਾਤਾ ਜੀ ਦੀ ਆਗਿਆ ਹੈ ਸ੍ਰਬਤ ਸੰਗਤਿ ਸ੍ਰੀ ਅ
ਕਾਲ ਪੁਰਖ ਜੀ ਕਾ ਖਾਲਸਾ ਵਾਸੀ ਪਟਣ ਸੇਖ ਫਰੀਦ ਕਾ
ਵ ਗਿਰਦ ਨਿਵਾਹੀ ਕਾ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮੁ
ਸਵਾਰਣਾ ੧੪) ਚਉਦਹ ਰੁਪਯੈ ਤੁਸਾਡੇ ਭਾਈ ਮਾਣ ਸਿੰਘ
ਕੀ ਮਾਰਫਤ ਹਜੂਰ ਪਹੁਤੇ ਬਹੁਤੁ ਖੁਸੀ ਹੋਈ ਅਗੇ ਕਾਰਭੇਟ
ਵ ਸੁਖ ਮਨਤ ਦਸਉਧ ਚਲੀਹਾ ਗੋਲਕ ਜੋ ਸ੍ਰੀ ਗੁਰੂ ਜੀ ਕੇ ਨਮਿ
ਤ ਕੀ ਕੋਡੀ ਦਮੜੀ ਹੋਵੈ ਸੋ ਭਾਈ ਮਾਣ ਸਿੰਘ ਕੀ ਮਾਰਫਤ ਹਜੂ
ਰ ਭੇਜਣੀ ਨਿਹਾਲੁ ਹੋਵਹੁਗੇ ਤੁਸਾਡੀ ਖਟੀ ਕਮਾਈ ਵਿਚੁ ਗੁਰੂ
ਬਰਕਤ ਪਾਵੈਗਾ ਤੁਸੀ ਮੇਰੇ ਪੁਤ ਫਰਜੰਦ ਹੁਹ ਤੁਸਾ ਉਪਰ ਮੇ
ਰੀ ਬਹੁਤੁ ਖੁਸੀ ਹੈ ਤੁਸਾਡੇ ਸਭੇ ਮਨੋਰਥ ਗੁਰੂ ਪੂਰੇ ਕਰੇਗਾ ਸਿਖਾ ਪੁ
ਤਾ ਦੀ ਸੇਵਾ ਦੀ ਵੇਲਾ ਹੈ ਲੋਚਕੇ ਸੇਵਾ ਕਰਹੁਗੇ ਤੁਸਾਡੀ ਸੇਵਾ ਦਰਗਾ
ਹ ਥਾਇ ਪਵੇਗੀ ਜੋ ਸਿਖੁ ਅਗੇ ਹੋਇ ਕੇ ਕਾਰ ਕਰਾਵੇਗੋ ਤਿਸਕੇ ਸ
ਭੇ ਕਾਰਜ ਗੁਰੂ ਪੂਰਾ ਰਾਸ ਕਰੇਗਾ ਤਿਸ ਕਾ ਭਲਾ ਹੋਵੇਗਾ ਸੰਮ
ਤ ੧੭੮੯ ਮਿਤੀ ਮਘਰਹੁ ੧੭ ਸਤਰਾਂ ੧੪


ਦਸਉਧ, ਕਿਧਰੇ ਕਿਧਰੇ "ਦਸੌਂਧ" ਭੀ ਲਿਖਿਆ ਹੈ
"ਕੌਡੀ" ਬਹੁਤ ਥਾਂਵੇਂ "ਕਉਡੀ" ਹੈ

## ੮੫

# ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਭਾਈ ਮਾਨ ਸਿੰਘ ਜੋਗ

[ਮਾਘ ੧, ਸੰਮਤ ੧੭੯੧ ਬਿ. ੩੦ ਦਸੰਬਰ ੧੭੩੪ ਈ.]

"... ਭਾਈ ਬਿਨਤੇ ਦੀ ਮਾਰਫਤ ਖੂਹ ਪਟਣ ਸ਼ੇਖ ਫਰੀਦ ਦੇ ਵਿਚ ਨਵਾਂ ਬਣਵਾਇ ਦੇਵਣਾ ਜੋ ਕੁਛ ਲਗੈ ਸੋ ਸਰਕਾਰ ਦੇ ਲੇਖੇ ਲਾਵਣਾ..."



[ਸਿੱਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ ਵਿਚ]

## ੮੫

[ਹੁਕਮਨਾਮਾ ਮਾਤਾ ਸਾਹਿਬ ਦੇਵੀ ਜੀ]

ਮਾਘ ੧, ਸੰਮਤ ੧੭੯੧ ਬਿ.
੩੦ ਦਸੰਬਰ, ੧੭੩੪ ਈ.

[ਲਿਖਤ ਮਾਤਾ ਜੀ]

ਤੇਰਾ ...
ਤਿਸੈ ...

[ਲਿਖਾਰੀ ਦੀ ਲਿਖਤ]

ੴ ਸਤਿ ਗੁਰੂ


ਸਿਰੀ ਮਾਤਾ ਜੀ ਦੀ ਆਗਿਆ ਹੈ ਭਾਈ ਮਾਨ ਸਿੰਘ ਗੁ
ਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਵਾਰਣਾ ਅਗੇ
ਭਾਈ ਬਿਨਤੇ ਦੀ ਮਾਰਫਤ ਖੂਹ ਪਟਣ ਸੇ
ਖ ਫਰੀਦ ਦੇ ਵਿਚ ਨਵਾਂ ਬਣਵਾਇ ਦੇਵਣਾ ਜੋ
ਕੁਛ ਲਗੈ ਸੋ ਸਰਕਾਰ ਦੇ ਲੇਖੇ ਲਾਵਣਾ
ਜੋ ਸਿਖ ਪਾਣੀ ਪੀਵਨ ਗੇ ਭਲਾ ਹੋਗ ਹੁ
ਕਮ ਤੁਮਨੋ ਲਿਖਾ ਹੈ ਖੂਹ ਹਛਾ ਬਣਵਾ
ਇ ਦੇਵਣਾ ਸਮਤ ੧੭੯੧ ਮਾਘੋ ੧ ਸਤਰਾਂ ੮

## ੮੬

## ਸ੍ਰੀ ਅਕਾਲ ਪੁਰਖ ਕੇ ਖਾਲਸੇ ਜੀ ਵਲੋਂ ਸਮੂਹ ਵਾਸੀ ਪਟਣ ਕੀ ਜੋਗੁ

[ਵਿਸਾਖ ੩, ਸੰਮਤ ੧੮੧੬ ਬਿ. ੧੨ ਅਪਰੈਲ, ੧੭੫੯ ਈ.]

"... ਰੁਪਯੇ ਸਵਾ ਸਉ ੧੨੫) ...ਭਾਈ ਦਿਆਲ ਸਿੰਘ ਜੋਗੁ ਦੇਵਣੇ... ਹੋਰੁ ਗੁਰੂ ਕਾ ਦਸਵੰਦੁ ਚਲੀਹਾ ਕਾਰ ਭੇਟ... ਦੀਪ ਮਾਲਾ ਉਤੇ ਲੈ ਆਵਣਾ..."



ਸਤਸ੍ਰੀਅਕਾਲਪੁਰਖਜੀਕੇਖਾਲਸੇਜੀਕਾਬਚਨੁਹੈਭਾਈਆ
ਇਆਭਾਈਮਿਹਰਸਿੰਘੁਭਾਈਮਗਬੂਬਾਹੋਰੁਸਮੂਹਵਾਸੀ
ਪਟਣਕੀਪਾਸੇਵਾਹਗੁਰੂਜੀਕੀਫਤੇਬੋਲਣੀਹੈਬੁਲਾਵਣੀ
ਉਪਰੰਤਰੁਪਯੇਸਵਾਸਉ ੧੨੫) ਅਖਰੀਰੁਪਯੇਸਵਾਸਉ
ਭਾਈਦਿਆਲਸਿੰਘੁਆਇਆਹੈਭਾਈਦਿਆਲਸਿੰਘਜੋ
ਗੁਦੇਵਣੇਤੁਸਾਡੀਗੁਰੂਖਾਲਸੇਨਾਲਿ...ਗੁਰੂ
...ਹੋਰੁਗੁਰੂਕਾਦਸਵੰਦੁਚਲੀਹਾਕਾਰ
...ਦੀਪਮਾਲਾਉ
ਤੇ...ਗੁਰੂ...
...ਵਿਸਾਖ...
ਤੁਸਾਨੂਖੁਸੀਹੋਗੁ।ਸੰਮਤੁ ੧੮੧੬

[ਸਿੱਖ ਰੈਫ਼ਰੈਂਸ ਲਾਇਬਰੇਰੀ, ਅੰਮ੍ਰਿਤਸਰ ਵਿਚ]

## ੯੬

[ਹੁਕਮਨਾਮਾ ਖਾਲਸਾ ਜੀ ਵਲੋਂ]

ਵੈਸਾਖ ੩, ਸੰਮਤ ੧੮੧੬ ਬਿ.
੧੨ ਅਪਰੈਲ. ੧੭੫੯ ਈ.

ਮੋਹਰ

ਲਿਖਾਰੀ ਦੀ ਲਿਖਤ]


ਸਤ ਸ੍ਰੀ ਅਕਾਲ ਪੁਰਖ ਜੀ ਕੇ ਖਾਲਸੇ ਜੀ ਕਾ ਬਚਨੁ ਹੈ ॥ ਭਾਈ ਆ
ਇਆ ॥ ਭਾਈ ਮਿਹਰ ਸਿੰਘੁ ॥ ਭਾਈ ਮਹਬੂਬ ॥ ਹੋਰੁ ਸਮੂਹ ਵਾਸੀ
ਪਟਣੇ ਕੀ ਪਾਸੇ ਵਾਹਗੁਰੂ ਜੀ ਕੀ ਫਤੇ ਬੋਲੀ ਹੈ ਬੁਲਾਵਣੀ ॥
ਉਪਰੰਦਿ ਰੁਪਯੇ ਸਵਾ ਸਉ ੧੨੫) ਅਖਰੀ ਰੁਪਯੇ ਸਵਾ ਸਉ
ਭਾਈ ਦਿਆਲ ਸਿੰਘੁ ਆਇਆ ਏਹੇ ਭਾਈ ਦਿਆਲ ਸਿੰਘ ਜੋ
ਗੁ ਦੇਵਣੇ ॥ ਤੁਸਾਡੀ ਗੁਰੂ ਖਾਲਸੇ ਨਾਲਿ ਬਣਿਆਉਗੁ ॥ ਗੁਰੂ
ਕਿਰਤਿ ਬਰਕਤਿ ਕਰੁਗੁ ॥ ਹੋਰੁ ਗੁਰੂ ਕਾ ਦਸਵੰਦੁ ਚਲੀਹਾ ਕਾਰ
ਭੇਟ ਅਰਦਾਸ ਜੋ ਕੁਛ ਗੁਰੂ ਕੇ ਨਿਮਤਿ ਕਾ ਹੋਵੈ ਸੋ ਦੀਪ ਮਾਲਾ ਉ
ਤੇ ਲੈ ਆਵਣਾ । ਕਉਡੀ ਸ੍ਰੀ ਹਰਮੰਦਰ ਜੀ ਉਪਰਿ ਲਗੁਗੁ ॥
ਤੁਸਾਨੂੰ ਖੁਸੀ ਹੋਗੁ ॥ ਸੰਮਤੁ ੧੮੧੬ ਵਿਸਾਖ ਦਿਨ ੩ ॥ ॥

....

## ੮੭ ਤਖਤ ਸ੍ਰੀ ਹਰਿਮੰਦਰ ਸਾਹਿਬ ਪਟਣਾ ਵਲੋਂ ਸੰਗਤਿ ਵਾਸੀ ਕੰਤਨਗਰ ਮਹੇਸੂਏ ਆਦਿ ਜੋਗੁ

[ਮਾਘ ਸੁਦੀ ੫, ਸੰਮਤ ੧੯੧੮ ਬਿ.  ੪ ਫਰਵਰੀ ੧੮੬੨ ਈ.]

"... ਬਹੁਤ ਰੋਜ ਸੇ ਆਪ ਸਭਿ ਪਿਆਰੇ ਕੀ ਟਹਲ ਭਾਵਨੀ ਹਜੂਰ ਮੈ ਦਾਖਿਲ ਨਹੀ ਹੂਈ ਹੈ । ਹੋਰ ਈਹਾ ਝੰਡੇ ਜੀ ਸਾਹਿਬ ਕੀ ਔਰ ਪ੍ਰਕਰਮੇ ਕੇ ਫ੍ਰਸ ਕੀ ਟਹਲ ਹੋਨੀ ਬਹੁਤ ਜ਼ਰੂਰ ਹੈ ਸੋ ਆਪ ਸ੍ਰਬਤ ਕੀ ਕ੍ਰਿਤ ਭਾਵਨੀ ਸੇ ਹੋਗਾ..."



[ਗੁਰਦੁਆਰਾ ਲਛਮੀਪੁਰ, ਡਾਕਘਰ ਗੁਰੂ ਬਾਜ਼ਾਰ, ਜ਼ਿਲਾ ਪੂਰਣੀਆਂ (ਬਿਹਾਰ)-ਦੇ ਗੁਰਦਵਾਰੇ ਵਿਚ ਸੁਰੱਖਿਤ]

## ੮੭

[ਹੁਕਮਨਾਮਾ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਣਾ ਸਾਹਿਬ ਜੀ]

ਮਾਘ ਸੁਦੀ ੫, ਸੰਮਤ ੧੯੧੮ ਬਿ.,
੪ ਫਰਵਰੀ, ੧੮੬੨ ਈ.

[ਮੋਹਰ]

[ਲਿਖਾਰੀ ਦੀ ਲਿਖਤ]

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥
ਲਿਖਤਿ ਤਖਤ ਦੁਰਬਾਰ ਹਜੂਰ ਸ੍ਰੀ ਹਰਿਮੰਦਰ ਜੀ ਸਾਹਿਬ ਤੇ ॥ ਦੋਹਰਾ ॥
ਪ੍ਰਮਾਤਮ ਪੂਰਣ ਪੁਰਖੁ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਔਤਾਰ ॥ ਪ੍ਰਗਟੁ ਭਏ
ਪਟਣੇ ਸਹਰ ਸ੍ਰੀ ਪੰਘੂੜਾ ਜੀ ਦ੍ਬਾਰ ॥ ੧ ॥ ਲਿ: ਸ੍ਰੀ ਦ੍ਬਾਰ ਜੀ ਸੇ ਪੁਜਾ
ਰੀ ਮਹੰਤ ਭਾਈ ਦਿਦਾਰ ਸਿੰਘ ਜੀ । ਪੁਜਾਰੀ ਭਾਈ ਸਿਯਾਮ ਸਿੰਘ ਜੀ ॥
ਗ੍ਰੰਥੀ ਭਾਈ ਚੜ੍ਹਤ ਸਿੰਘ ਜੀ ਸੇਵਾ ਸਿੰਘ ਜੀ । ਅਰਦਾਸੀਆ ਭਾਈ ਗੋ
ਪਾਲ ਸਿੰਘ ਜੀ ਗੁਲਾਬੁ ਸਿੰਘ ਜੀ ॥ ਦਰੋਗਾ । ਭਾਈ ਰਾਮੁ ਸਿੰਘ ਜੀ ॥ ਕਾ
ਰੁਬਾਰੀ ਭਾਈ ਖਦਰੇਨ ਸਿੰਘ ਜੀ ॥ ਹੋਰ ਸ੍ਰਬਤ੍ਰ ਖ਼ਾਲਸਾ ਜੀ ॥ ਅਗੇ
ਸ੍ਰੀ ਵਾਹਗੁਰੂ ਜੀ ਕੇ ਪਿਆਰੇ ॥ ਸ੍ਰੀ ਸਤਿਗੁਰੂ ਜੀ ਕੇ ਸਵਾਰੇ ॥ ਸ੍ਰੀ ਵਾਹਗੁਰੂ ਜੀ ਕੇ
ਮੰਨੇ ॥ ਸੁਭ ਜਨਮੁ ਧੰਨਧੰਨੇ ॥ ਪ੍ਰਉਪਕਾਰੀ ॥ ਸਨਮੁਖੁ ਦ੍ਬਾਰੀ ॥ ਉਜਲੇ ਮੱਸ
ਤਕ ॥ ਪ੍ਰਮਸੁਜਾਨਿ ॥ ਮੁਖ ਉਜਾਗਰ ਜਗਤ ਮੈ ਗੁਰੂ ਦ੍ਗਹਿ ਪ੍ਰਵਾਨਿ ॥ ਸ੍ਰਬ
ਉਪਮਾ ਜੋਗ ਸ੍ਰੀ ਸ੍ਰਬਤ੍ਰ ਖਾਲਸਾ ਜੀ ॥ ਬਾਸੀ ਕੰਤਨਗਰ ਕੇ ॥ ਔਰ ਮਹੇਸੂਏ ਕੇ ॥
ਸਾਦਲਪੁਰਿ ਕੇ ॥ ਸੰਦਲਪੁਰਿ ਕੇ ॥ ਭਵਾਨੀਪੁਰਿ ਕੇ ॥ ਚਿਤੌਟੀਏ ਕੇ ॥ ਬਹ
ਰਖਾਲ ਕੇ ॥ ਪੁਰੈਨੀਏ ਕੇ ॥ ਸੰਬੂਹ ਖਾਲਸੇ ਜੀ ਜੋਗ ॥ ਵਾਹਗੁਰੂ ਜੀ ਕਾ ਖਾਲ
ਸਾ ਜੀ ਸ੍ਰੀ ਵਾਹਗੁਰੂ ਜੀ ਕੀ ਫਤੇ ਬੁਲਾਈ ਹੈ ॥ ਬੁਲਾਵਣੀ ਜੀ ॥ ਈਹਾ ਸੁਖ ਹੈ ॥
ਆਪ ਸ੍ਰਬਤ੍ਰ ਪਿਆਰੇ ਕੋ ॥ ਗੁਰੂ ਬਾਬਾ ਰਾਜੀ ਪ੍ਰਸੰਨ ਅਨੰਦ ਰਖੈ ॥ ਅਗੇ ਸ੍ਰੀ ਦ੍
ਬਾਰ ਜੀ ਸਾਹਿਬੁ ਕਾ ਹੁਕਮੁ ਹੈ ਸ੍ਰਬਤ੍ਰ ਪਿਆਰੇ ਕੋ ॥ ਜੋ ਹਮੇਸਾ ਸੇ ਆਪ ਸਭ
ਪਿਆਰੇ ਆਪੁਨੀ ਕ੍ਰਿਤ ਭਾਵਨੀ ਤਨਖਾਹ ਮੰਨਤ ਗੁਰੂ ਕੇ ਨਮਿਤ ਕਾ ਏਕਠਾ ਕ੍ਰ
ਕੈ ॥ ਗੁਰੂਦਵਾਰੇ ਭੇਜਤੇ ਰਹੇ ਹੋ ॥ ਔਰ ਸਤਰੰਜੀ ਵੋ ਸੁਖੇ ਵਗੈਰਹ ਕੀ ਟਹਲ
ਤੁਮਾਰੀ

ਪ੍ਰਗਟਿ ਹੈ । ਸੋ ਬਹੁਤ ਰੋਜ ਸੇ ਆਪ ਸਭਿ ਪਿਆਰੋ ਕੀ ਟਹਿਲ ਭਾਵਨੀ ਹਜੂਰ ਮੈ ਦਾਖਿਲ ਨਹੀ ਹੁਈ ਹੈ ॥ ਔਰ ਈਹਾ ਝੰਡੇ ਜੀ ਸਾਹਿਬ ਕੀ ॥ ਔਰ ਪ੍ਰਕਰਮੇ ਕੇ ਫ੍ਰਸ ਕੀ ਟਹਲ ਹੋਨੀ ਬਹੁਤ ਜ਼ਰੂਰ ਹੈ ॥ ਸੋ ਆਪ ਸ੍ਰਬਤ ਕੀ ਕ੍ਰਿਤ ਭਾਵਨੀ ਸੇ ਹੋਗਾ ॥ ਇਸ ਵਾਸਤੇ ਹੁਕਮਨਾਮਾ ਜੀ ਸ੍ਰਬਤ ਕੇ ਨਾਮ ਸੇ ਭੇਜਾ ਹੈ ॥ ਸੋ ਪ੍ਰੇਮ ਭਾਵਨੀ ਸੇ ਲੋਚਕੈ ਸ੍ਰਬਤ ਨੇ ਟਹਲ ਕ੍ਰਨਾ ॥ ਹੁਕਮਨਾਮੇ ਸਾਹਿਬ ਕੀ ਤਾਬਿਆ ਹੀਰਾ ਸਿੰਘ ਜੀ ਕੋ ਭੇਜਾ ਹੈ ॥ ਸੋ ਜੋ ਕੁਛ ਮਾਇਆ ਗੁਰੂ ਕੇ ਨਿਮਿਤੁ ਕਾ ਹੋਵੈ ॥ ਸੋ ਇਨਕੋ ਦੇਨਾ ॥ ਔਰ ਹੁਕਮਨਾਮੀਏ ਕੀ ਟਹੁਲ ਸੇਵਾ ਲੋਚਕੈ ਕਰਨਾ ॥ ਸੋ ਗੁਰੂ ਕੇ ਲੇਖੇ ਲਗੇਗੀ ॥ ਹੁਕਮੁ ਮੰਨੇਗਾ ਸੋ ਨਿਹਾਲ ਹੋਵੈਗਾ ॥ ਔਰ ਜਿਸ ਦਿਨ ਪ੍ਰਕਰਮੇ ਕੇ ਫ੍ਰਸ ਕੀ ਟਹਿਲ ॥ ਔਰ ਝੰਡੇ ਕੀ ਟਹਿਲ ਕਰਾਇਕੈ ਤੈਯਾਰ ਹੋਵੈਗੀ ਉਸ ਦਿਨ ਕੜਾਹ ਪ੍ਰਸਾਦਿ ਕਰਾਇਕੈ ਦ੍ਰਬਾਰ ਜੀ ਮੈ ॥ ਆਪ ਸ੍ਰਬਤ੍ਰ ਪਿਆਰੋ ਕੀ ਅੁਦਾਸ ਹੋਵੈਗੀ ॥ ਔਰ ਸਦਾ ਸ੍ਰਬਦਾ ਆਪ ਲੋਕੋ ਕੇ ਕੀਰਤ ਕਾ ਜਸ ਚਾਰ ਕੁੰਟ ਬਿਖੇ ਪ੍ਰਤਛ ਫੈਲ ਤਹੈਗਾ ॥ ਹੋਰ ਸੁਖ ਨਾਮੁ ਚਿਤ ਆਵੈ ਸ਼ਿਖੀ ਦਾਨ ॥ ਸ੍ਰਬ ਸੁਖ ਹੋਵੈ ॥ ਸੁਭ ਸੰ: ੧੯੧੮ ॥ ਮਾਘ ਸੁਕਲ ਪਖ ॥ ੫ ਪੰਚਮੀ ॥ ਮੰਗਲਵਾਰ ॥ = ॥ * ॥ = ॥ = ॥

## ਹੁਕਮਨਾਮਿਆਂ ਵਿਚ ਆਏ ਉਘੇ ਸਿੱਖਾਂ ਦੇ ਨਾਉਂ

[ਅੰਕ ਹੁਕਮਨਾਮਿਆਂ ਦੇ ਕ੍ਰਮ ਦੇ ਹਨ]


ਉਗਰਸੈਣ, ੩੮
ਉਤਮ, ੨
ਉਦੇ ਸਿੰਘ, ੭੦, ੭੭, ੮੦

ਅਣੀ ਰਾਇ, ੬, ੨੨
ਅਨੂਪ ਰਾਇ, ੪੦
ਅਨੰਤਾ, ੨, ੨੨
ਅਨੰਤ ਦਾਸ, ੨੧
ਅਨੰਦ ਸਿੰਘ, ੭੦
ਅਨੰਦਰੂਪ ਸਿੰਘ, ੭੭
ਅਮਾਲੀਆ, ੧੩, ੧੭, ੨੨, ੨੩
ਆਢਾ ਸਿੰਘ, ੬੯, ੭੦
ਆਲਮ ਸਿੰਘ, ੭੩, ੭੫
ਆਲਾ, ੭੪
ਆਇਆ ਸਿੰਘ, ੮੬

ਸਭਾ, ੭੪
ਸਤੀ ਦਾਸ, ੪੫
ਸਦਾ ਸਿੰਘ, ੭੦
ਸਦਾ ਨੰਦ, ੧੩, ੧੭, ੨੧-੨੩
ਸਾਹਿਬ ਸਿੰਘ, ੬੮-੭੦
ਸਾਹਿਬ ਰਾਇ, ੭੧, ੭੮
ਸਾਗਰ ਸਿੰਘ, ੮੦
ਸਾਧੂ, ੨੨
ਸਾਮਦਾਸ, ੨
ਸਿਧੂ ਬ੍ਰਾਹਮਣ, ੫੦
ਸਿਧੂ ਸਿੰਘ, ੭੭, ੭੮

ਸਿੰਭੂ ਸੇਠ, ੧੯
ਸਿਯਾਮ ਸਿੰਘ ਪੁਜਾਰੀ, ੮੭
ਸਿਰੀਧਰ, ੧੦
ਸਿੰਘਾ, ੧੩, ੨੧
ਸਿੰਭੂ ਨਾਥ, ੭੮
ਸੁਕੇਰ, ੨
ਸੁਖੀਆ, ੪੪, ੬੦
ਸੁਖਦਿਉ, ੧੬, ੨੧, ੨੨
ਸੁਖਦੇਵ, ੪੦
ਸੁੰਦਰ, ੨
ਸੁਫੇਰ ਚੰਦੁ, ੨੧, ੨[illegible]
ਸੁਭ ਕਰਣ, ੨੨
ਸੁਭਾ ਚੰਦ, ੧੭, ੨੧-੨੩, ੩੯
ਸੂਜਾ ਰਾਮ, ੨੧, ੨੨
ਸੂਰਤ ਸਿੰਘ, ੬੮, ੮੦
ਸੇਵਕ ਦਾਸ, ੩੭, ੪੦
ਸੋਭ ਚੰਦ, ੧੩, ੧੫
ਸੋਭਾਈ ਮਲ ਚੋਪੜਾ, ੭੮
ਸ਼ੰਕਰ ਦਾਸ, ੨੨
ਸੰਗਤ ਸਿੰਘ, ੭੩
ਸੰਗਤ ਦਾਸੁ, ੧੩, ੧੭, ੨੧-੨੩
ਸੰਗੋ ਸਿੰਘ, ੬੬
ਸੰਗਤੀਆ, ੨, ੪੨

ਹਰਜੀ ਮਲ, ੨੩
ਹਰਦਾਸੁ, ੨, ੩੧
ਹਰਦਿਆਲੁ, ੪੦

ਹਰਦੁਆਰਾ, ੨
ਹਜ਼ੂਰੀ, ੬
ਹੀਰਾ ਨੰਦੁ, ੫੭, ੨੧-੨੩
ਹੀਰਾ ਮੰਨ, ੧੧
ਹਰਿਕ੍ਰਿਸ਼ਨ, ਗੁਰੂ, ੬
ਹਰਿਕਿਸਨ, ੨੦
ਹਰਿਕੇਸ, ੨੧, ੨੨
ਹਰਿਦੇ ਰਾਮ, ੨
ਹਰਿ ਰਾਮ, ੨
ਹੁਕਮ ਸਿੰਘ, ੭੨
ਹੁਲਾਸ ਚੰਦ, ੩੫, ੩੭, ੪੦

ਕਰਮ ਚੰਦੁ, ੫੫
ਕਵਲ ਨੈਨ, ੧੩, ੧੭, ੨੧, ੨੩
ਕਕੁ ਮਲ, ੭੧
ਕਲ੍ਯਾਣਾ, ੨
ਕਲਿਆਨ ਦਾਸ, ੯, ੧੪, ੧੬, ੧੮
ਕਲਿਆਣ ਰਾਇ, ੪੬
ਕਾਂਸ਼ੀ ਰਾਮ, ੩੭, ੪੦
ਕਾਨ ਜੀ, ੭੦
ਕ੍ਰਿਸ਼ਨ, ੨
ਕਿਰਪਾਲ, ੨, ੧੩, ੧੭, ੨੨, ੨੩
ਕਿਰਪਾਲ ਦਾਸ, ੧੧, ੧੪, ੧੬, ੧੮, ੧੯
ਕਿਰਪਾ ਸਿੰਘ, ੬੫
ਕਿਰਪਾ ਰਾਮ ਕੌੜਾ, ੭੧
ਕੇਵਲ ਰਾਮ, ੨, ੨੨
ਕੋਕਾ, ੧੬

ਖਦਰੇਨ ਸਿੰਘ, ੮੭

ਗਜਭ੍ਰਾਨ, ੨
ਗਜਮਲ, ੨੧, ੨੨
ਗਜੂਆ, ੨੨
ਗਿਰਧਰ ਲਾਲ, ੩੭
ਗੁਜਰ ਮਲ, ੧੩, ੧੭ ੨੨
ਗੁਪਾਲ ਸਿੰਘ ਅਰਦਾਸੀਆ, ੮੭
ਗੁਰਦਾਸ, ੨-੪, ੩੬, ੪੦, ੭੬
ਗੁਰਦਿੱਤਾ, ਬਾਬਾ ੪
ਗੁਰਦਾਸ ਸਿੰਘ, ੬੮, ੭੦, ੮੦
ਗੁਰਬਖਸ਼, ੪੦
ਗੁਰਬਖਸ਼ ਸਿੰਘ, ੬੯, ੭੦
ਗੁਰਬਖਸ਼ ਸਿੰਘ ਟਿਕੜੀਆ, ੮੦
ਗੁਲ ਮਿਹਰ, ੭੧
ਗੁਲਾਬ ਸਿੰਘ, ੬੯
ਗੁਲਾਬ ਸਿੰਘ ਅਰਦਾਸੀਆ, ੮੭
ਗੁਲਾਬ ਰਾਇ, ੬੮
ਗੁਲਾਲ ਚੰਦ, ੨੫, ੪੦, ੫੭
ਗੋਪੀ, ੨
ਗੰਗਾ, ੨
ਗੰਗਾ ਸਿੰਘ, ੭੨
ਗੰਗਾ ਰਾਮ, ੧੧

ਘਨਿਸਿਆਮੁ, ੧੭
ਘਨਿਸਿਆਮੁ ਦਾਸ, ੨੧, ੨੨
ਘਾਸੀ, ੧੧, ੧੬

ਚਤਰਭੋਜ, ੨੦, ੭੧
ਚੜ੍ਹਤ ਸਿੰਘ ਗੰਭੀ, ੮੭
ਚਿਮਨਾ, ੨੨
ਚਿੰਤਾ, ੧੩, ੧੭
ਚੇਤ ਸਿੰਘ, ੬੯-੭੧
ਚੇਤਨ, ੨੧, ੨੩
ਚੈਨ ਸਿੰਘ, ੭੩
ਚੈਨ ਸੁਖ, ੧੩, ੧੫, ੧੭, ੨੧-੨੪

ਛਉਨਾ ਮਲ, ੭੧
ਛਜੂ ਮਲ, ੨੭
ਛਬੀਲ ਦਾਸ, ੧੩, ੧੭, ੨੧, ੨੩
ਛਬੀਲ ਦਾਸ ਸੇਠ, ੨੨
ਛੁਟਮਨ, ੧੬, ੧੮
ਛੁਟਮਲ, ੧੪

ਜਗਮਨ, ੧੭, ੨੧, ੨੩
ਜਟਮਲ, ੧੧, ੧੪, ੧੬
ਜਗਤ ਰਾਇ, ੭੧
ਜਗਜੀਵਨ, ੨
ਜਗਦੇਉ, ੧੩, ੧੭, ੨੧, ੨੨
ਜਗਨਾ, ੩੪
ਜੱਗੂ ਸਿੰਘ, ੮੦
ਜਸੁ, ੮
ਜਸੋਧਾ, ੨੨
ਜਟੂ ਸਿੰਘ, ੮੦
ਜਵੇਹਰਿ ਮਲ, ੯-੧੧, ੧੪,੧੬,੧੮,੧੯
ਜਾਦੋ, ੧੧, ੧੬, ੨੩
ਜਾਪੂ, ੨-੪
ਜੁਗਨ ਸਿੰਘ, ੭੦
ਜੇਠਮਲ, ੧੩, ੧੫, ੧੭, ੨੧-੨੪
ਜੈਤਾ, ੨, ੩
ਜੈ ਸਿੰਘ, ੨੨
ਜੈ ਰਾਮ, ੨

ਝਬਰ ਸਿੰਘ, ੧੩, ੧੭, ੨੧-੨੩

ਠਾਕੁਰ ਦਾਸ, ੭੮

ਡੇਡ ਮਲ, ੧੨, ੧੩, ੧੫, ੧੭, ੨੧-੨੪
ਡੇਡਾ, ੨

ਤਲੋਕਾ, ੪੩
ਤਾਰਾ ਚੰਦ, ੨

ਥਿਰਾਜ ਸਿੰਘ, ੬੨

ਦੁਆਰਕਾ ਦਾਸ, ੨, ੧੫, ੧੮
ਦਇਆ ਸਿੰਘ, ੭੨
ਦਇਆ ਰਾਮ, ੭੧
ਦਖਨੀ ਰਾਇ, ੪੭
ਦਰਗਹ ਕੇਸੁ, ੨
ਦਰਗਹ ਮਲ, ੨
ਦਰਬਾਰੀ, ੧੨, ੧੩, ੧੫, ੧੭.
੨੧-੨੪
ਦਰੀਆ, ੧੩, ੧੭
ਦਲਪਤ ਦਾਸ, ੧੧, ੧੩, ੧੪, ੧੭,
੧੯, ੨੧, ੨੨
ਦਾਸੂ ਸਿੰਘ, ੭੨
ਦਾਨ ਸਿੰਘ, ੬੬, ੮੦
ਦਾਨੀ ਰਾਇ, ੩੭, ੪੦
ਦਿਆਲ ਸਿੰਘ, ੮੬
ਦਿਆਲ ਚੱਢਾ, ੨
ਦਿਆਲ ਦਾਸ, ੧੧-੧੩, ੧੬, ੧੭,
੧੯, ੨੧-੨੪, ੪੦
ਦਿਆਲਾ, ੨, ੩
ਦਿਦਾਰ ਸਿੰਘ, ਪੁਜਾਰੀ ਮਹੰਤ, ੮੭
ਦੀਨਾ ਨਾਥ, ੧੩, ੧੭, ੨੧
ਦੁਰਗਦਾਸ, ੧੧
ਦੀਨ ਦਿਆਲ, ੨੧, ੨੩
ਦੂਨਾ, ੭੪, ੭੬
ਦੁਨੀ ਚੰਦ, ੭੧
ਦੇਸ ਰਾਜ, ੪੭
ਦੇਬੀ ਦਾਸ, ੬੮

ਦੇਵਾ ਸਿੰਘ, ੭੦, ੮੦
ਦੇਵੀ ਸਿੰਘ, ੭੭
ਦੋਧ ਸਿੰਘ, ੭੨

ਧਰਮ ਸਿੰਘ, ੬੨, ੬੬
ਧਰਮ ਚੰਦ, ੪੦, ੫੫
ਧਰਮਾਰਥੀ, ਮਲ ੨

ਨਥਾ, ੨
ਨਾਇਕ, ੩੧
ਨਾਨਾ, ੨
ਨਿਹਚਲ, ੬
ਨਿਹਾਲ, ੨
ਨੂਪੀ, ਬੇਬੇ, ੮੦
ਨੈਨ ਸੁਖ, ੨੧-੨੩
ਨੰਦ ਕੁਆਰ, ੧੩, ੧੫, ੧੭, ੨੧-੨੩
ਨੰਦ ਸਿੰਘ, ੬੯
ਨੰਦਰੂਪ ਸਿੰਘ, ੬੮-੭੦, ੮੦
ਨੰਦਨ, ੨੨
ਨੰਦ ਲਾਲ, ੨੨, ੨੩

ਪਹਲਾਦ ਦਾਸੁ, ੧੩, ੧੫, ੧੭, ੨੧-੨੩
ਪਖਰੀਏ, ੨
ਪਰਸਰਾਮ, ੨੧, ੨੨
ਪਰਸਾ, ੬੦
ਪਰਮ ਸਿੰਘ, ੬੬
ਪਰਾਨ ਸਿੰਘ, ੭੦, ੮੦
ਪਰਾਨ ਨਾਥ, ੧੩, ੧੭, ੨੧-੨੩
ਪਰੀਤਮ ਦਾਸੁ, ੧੩, ੧੫, ੧੭, ੨੨, ੪੦
ਪਰੇਮ ਚੰਦ, ੭੨
ਪਾਤੀ ਰਾਮ, ੪੦
ਪਾਲਾ, ੨੧, ੭੩
ਪੇੜੀ ਬਾਈ, ੧੩, ੧੫, ੧੭, ੨੧-੨੩
ਪੰਜਾਬ ਸਿੰਘ, ੬੮-੭੦, ੭੯

ਫਤਹ ਚੰਦ, ੨੧, ੭੧
ਫਤੂ ਸਿੰਘ, ੭੨
ਫਾਗੂ ਸ਼ਾਹ, ੧੪, ੧੬
ਫਿਰੰਦਾ, ੨
ਫੇਰੂ, ੧੭, ੨੧-੨੩

ਬਸੰਤ ਰਾਇ, ੨੨
ਬਕਸਿ ਸਿੰਘ, ੭੦
ਬਕਸੀ ਸਿੰਘ, ੮੦
ਬਕਸੀ ਮਲ, ੭੧
ਬਖਸੀ, ੨੨
ਬਖਸੀ ਸਿੰਘ, ੨੨
ਬਖਸੀਸ ਚੰਦ, ੩੫, ੩੭, ੪੦
ਬਖਤਾ, ੭੪
ਬਖਤਾਵਰੀ ਸਿੰਘ, ੭੨
ਬਠਾ, ਭਾਈ, ੬, ੮, ੨੫-੨੮
ਬਦਲੀ ਸਿੰਘ, ੮੦
ਬਨਵਾਲੀ, ੨
ਬਨਾਰਸੀ, ੨
ਬਵਲੀ ਸਿੰਘ, ੬੮
ਬਲਾਕਾ ਸਿੰਘ, ੬੮
ਬਲਾਕੀ ਦਾਸ, ੩੭, ੪੦
ਬਲੀ ਰਾਮ, ੨੨
ਬਾਘਾ, ੩੦
ਬਾਘ ਰਾਇ, ੭੧
ਬਾਜ ਸਿੰਘ, ੬੨
ਬਾਬੂ ਮਨੀ, ੧੬
ਬਾਬੂ ਰਾਇ, ੧੧, ੧੪, ੧੮, ੧੯, ੩੭, ੭੧

ਬਾਲਾ, ੨, ੨੨
ਬਾਲ ਸਿੰਘ, ੬੮
ਬਾਲ ਕਿਸਨ, ੧੪, ੧੬, ੧੮
ਬਾਲ ਗੋਬਿੰਦ, ੧੩, ੧੭, ੨੧-੨੩
ਬਾਲ ਚੰਦ, ੨੦
ਬਿਹਾਰੀ, ੨, ੪੦
ਬਿਗਹਾ ਮਲ, ੭੬
ਬਿੰਦਰਾਬਨ, ੧੩, ੧੭, ੨੧, ੨੩, ੩੭, ੪੦, ੫੭
ਬੀਰੂ ਸਿੰਘ, ੬੮
ਬੁਧ ਸਿੰਘ, ੭੦
ਬੁਧੂ ਸਿੰਘ, ੭੭, ੮੦
ਬੁਲਾਕੀ ਸਿੰਘ, ੬੨
ਬੈਜ ਨਾਥ, ੧੩, ੧੭, ੨੧, ੨੩
ਬੈਰਾੜ, ੬੩
ਬੋਹੜ ਮੱਲ, ੭੨
ਬੰਸੀ, ੧੩, ੧੫, ੧੭
ਬੰਸੀਧਰ, ੨੧, ੨੨

ਭਗਤਾ, ੨੧
ਭਗਵਾਨ, ੧੭
ਭਗਵਾਨ ਦਾਸ, ੧੩, ੨੧, ੨੨
ਭਗਵੰਤ ਸਿੰਘ, ੬੮, ੬੯
ਭਾਗ, ੨੨, ੨੩
ਭਾਗ ਸਿੰਘ, ੬੮
ਭਾਗ ਮਲ, ੨੨
ਭਾਈ ਮਲ, ੭੧
ਭਾਰਾ ਸਿੰਘ, ੬੯, ੭੦, ੭੭, ੮੦
ਭਾਰਾ, ੧੩, ੧੭
ਭਿਖਾਰੀ ਦਾਸ, ੧੪, ੧੬, ੧੮, ੧੯
ਭੋਜ ਰਾਜ, ੧੭
ਭੋਜ ਰਾਇ, ੧੩, ੨੩
ਭੋਪਤ ਸਿੰਘ, ੭੩
ਭੋਤੀ ਸੇਨ, ੧੧, ੧੪, ੧੬, ੧੮

ਮਹਬੂਬ ਸਿੰਘ, ੮੬
ਮਹਾਨੰਦ ੧੧, ੧੪
ਮਹਾਰਾਜ, ੧੪, ੧੬
ਮਹੇਸ਼ ਦਾਸ, ੩੭
ਮਥਰਾ, ੨
ਮਨਸੁਖ, ੨੨
ਮਨੀ ਸਿੰਘ, ੭੩
ਮਨੀ ਰਾਮ, ੧੪
ਮਨੁ ਸਿੰਘ, ੮੦
ਮਨੋਹਰ, ੨
ਮੱਲਾ, ੩੦
ਮਲੂਕ ਦਾਸੀਆ, ੨੧, ੨੩
ਮਾਣ ਸਿੰਘ, ੮੪
ਮਾਣਕ ਸਿੰਘ, ੭੨
ਮਾਨ ਜੀ, ੧੪
ਮਾਨ ਸਿੰਘ, ੧੪, ੧੬, ੧੮, ੭੦, ੮੧, ੮੨, ੮੫
ਮਾਨਾ, ੧੬
ਮਿਹਰੂ ਸਿੰਘ, ੮੬
ਮਿਹਰ ਚੰਦ, ੧੩, ੧੫, ੧੭, ੨੧-੨੪, ੩੩, ੩੭, ੪੦, ੫੪, ੫੫
ਮਿਤਰ ਸੈਨ, ੨੧
ਮੁਹਕਮ ਸਿੰਘ, ੪੫
ਮੁਖੀਆ, ਮੇਵੜਾ, ੬੦
ਮੁਰਲੀ, ੧੫, ੧੭
ਮੁਰਲੀਧਰ, ੧੩, ੧੭, ੨੧-੨੩
ਮੁਰਲੀਧਰ ਬਖਸ਼ੀ, ੨੨
ਮੂਲਾ, ੨੩
ਮੋਹਨ ਦਾਸ, ੨, ੧੩, ੧੫, ੧੭, ੨੧-੨੩

ਰਘੂ ਨਾਥ, ੧੧, ੨੧
ਰਘੂ ਨਾਥ ਦਾਸ, ੨੨
ਰਾਉ, ੨
ਰਾਘੋ ਦਾਸ, ੧੩, ੧੫, ੧੭, ੨੧, ੨੩
ਰਾਜਾ ਸਿੰਘ, ੬੯, ੭੦, ੭੭, ੮੦
ਰਾਮਜੀ ਸਿੰਘ, ੮੦
ਰਾਮ ਚੰਦ, ੧੩, ੨੨
ਰਾਮਾ, ੪੩, ੭੪, ੭੬
ਰਾਮ ਸਿੰਘ, ੭੦, ੭੨, ੮੦
ਰਾਮ ਸਿੰਘ ਦਰੋਗਾ, ੮੭
ਰਾਮ ਸਿੰਘ, ਮੇਵੜਾ, ੮੩
ਰਾਮਾ ਜਾਦੋ ਘਾਸੀ, ੧੧, ੧੬
ਰਾਮਦਾਸ, ੩੮
ਰਾਮਾ ਨੰਦ, ੧੪, ੧੭
ਰਾਮ ਰਾਉ, ੨
ਰਾਮਰਾਇ, ੨, ੧੨, ੧੩, ੧੫, ੧੭, ੧੯, ੨੧-੨੪, ੩੯
ਰੂਪ ਚੰਦ, ੭੧
ਰੂਪਨ, ੨੧
ਰੂਪ ਨਰਾਇਣ, ੧੬
ਰੰਗਾ, ੬

ਲਛੂਆ, ੨੨, ੨੩
ਲਧਾ, ੭੪
ਲਡਿ, ਦਾਈ, ੩੯
ਲਾਲ, ੨, ੭੩
ਲਾਲ ਦਾਸ, ੨
ਲਾਲ ਮੰਨ, ੧੩, ੧੭, ੨੧-੨੩, ੪੦
ਲਾਲ ਚੰਦ, ੩੭, ੩੮, ੪੦
ਲਾਲੂ, ਭਾਈ, ੨੦
ਲੀਲਾ ਸਿੰਘ, ੨੦

ਵੀਰੂ ਸਿੰਘ, ੮੦

ਅੰਤਿਕਾ-II

# ਹੁਕਮਨਾਮਿਆਂ ਵਿੱਚ ਆਏ ਕੁਝ ਕੁ ਔਖੇ ਸ਼ਬਦ

**(ਅੰਕ ਹੁਕਮਨਾਮਿਆਂ ਦੇ ਕ੍ਰਮ ਦੇ ਹਨ)**

ਅਲੂਫ਼ਾ (੧੦), ਰੋਜ਼ੀਨਾ, ਖ਼ਰਚਾ ਗੁਜ਼ਾਰਾ, ਵਜ਼ੀਫ਼ਾ, ਤਨਖ਼ਾਹ

ਇਕਦਾਸੀ, ਇੱਕੋ ਵਾਹਿਗੁਰੂ ਦੇ ਸੇਵਕ

ਇਕ ਮਜਤ, ਮੋਹਰੀ ਮੁਖੀਏ ਆਗੂ ਦੀ ਸਲਾਹ ਵਿਚ ਇਕ ਹੋ ਕੇ, ਇਕ ਸਲਾਹੀ

ਇਲਾਇਚਾ (੨), ਅਲਾਇਚਾ, ਲਾਚਾ, ਮੋਟੀ ਬੁਣਤੀ ਦੀ ਚਾਦਰ ਜਿਸ ਦੇ ਸਿਰਿਆਂ ਪਰ ਲਾਲ ਸੂਤਰ ਜਾਂ ਰੇਸ਼ਮ ਦੇ ਪੱਲੇ ਹੁੰਦੇ ਹਨ

ਸੇਹਤ ਖਾਨਾ, ਪਾਖਾਨੇ ਜਾਣ ਲਈ ਥਾਉਂ, ਟੱਟੀ ਲਈ ਪੜਦਾ, ਜੋ ਤੰਬੂ ਦੇ ਨਾਲ ਜ਼ਰਾ ਹਟਵਾਂ ਲਗਾਇਆ ਜਾਂਦਾ ਹੈ

ਕਲੰਦਰੀ (੨੩), ਤੰਬੂ ਦਾ ਪੜਦਾ, ਇਕ ਕਿਸਮ ਦਾ ਰੇਸ਼ਮੀ ਕਪੜਾ

ਕਾਮਨਾ, ਇੱਛਾ, ਮੰਗ, ਖ਼ਾਹਸ਼

ਕਾਰਵਾਰਲਾ, ਕਾਰਮੁਖ਼ਤਾਰ, ਗੁਮਾਸ਼ਤਾ, ਉਗਰਾਹੀਆ

ਖਸਮਾਨਾ, ੨, ੯, ੩੭, ਰਖਿਆ, ਬਚਾਉ, ਮਦਦ, ਸਹਾਇਤਾ, ਪੱਖ ਪੂਰਨਾ ਖਸਮਾ· ੧੫

ਗਾੜ੍ਹਾ (੨), ਮੋਟੀ ਪੀਡੀ ਬੁਣਤ ਦਾ ਖੱਡੀ ਦਾ ਮਜ਼ਬੂਤ ਕਪੜਾ

ਤੁਪਕ (੪੨), ਤੋਪ

ਧੁਖਧੁਖੀ (੬੩, ੬੪), ਧੁਕਧੁਕੀ, ਛਾਤੀ ਪਰ ਲਟਕਣ ਵਾਲੀ ਬਹੁਮੁੱਲੀ ਜੜਾਊ ਚੌਕੀ ਜੋ ਗਲ ਵਿਚ ਪਹਿਨੀ ਜਾਂਦੀ ਹੈ

ਪਹੁਤਾ (੨), ਪਹੁੰਚਿਆ, ਪੁਜ ਗਿਆ

ਪਾਉ ਘੜੀ (੧੨), ਘੜੀ ਦਾ ਚੌਥਾ ਹਿੱਸਾ, ਬਿਲਕੁਲ ਥੋੜਾ ਸਮਾਂ

ਬਾਸਨ, ਭਾਂਡਾ, ਬਰਤਨ, ਸੁਰਾਹੀ, ਜਲ-ਪਾਤਰ

ਬਾਸਲਾ (੨), ਬੋਰਾ

ਬਾਹੁੜੀ (੬), ਬਾਂਹ ਫੜਨਾ, ਪਹੁੰਚ ਕੇ ਸਹਾਇਤਾ ਕਰਨਾ, ਓਟ ਦੇਣਾ

ਬੁਲਗਾਰ, ਬੁਲਗਾਰੀ (੪੧), ਖੁਸ਼ਬੂਦਾਰ ਕਮਾਇਆ ਹੋਇਆ ਚਮੜਾ, ਰੂਸੀ ਚਮੜਾ

ਬੋਇਦਾਰ (੪੧), ਖ਼ੁਸ਼ਬੂਦਾਰ

ਮਜਿਤ (੨), ਮਜਦ, ਵਡਿੱਕਾ, ਆਗੂ, ਮੋਹਰੀ, ਮੁਖੀਆ, ਵੱਡੇ ਦੀ ਸਲਾਹ, ਆਗਿਆ

ਮੁਜਰਾ (੬), ਹਿਸਾਬ ਵਿਚ ਗਿਣ ਲੈਣਾ, ਬਦਲੇ ਦੇ ਦੇਣਾ

ਮਸੰਦ- ੧੪,

ਮੇਵੜਾ (੫੬), ਡਾਕੀਆ, ਜੋ ਸੁਨੇਹਾ, ਪਾਤੀ, ਚਿੱਠੀ ਲੈ ਕੇ ਦੌੜ ਕੇ ਪਹੁੰਚਾਵੇ
ਮੁਕੈਸ਼ੀ (੪੦), ਚਾਂਦੀ ਦੀ ਤਾਰ ਨਾਲ ਕਢਿਆ ਹੋਇਆ
ਮੁੰਜਹ (੪), ਵਲੋਂ, ਤਰਫੋਂ, ਪਾਸਿਓਂ।
ਰਾਵਟੀ (੨੩), ਰਾਉਟੀ, ਰਾਉਂਟੀ, ਅਟਾਰੀ, ਅਟਾਲਿਟਾ, ਮਮਟੀ, ਤੰਬੂ ਦੇ ਧੁਰ ਉਪਰ ਦਾ ਦੋਹਰਾ ਕਪੜਾ
ਲੋਚ ਕੇ (੧੧), ਟੋਲ ਕੇ, ਤਲਾਸ਼ ਕਰ ਕੇ, ਇੱਛਾ ਕਰ ਕੇ, ਢੂੰਡ ਭਾਲ ਕੇ, ਖੋਜ ਕਰ ਕੇ
ਵਾਸਨ, ਬਾਸਨ, ਭਾਂਡਾ, ਬਰਤਨ, ਸੁਰਾਹੀ, ਜਲ-ਪਾਤਰ

क १९०० ਵਿਚ

ਫ਼ ਸ
२
३

ਤੁ - पंतु (पृष्ठ म:९) ਵ १६७० , जितु (१५ म:९), ਅਤੁਰ (१५) ਵ ਕ੍ਰਿਤੁ (५०) ਵੁ ६४

गुरमुखी अखर (भाग्य मतागड)

ਓ - ਤੁ, ਤੁ (८ किया) ਰਮਿ, ਰਮਿ (२५ मि:)

ਅ - दिआला (१२ म:९)

ਅ - अगिआ (८ लि:)

ਤ - ਡਜ਼ੁਰ (६१)

ਖ - खड़ी (१२ म:९) गखिदाम, मिंघ (१३ म:९), खामी (१६ म:९)

ਘ - घाघ (३० लि:) घालि (५५)

ਜ

ਝ - ਗੁਝਜੇ (६५) ਗੁਝਜਾ (५५) ਗੁਝਜੈ (७९)

ਃ मंगति (६) (८ लि:) मंगति (३० लि:) मंगउ, धीदुरी (४४ लिखारी) मिंघ (४ लि:

ਕ ਪੰਜ (५६) मीमउ (५६)

ਹ - ह्-एक्की ਹ (म:६), ਹ (बा.गु.) पहुएहः (१२ म:९) ਏਤੇ (६१)

ਚ - लेखु (२९ लि:) चेग (३० लिखा)

ਲ - टेल (म:६)

ਤੈਨਿ (३०) (लि:) ਤਨਿ (३१ मा:) ਰਨਿ (६४) ਤੈਨ (७३)

ਨੁ - दिमोटेनु (५०) मनीदनु,

ਨੇ - मनीदनो,

ਖ - मीखा (६५) (७३) मिंखु (६६) मिख (७८)

ਧ - वडिडी (६९) वैडा (७१) दमैध (७२) (८२) (६९) (७९), वैडी - ८२,

ਇਕੁ ਸਉ ਇਕੁ ੧੦੧ (੧੫੬) ਗੁਰੂ ਗੁਰੂ ਜਪਣਾ

ਦਉਨ੍ਹਾ ੭੦

ਅਉਗ ੭੬

ਮੁਖਦੇਉ ੭੮

ਜਗਦੇਉ ੮੦

ਮੁਉਗ ੮੨

ਮੁਉਗੋ ੮੪ ੯੦

ਏਕਸਉ ੮੪

ਮੁਖਦੇਉ ੮੮

ਉਪਾਇ ੮੮

ਫ਼ਿਆ ੯੪

ਸਉ ੯੪

ਜੀਉ ੯੬

ਅਠਿ ੧੫੬